# ਵਰਿਆਮ

ਸਾਲ ਚੌਵੀਵਾਂ

ਅਗਸਤ ੧੯੯੯



ਸਟੇਟ ਪੀਪਲਜ਼ ਕਾਨਫਰੰਸ ਲੁਧਿਆਣਾ (੧੯੩੯ ਈ:) ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਸ੍ਰੀ ਭੈਣੀ ਸਾਹਿਬ ਤੋਂ ਆਏ ਘੋੜਿਆਂ ਤੇ ਸਵਾਰ ਹੋ ਕੇ ਜਲੂਸ ਦੀ ਅਗਵਾਈ ਕਰਦੇ ਹੋਏ।

Sri Satguru Jagjit Singh Ji eLibrary NamdhariElibrary@gmail.com

*Our Motto : Best Quality of the Day*

*High Class Gun Manufacturers*

**Single & Double Barrels**



**12-Bore GUNS**

**Free India Gun Manufacturers**

Prop. S. KARTAR SINGH (Jammu-Wale)

6, Industrial Estate, Ashok Nagar,
JAMMU CANTT-3
Ph. : 433810

*Sister Concern :*

M/S. KARTAR SINGH
ARMS & AMMUNITION DEALERS

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਅਗਸਤ ੧੯੯੯ ਜਿਲਦ-੨੪ ਅੰਕ ੧੦

## ਤਤਕਰਾ


ਸੰਪਾਦਕੀ ਦੀ ਥਾਂ 'ਤੇ ---------- ੩

ਕਾਰਗਿਲ ਦੀ ਜੰਗ-*ਸਤਨਾਮ ਚਾਨਾ* ---------- ੪

ਗਜ਼ਲ-*ਅਮਰਜੀਤ ਸਿੰਘ ਸੰਧੂ, ਮਹਿਮਾ ਸਿੰਘ*

ਕਵਿਤਾ, *ਸੁਰਿੰਦਰ ਗਿੱਲ* ---------- ੭

ਧਰਮ ਦੇ ਸਾਏ ਵਿਚ ਅਧਰਮ-*ਗੁਰਬਚਨ ਸਿੰਘ ਨਾਮਧਾਰੀ* ---------- ੯

ਦੇਸ਼ ਦੀ ਆਜ਼ਾਦੀ ਵਿਚ ਨਾਮਧਾਰੀਆਂ ਦੇ ਯੋਗਦਾਨ-*ਜਗਦੀਸ਼ ਸਿੰਘ* ---------- ੧੧

ਸਫ਼ਰੀ ਦੇ ਬੈਂਤ ---------- ੧੭

ਵਰਿਆਮ ਸਿੰਘ ਸੰਧੂ ਦੀ ਚੌਥੀ ਕੂਟ-*ਜਗਦੀਸ਼ ਸਿੰਘ* ---------- ੧੯

ਚੌਥੀ ਕੂਟ (ਕਹਾਣੀ) *ਵਰਿਆਮ ਸਿੰਘ ਸੰਧੂ* ---------- ੨੦

ਕਹਾਣੀ ਦੀ ਮਿਥ ਸਿਰਜਣ-*ਜਸਵੰਤ ਸਿੰਘ ਵਿਰਦੀ* ---------- ੨੯

ਪੱਛਮੀ ਪੰਜਾਬ ਵਿਚ ਕੁਝ ਦਿਨ-*ਸੁਵਰਨ ਸਿੰਘ ਵਿਰਕ* ---------- ੩੪

ਨਿਰੰਜਣ ਸਿੰਘ ਨੂਰ ਨੂੰ ਯਾਦ ਕਰਦਿਆਂ-*ਡਾ. ਡੀ. ਬੀ. ਰਾਏ* ---------- ੪੦

ਜਾਣੇ ਅਨਜਾਣੇ ਸਫ਼ਰ-*ਸੁਪਨਦੀਪ ਸੰਧੂ* ---------- ੪੨

ਖ਼ਬਰਨਾਮਾ ---------- ੪੫


## ਵਰਿਆਮ ਦੇ ਦਰ


| | |
|---|---|
| ਇਹ ਅੰਕ | ੧੦-੦੦ ਰੁਪਏ |
| ਸਾਲਾਨਾ ਚੰਦਾ | ੧੦੦-੦੦ ਰੁਪਏ |
| ਤਿੰਨ ਸਾਲ ਵਾਸਤੇ | ੨੫੦-੦੦ ਰੁਪਏ |
| ਪੰਜ ਸਾਲ ਵਾਸਤੇ | ੪੦੦-੦੦ ਰੁਪਏ |
| ਜੀਵਨ ਮੈਂਬਰ | ੧੦੦੦-੦੦ ਰੁਪਏ |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

| | |
|---|---|
| ਦਫਤਰ ਦਾ ਪਤਾ: | Office Address : |
| ਮਾਸਿਕ ਵਰਿਆਮ | Monthly WARIAM (Punjabi) |
| ਲਾਡੋਵਾਲੀ ਰੋਡ | Ladowali Road. |
| ਸਾਹਮਣੇ ਸੈਂਟਰਲ ਟਾਊਨ | Opp. Central Town, |
| ਜਲੰਧਰ- ੧੪੪੦੦੧ | Jalandhar-144001 |
| ਫੋਨ-ਦਫਤਰ : ੨੨੨੫੪੩ | Ph. : 222543 (O) |
| ਘਰ : ੫੬੨੮੯ | 56289 (R) |


## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## FIRST INDIAN

"(Guru) Ram Singh, Sikh Philospher and reformer and the first Indian to use non cooperation and boycott of the British merchandise and services as a political weapon"

Encyclopaedia Britanica
Vol. 8 Page 142

"(ਗੁਰੂ) ਰਾਮ ਸਿੰਘ ਸਿਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ੀ ਵਪਾਰੀ ਮਾਲ ਤੇ ਨੌਕਰੀਆਂ ਪ੍ਰਤੀ ਨਾ-ਮਿਲਵਰਤਣ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਹੈ"

ਇਨਸਾਈਨਲੋਪੀਡੀਆ ਬਰਿਟੈਨਿਕਾ
ਜਿਲਦ ੮- ਪੰਨਾ ੧੪੨


੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SAGGU

IRON INDUSTRIES

ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Boards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner: S. Puran Singh Saggu
S. Narinder Singh Saggu

Old Railway Road, Jalandhar.

Phone : 58795, 59056

Mobile Phone 9814028099




Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਸੰਪਾਦਕੀ ਦੀ ਥਾਂ ਤੇ

# ਅਜੇ ਬਾਲ ਨਾ ਬਨੇਰਿਆਂ ਤੇ ਮੋਮਬੱਤੀਆਂ

ਇਸ ਵਾਰ ਵਾਹਗਾ ਸਰਹੱਦ ਤੇ ੧੪-੧੫ ਅਗਸਤ ਦੀ ਰਾਤ ਨੂੰ ਮੋਮਬੱਤੀਆਂ ਨਹੀਂ ਜਗਣਗੀਆਂ। ਖਬਰ ਹੈ ਕਿ ਇਸ ਮੰਤਵ ਦਾ ਐਲਾਨ ਸ੍ਰੀ ਕੁਲਦੀਪ ਨਯੀਅਰ ਜੀ ਨੇ ਕੀਤਾ ਹੈ। ਪ੍ਰਸਿੱਧ ਪੱਤਰਕਾਰ ਅਤੇ ਰਾਜ ਸਭਾ ਮੈਂਬਰ ਨਯੀਅਰ ਸਾਹਿਬ ਹਿੰਦ-ਪਾਕ ਦੋਸਤੀ ਸੰਸਥਾ ਦੇ ਵੀ ਮੁਖੀ ਹਨ। ਉਹਨਾਂ ਦੀ ਅਗਵਾਈ ਵਿਚ ਪਿਛਲੇ ਕੁਝ ਸਾਲਾਂ ਤੋਂ ਲੇਖਕ, ਪੱਤਰਕਾਰ, ਬੁਧੀਜੀਵੀ ਅਤੇ ਹਿੰਦੁਸਤਾਨ ਪਾਕਿਸਤਾਨ ਦੀ ਦੋਸਤੀ ਚਾਹੁਣ ਵਾਲੇ ਲੋਕ ਵਾਹਗਾ ਲਾਈਨ ਤੇ ਇਕੱਤਰ ਹੋ ਕੇ ਦੋਸਤੀ ਦੇ ਪੈਗ਼ਾਮ ਵਜੋਂ ਰਾਤ ਨੂੰ ਮੋਮਬੱਤੀਆਂ ਬਾਲ ਕੇ ਸਦਭਾਵਨਾ ਦਾ ਸੰਦੇਸ਼ ਦਿੰਦੇ ਆ ਰਹੇ ਹਨ।

ਬਵਿੰਜਾ ਸਾਲ ਹੋ ਗਏ ਹਨ ਭਾਰਤ ਨੂੰ ਆਜ਼ਾਦ ਹੋਇਆਂ, ਜਾਂ ਕਹਿ ਲਈਏ ਕਿ ਆਜ਼ਾਦ ਭਾਰਤ ਅਤੇ ਪਾਕਿਸਤਾਨ ਨੂੰ ਵਜੂਦ ਵਿਚ ਆਇਆਂ। ਇਹ ਆਜ਼ਾਦੀ ੧੫ ਅਗਸਤ ੧੯੪੭ ਨੂੰ ਮਿਲੀ ਅਤੇ ਲੰਮੀ ਜਦੋ-ਜਹਿਦ ਅਤੇ ਕੁਰਬਾਨੀਆਂ ਬਾਦ ਮਿਲੀ। ਪਰ ਪੰਜਾਬ ਵਿਚ ਇਹ ਭਿਆਨਕ ਘਲੂਘਾਰਾ ਲੈ ਕੇ ਆਈ। ਲੱਖਾਂ ਲੋਕ, ਹਿੰਦੂ-ਸਿੱਖ, ਮੁਸਲਮਾਨ ਇਸਦੀ ਬਲੀ ਚੜ੍ਹ ਗਏ। ਪਿਛਲੇ ਬਵਿੰਜਾ ਸਾਲ ਭਾਰਤ ਅਤੇ ਪਾਕਿਸਤਾਨ ਦੇ ਸੰਬੰਧ ਸੁਧਰੇ ਘੱਟ ਤੇ ਵਿਗੜੇ ਜ਼ਿਆਦਾ ਰਹੇ ਹਨ। ਸੰਨ ੧੯੪੭ ਵਿਚ ਵੀ ਤੇ ਬਾਅਦ ਵਿਚ ਵੀ ਭਾਰਤ ਪਾਕ ਵਿਚ ਵਗਦੀਆਂ ਤੱਤੀਆਂ ਹਵਾਵਾਂ ਦਾ ਸੇਕ ਪੰਜਾਬ ਨੂੰ ਬਹੁਤਾ ਝਲਨਾ ਪਿਆ ਹੈ। ਭਾਵੇਂ ਪੰਜਾਬ ਵਿਚਲੀ ਪਿਛਲੇਰੇ ਸਾਲਾਂ ਦੀ ਤ੍ਰਾਸਦੀ ਹੋਵੇ ਭਾਵੇਂ ਕਸ਼ਮੀਰ ਵਿਚ ਹੋਇਆ ਭਾਰੀ ਖੂਨ ਖਰਾਬਾ ਇਸ ਦਾ ਕਾਰਨ ਭਾਰਤ ਪਾਕ ਦੇ ਵਿਗੜੇ ਸੰਬੰਧ ਹੀ ਹਨ। ਭਾਰਤ ਪਾਕ ਦੀ ਦੋਸਤੀ ਹੀ ਸਭ ਮਸਲਿਆਂ ਦਾ ਹੱਲ ਅਤੇ ਇਸ ਖਿੱਤੇ ਦੀ ਖੁਸ਼ਹਾਲੀ ਦੀ ਜ਼ਾਮਨ ਹੋ ਸਕਦੀ ਹੈ।

ਸਮੇਂ ਸਮੇਂ ਸਹੀ ਸੋਚ ਵਾਲੇ ਬੰਦਿਆਂ ਨੇ ਇਸ ਪਾਸੇ ਵੱਲ ਧਿਆਨ ਵੀ ਦਿੱਤਾ ਪਰ ਕੁਝ ਤਾਂ "ਚਿੜੀਓ ਮਰ ਜਾਵੇ, ਚਿੜੀਓ ਜੀਅ ਪਵੇ' ਦੇ ਅਧਿਕਾਰ ਵਾਲੀਆਂ ਬਾਹਰਲੀਆਂ ਤਾਕਤਾਂ ਅਤੇ ਕੁਝ ਜ਼ਾਤੀ ਮੁਫਾਦ ਨੂੰ ਦੇਸ਼ ਤੋਂ ਉਪਰ ਸਮਝਣ ਵਾਲੇ ਜਨੂੰਨੀ ਅਨਸਰਾਂ ਨੇ ਪੇਸ਼ ਨਹੀਂ ਜਾਣ ਦਿੱਤੀ। ਪਿਛਲੇ ਕੁਝ ਸਮੇਂ ਤੋਂ ਅਮਨ ਦੀ ਪੌਣ ਰੁਮਕਣ ਜ਼ਰੂਰ ਲੱਗੀ ਸੀ ਪਰ ਐਟਮ ਬੰਬਾਂ ਦੇ ਧਮਾਕੇ ਤੇ ਮਿਜ਼ਾਇਲਾਂ ਦੀਆਂ ਸ਼ੂਟਾਂ ਨੇ ਪ੍ਰਧਾਨ ਮੰਤਰੀ ਵਾਜਪਾਈ ਦੀ ਲਾਹੌਰ ਜਾਣ ਵਾਲੀ ਬਸ ਨੂੰ ਵੀ ਕਾਰਗਿਲ ਪਹੁੰਚਾ ਦਿੱਤਾ। ਅਮਨ ਦੀਆਂ ਆਸਾਂ ਦੇ ਉਲਟ ਪਿਛਲੇ ੫੨ ਸਾਲਾਂ ਵਿਚ ਸਭ ਤੋਂ ਭਿਆਨਕ ਯੁੱਧ ਲੜਿਆ ਗਿਆ। ੭੪ ਦਿਨ ਕਸ਼ਮੀਰ ਦੀਆਂ ਪਹਾੜੀਆਂ ਦੀ ਬਰਫ਼ ਨੂੰ ਅੱਗ ਲੱਗੀ ਰਹੀ। ੧੫੦ ਕਿਲੋਮੀਟਰ ਲੰਮਾ ਯੁੱਧ ਖੇਤਰ ਸੀ। ਪਾਕਿਸਤਾਨ ਦੀ ਰੈਗੂਲਰ ਫੌਜ ਤੋਂ ਇਲਾਵਾ ਅਨੁਮਾਨਤ ੧੫੦੦ ਘੁਸਪੈਠੀਏ ਅਤੇ ਭਾਰਤੀ ਸੈਨਾ ਦੇ ੨੦,੦੦੦ ਜਵਾਨ ਰੁਝੇ ਰਹੇ। ਚਾਰ ਸੌ ਤੋਂ ਵੱਧ ਕੀਮਤੀ ਜਾਨਾਂ ਭਾਰਤ ਵਲੋਂ ਲੇਖੇ ਲੱਗੀਆਂ ਅਤੇ ਪਾਕਿਸਤਾਨ ਦੇ ਵੀ ਅਨੁਮਾਨਤ ਅੱਠ ਕੁ ਸੌ ਬੰਦੇ ਮਰ ਗਏ। ਇਸ ਵੇਲੇ ਦੋਹਾਂ ਮੁਲਕਾਂ ਵਿਚ ਇਸ ਜੰਗ ਨੂੰ ਲੈ ਕੇ ਜੋਸ਼ ਜਾਂ ਰੋਹ ਹੈ। ਭਾਰਤੀ ਨੇਤਾਵਾਂ ਨੇ ਤਸੱਲੀ ਪ੍ਰਗਟਾਈ ਹੈ ਕਿ ਵਿਜੇ ਅਭਿਆਨ ਸਫਲ ਹੋਇਆ ਹੈ। ਭਾਰਤੀ ਫੌਜ ਇਕ ਮੁੱਠ ਹੋ ਕੇ ਲੜੀ ਅਤੇ ਉਹਦੀ ਬਹਾਦਰੀ ਨੇ ਕਮਾਲ ਕਰ ਦਿਤਾ ਜਿਸਦੀ ਪ੍ਰਸੰਸਾ ਦੁਨੀਆ ਭਰ ਵਿਚ ਹੋਈ ਹੈ। ਇਕ ਅਥਾਹ ਜੋਸ਼ ਇਸ ਜਿਤ ਨੂੰ ਲੈ ਕੇ ਹੈ। ਪਰ ਇਸ ਦੇ ਬਾਵਜੂਦ ਇਹ ਵੀ ਹਕੀਕਤ ਹੈ ਕਿ ਇਹ ਯੁਧ ਭਾਰਤੀ ਸੀਮਾ ਦੇ ਅੰਦਰ ਲੜਿਆ ਗਿਆ ਅਤੇ ਗੋਲਾਬਾਰੀ ਅਜੇ ਵੀ ਜਾਰੀ ਹੈ।

ਦੂਸਰੇ ਪਾਸੇ ਪਾਕਿਸਤਾਨ ਨੇ ਆਪਣੇ ਦੇਸ਼ ਦੇ ਅੰਦਰ ਅਤੇ ਬਾਹਰੀ ਦੁਨੀਆ ਵਿਚ ਮਕਾਲਖ ਹੀ ਖੱਟੀ ਹੈ ਅਤੇ ਅਮਰੀਕਾ ਨਾਲ ਸਮਝੌਤੇ ਦੇ ਬਹਾਨੇ ਵਾਪਸ ਜਾਣ ਲਈ ਮਜਬੂਰ ਹੋਇਆ। ਇਸ ਤਰ੍ਹਾਂ ਦੋ ਮੁਲਕ ਖੂੰਖਾਰ ਜੰਗ ਦੇ ਬਾਦ ਪਹਿਲੀ ਵਾਲੀ ਪੁਜ਼ੀਸ਼ਨ ਕੰਟਰੋਲ ਰੇਖਾ ਤੇ ਹੀ ਬੈਠੇ ਹਨ। ਨਾ ਕਿਸੇ ਨੂੰ ਹੋਰ ਇਲਾਕਾ ਮਿਲਿਆ ਨਾ ਜੰਗੀ ਜੁਰਮਾਨਾ ਜਾਂ ਕੁਝ ਹੋਰ। ਪਾਕਿਸਤਾਨੀ ਹਾਕਮਾਂ ਜਿਹੜੀ ਮੂਰਖਤਾਈ ਅੱਜ ਕੀਤੀ ਹੈ ਉਹ ਕਲ ਵੀ ਕਰ ਸਕਦੇ ਹਨ। ਆਖਰਕਾਰ ਪਰਮਾਣੂ ਬੰਬ ਉਹਨਾਂ ਕੋਲ ਹੈ ਜੋ ਟਿਕਣ ਨਹੀਂ ਦੇਵੇਗਾ।

ਹਾਲਾਤ ਅਜੇ ਵੀ ਬਹੁਤ ਤਣਾਓ ਪੂਰਨ ਹਨ ਅਤੇ ਦੋਸਤੀ ਦੀਆਂ ਗੱਲਾਂ ਫਿਲਹਾਲ ਅਪਰਸੰਗਿਕ ਹਨ।

ਇਸ ਵਾਸਤੇ ਦੋਸਤੀ ਦੀਆਂ ਮੋਮਬੱਤੀਆਂ ਭਾਵੇਂ ਕਿੰਨਾ ਵੀ ਚਾਨਣ ਦੇਣ, ਬਾਲਣ ਵਾਸਤੇ ਹਵਾ ਸਾਜ਼ਗਾਰ ਨਹੀਂ। ਸਵਰਗੀ ਕਵੀ ਤਾਰਾ ਸਿੰਘ ਨੇ 'ਮੋਮਬੱਤੀਆਂ' ਸਿਰਲੇਖ ਹੇਠ ਕਵਿਤਾ ਲਿਖੀ ਸੀ। ਉਹ ਅੱਜ ਵੀ ਸਾਰਥਕ ਹੈ। ਉਸ ਦੀਆਂ ਅੰਤਲੀਆਂ ਲਾਈਨਾਂ ਸਨ—

*ਅਜੇ ਬਾਲ ਨਾ ਬਨੇਰਿਆਂ ਤੇ ਮੋਮਬੱਤੀਆਂ*
*ਲੰਘ ਜਾਣ ਦੇ ਬਜ਼ਾਰ 'ਚੋਂ ਹਵਾਵਾਂ ਤੱਤੀਆਂ*

ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਮੋਮਬੱਤੀਆਂ

ਕਾਹਨੂੰ ਬਾਲਦੈਂ ਬਨੇਰਿਆਂ 'ਤੇ ਮੋਮਬੱਤੀਆਂ
ਲੰਘ ਜਾਣ ਦੇ ਬਜ਼ਾਰ 'ਚੋਂ ਹਵਾਵਾਂ ਤੱਤੀਆਂ

ਬੂਹੇ ਉਤੇ ਸ਼ਰਮਿੰਦਗੀ ਦੇ ਦਾਗ਼ ਰਹਿਣ ਦੇ
ਬਦਨਾਮ ਰਾਜਨੀਤੀ ਦੇ ਸੁਰਾਗ਼ ਰਹਿਣ ਦੇ
ਆਉਣ ਵਾਲਿਆਂ ਨੇ ਅੱਜ ਦਾ ਕਸੂਰ ਲਭਣਾ
ਇਹਨਾਂ ਘਰਾਂ ਵਿਚ ਬੁਝੇ ਹੋਏ ਚਰਾਗ਼ ਰਹਿਣ ਦੇ
ਕਿਥੇ ਜਾਏਂਗਾ? ਦਿਸ਼ਾਵਾਂ ਸਭ ਲਹੂ-ਰੱਤੀਆਂ
ਕਾਹਨੂੰ ਬਾਲਦੈਂ ਬਨੇਰਿਆਂ 'ਤੇ ਮੋਮਬੱਤੀਆਂ

ਸੁੱਚੀ ਰੱਤ ਨਾਲ ਪੋਚੀ ਹੋਈ ਥਾਂ ਰਹਿਣ ਦੇ
ਇਹਨਾਂ ਕੰਧਾਂ ਉਤੇ ਉੱਕਰੇ ਹੋਏ ਨਾਂ ਰਹਿਣ ਦੇ
ਕੁਝ ਬੇਕਸੂਰ ਚੀਕਾਂ ਵਾਲੇ ਖੇਤ ਰਹਿਣ ਦੇ
ਕੁਝ ਸਾਜ਼ਸ਼ਾਂ ਦੇ ਮਾਰੇ ਹੋਏ ਗਿਰਾਂ ਰਹਿਣ ਦੇ
ਐਵੇਂ ਭਾਲ ਨਾ ਖਿਜ਼ਾਵਾਂ ਵਿਚ ਫੁੱਲ ਪੱਤੀਆਂ
ਕਾਹਨੂੰ ਬਾਲਦੈਂ ਬਨੇਰਿਆਂ 'ਤੇ ਮੋਮਬੱਤੀਆਂ

ਸੂਹਾ ਬੂਰ ਤਲਵਾਰਾਂ ਉਤੋਂ ਝੜ ਲੈਣ ਦੇ
ਗੁੱਸਾ ਥੋਥਿਆਂ ਵਿਚਾਰਾਂ ਉਤੋਂ ਝਾੜ ਲੈਣ ਦੇ
ਜਿਹੜੇ ਘਰਾਂ ਉਤੇ ਲਹੂ ਦੇ ਨਿਸ਼ਾਨ ਲਿਖੇ ਨੇ
ਉਹ ਨਿਸ਼ਾਨ ਵੀ ਦੀਵਾਰਾਂ ਉਤੋਂ ਝੜ ਲੈਣ ਦੇ
ਕਾਲੀ ਰੁੱਤ ਨੇ ਸੁਗੰਧਾਂ ਕੁਲ ਸਾੜ ਘੱਤੀਆਂ
ਕਾਹਨੂੰ ਬਾਲਦੈਂ ਬਨੇਰਿਆਂ 'ਤੇ ਮੋਮਬੱਤੀਆਂ

ਜਦੋਂ ਗੱਲ ਤੇ ਦਲੀਲ ਬਲਵਾਨ ਨਾ ਰਹੇ
ਉਦੋਂ ਤੇਗ ਤਲਵਾਰ ਵੀ ਮਿਆਨ ਨਾ ਰਹੇ
ਐਸੀ ਵਗੀ ਏ ਹਵਾ, ਅਸੀਂ ਅੱਖੀਂ ਦੇਖਿਆ
ਜਿੰਦ ਜਾਨ ਕਹਿਣ ਵਾਲੇ, ਜਿੰਦ ਜਾਨ ਨਾ ਰਹੇ
ਨਹੀਂ ਰੁਕੀਆਂ ਹਵਾਵਾਂ ਅਜੇ ਮਾਣ-ਮੱਤੀਆਂ
ਅਜੇ ਬਾਲ ਨਾ ਬਨੇਰਿਆਂ ਤੇ ਮੋਮਬੱਤੀਆਂ
ਲੰਘ ਜਾਣ ਦੇ ਬਜ਼ਾਰ 'ਚੋਂ ਹਵਾਵਾਂ ਤੱਤੀਆਂ।

ਤਾਰਾ ਸਿੰਘ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਕਾਰਗਿਲ ਦੀ ਜੰਗ

*—ਸਤਨਾਮ ਚਾਨਾ*

ਕਾਰਗਿਲ ਦੀ ਜੰਗ ਭਾਰਤ ਨੇ ਜਿੱਤ ਲਈ ਹੈ ਅਤੇ ਜੰਗ ਜਿੱਤਣਾ ਕਿਸੇ ਵੀ ਕੌਮ ਲਈ ਮਹਾਨ ਗੌਰਵ ਵਾਲਾ ਕਾਰਨਾਮਾ ਗਿਣਿਆ ਗਿਆ ਹੈ। ਇਸ ਨੂੰ ਅਸੀਂ ਕਾਰਗਿਲ ਦੀ ਜੰਗ ਇਸ ਕਰਕੇ ਕਹਿ ਰਹੇ ਹਾਂ ਕਿਉਂਕਿ ਅਸੀਂ ਇਸਨੂੰ ਖੁਲ੍ਹਮ-ਖੁੱਲਾ ਪਾਕਿਸਤਾਨ ਵਿਰੁੱਧ ਜੰਗ ਦਾ ਨਾਮ ਨਹੀਂ ਦੇ ਸਕੇ ਅਤੇ ਨਾ ਹੀ ਅਸੀਂ ਇਹ ਕਹਿ ਸਕੇ ਹਾਂ ਕਿ ਪਾਕਿਸਤਾਨ ਨੇ ਭਾਰਤ ਉਪਰ ਹਮਲਾ ਕੀਤਾ ਹੈ। ਇਸ ਦੇ ਉਲਟ ਜਦੋਂ ਕਾਰਗਿਲ ਵਿਚ ਦੇਸ਼ ਦੇ ਜਵਾਨ ਸ਼ਹੀਦੀਆਂ ਪ੍ਰਾਪਤ ਕਰ ਰਹੇ ਸਨ ਤਾਂ ਭਾਰਤ ਦੇ ਰੱਖਿਆ ਮੰਤਰੀ ਨੇ ਕਹਿ ਦਿੱਤਾ ਸੀ ਕਿ ਇਸ ਪਿਛੇ ਪਾਕਿਸਤਾਨ ਦੀ ਸਰਕਾਰ ਦਾ ਕੋਈ ਹੱਥ ਨਹੀਂ ਹੈ। ਇਸ ਨੇ ਸੁਚੇਤ ਕੌਮ ਪ੍ਰਸਤਾਂ ਅੰਦਰ ਇਹ ਸ਼ੰਕੇ ਖੜੇ ਕਰ ਦਿੱਤੇ ਸਨ ਕਿ ਦਰਾਸ-ਕਾਰਗਲ ਦਾ ਇਲਾਕਾ ਫੇਰ ਗਿਆ ਕਿਥੇ? ਅਤੇ ਭਾਰਤੀ ਜਵਾਨ ਕਿਸ ਤੋਂ ਆਪਣੀ ਮਾਤ ਭੂਮੀ ਵਾਪਸ ਲੈਣ ਲਈ ਖੂਨ ਵਹਾ ਰਹੇ ਹਨ? ਇਹ ਇਕ ਸਿਆਸੀ ਸਵਾਲ ਹੈ ਜਿਹੜਾ ਜੰਗ ਦੇ ਖਾਤਮੇ ਤੋਂ ਬਾਦ ਰਿੜਕਿਆ ਹੀ ਜਾਣਾ ਹੈ। ਤੇ ਹੁਣ ਪ੍ਰਧਾਨ ਮੰਤਰੀ ਅਟਲ ਬਿਹਾਰੀ ਬਾਜਪਾਈ ਨੇ ਸਾਡੀਆਂ ਖੁਫੀਆਂ ਏਜੰਸੀਆਂ ਨੂੰ ਵੀ ਬਰੀ ਕਰ ਦਿੱਤਾ ਹੈ ਕਿ ਇਹ ਭਾਰਤ ਦੀਆਂ ਖੁਫੀਆ ਏਜੰਸੀਆਂ ਦੀ ਅਸਫਲਤਾ ਨਹੀਂ ਹੈ ਪ੍ਰੰਤੂ ਇਸ ਤੋਂ ਕੋਈ ਦੋ ਕੁ ਹਫਤੇ ਪਹਿਲਾਂ ਉਨ੍ਹਾਂ ਨੇ ਇਹ ਜ਼ਰੂਰ ਕਿਹਾ ਸੀ ਕਿ ਇਸ ਜੰਗ ਤੋਂ ਅਸੀਂ ਇਕ ਗੱਲ ਜ਼ਰੂਰ ਸਿੱਖੇ ਹਾਂ ਕਿ ਸਾਨੂੰ ਹਮੇਸ਼ਾ ਚੌਕਸ ਰਹਿਣਾ ਚਾਹੀਦਾ ਹੈ ਜਿਸ ਤੋਂ ਇਹੀ ਸਮਝ ਪੈਂਦਾ ਹੈ ਕਿ ਅਸੀਂ ਚੌਕਸ ਨਹੀਂ ਰਹੇ। ਕੁਦਰਤੀ ਹੈ ਕਿ ਅਸੀਂ ਆਪਣੇ ਦੁਸ਼ਮਣ ਤੋਂ ਚੌਕਸ ਨਹੀਂ ਰਹੇ।

ਇਸ ਤਰ੍ਹਾਂ ਦਾ ਭੰਬਲ ਭੂਸਾ ਰਾਜ ਦਰਬਾਰ ਦੇ ਗਲਿਆਰਿਆਂ ਵਿਚ ਮਟਕਦਾ ਫਿਰ ਰਿਹਾ ਹੈ। ਹਮੇਸ਼ਾ ਹੀ ਦੋਸਤੀ ਦਾ ਆਧਾਰ ਸਿਆਸਤ ਹੁੰਦੀ ਹੈ। ਦੋਸਤੀ ਵਿਚ ਤਾਕਤ ਅਤੇ ਕਮਜ਼ੋਰੀ ਦੀ ਬੁਨਿਆਦੀ ਭੂਮਿਕਾ ਨਹੀਂ ਹੈ। ਇਨ੍ਹਾਂ ਦੀ ਭੂਮਿਕਾ ਬਾਦ ਵਿਚ ਸ਼ੁਰੂ ਹੁੰਦੀ ਹੈ। ਸਿਆਸਤ ਤੈਅ ਹੋ ਜਾਣ ਤੋਂ ਬਾਅਦ। ਸਾਡੀਆਂ ਜੰਗਾਂ ਦਾ ਅਧਾਰ ਸਾਡੀ ਅਤੇ ਸਾਡੇ ਗੁਆਂਢੀਆਂ ਦੀ ਸਿਆਸਤ ਵਿਚ ਨਿਕਲਦਾ ਹੈ। ਸਿਆਸੀ ਮਾਹਿਰ ਟਿਪਣੀਆਂ ਕਰ ਰਹੇ ਹਨ ਜਦੋਂ ਅਟਲ ਬਿਹਾਰੀ ਬਾਜਪਾਈ ਬੱਸ ਵਿਚ ਬੈਠਕੇ ਲਾਹੌਰ ਵੱਲ ਜਾ ਰਹੇ ਸਨ ਤਾਂ ਪਾਕਿਸਤਾਨ ਹਥਿਆਰ ਕਾਰਗਿਲ ਵੱਲ ਆ ਰਿਹਾ ਸੀ। ਜੋ ਕਿ ਵਿਸ਼ਵਾਸਘਾਤ ਹੈ।

ਇਸ ਤਰ੍ਹਾਂ ਦਾ ਵਿਸ਼ਵਾਸਘਾਤ ਸਾਡੇ ਨਾਲ ਚੀਨ ਦੀ ਜੰਗ ਵੇਲੇ ਵੀ ਹੋਇਆ ਸੀ। ਉਦੋਂ ਵੀ ਨਤੀਜੇ ਕੱਢੇ ਗਏ ਸਨ ਅਤੇ ਉਦੋਂ ਵੀ ਵਿਰੋਧੀ ਧਿਰ ਨੇ ਹਾਕਮਾਂ ਦੇ ਬਖੀਏ ਉਧੇੜੇ ਸਨ ਅਤੇ ਸ਼ਾਇਦ ਬਖੀਏ ਉਧੇੜਨ ਵਾਲੇ ਉਹੀ ਸਨ ਜਿਨ੍ਹਾਂ ਦੇ ਹੁਣ ਬਖੀਏ ਉਧੇੜੇ ਜਾਣ ਦੀ ਉਮੀਦ ਹੈ। ਇਸ ਕਰਕੇ ਸ਼ਾਇਦ ਇਹ ਬਹੁਤ ਜ਼ਿਆਦਾ ਸੰਜੀਦਾ ਵਿਚਾਰ ਦਾ ਮੁੱਦਾ ਨਹੀਂ ਹੈ।

ਕਾਰਗਿਲ ਦੀ ਜੰਗ ਨੇ ਸਾਡੀ ਫੌਜ ਅੰਦਰ ਕੁਰਬਾਨੀ ਦੇ ਜਜ਼ਬੇ ਨੂੰ ਜਿਸ ਤਰ੍ਹਾਂ ਸਾਹਮਣੇ ਲਿਆਂਦਾ ਹੈ ਅਤੇ ਜਿਸ ਪ੍ਰਕਾਰ ਦੇਸ਼ਵਾਸੀਆਂ ਵਿਚ ਕੌਮਪ੍ਰਸਤ ਜਜ਼ਬੇ ਦਾ ਪ੍ਰਗਟਾਵਾ ਹੋਇਆ ਹੈ ਇਸ ਨੇ ਆਪਣੀ ਮਿਸਾਲ ਕਾਇਮ ਕਰ ਦਿੱਤੀ ਹੈ।

ਇਸ ਜੰਗ ਨੂੰ ਸਾਰੇ ਦੇਸ਼ ਨੇ ਲੜਿਆ ਹੈ ਅਤੇ ਬੱਚੇ ਬੱਚੇ ਨੇ ਲੜਿਆ ਹੈ। ਇਸ ਮੁੱਦੇ ਉਪਰ ਸਾਰੀਆਂ ਹੀ ਸਿਆਸੀ ਪਾਰਟੀਆਂ ਸ਼ਲਾਘਾ ਦੀਆਂ ਹੱਕਦਾਰ ਹਨ ਜਿਨ੍ਹਾਂ ਨੇ ਜੰਗ ਦੇ ਦਰਮਿਆਨ ਆਪਣੇ ਸੌੜੇ ਸਿਆਸੀ ਹਿੱਤਾਂ ਨੂੰ ਆਪਣੇ ਆਪ ਉਤੇ ਭਾਰੂ ਨਹੀਂ ਹੋਣ ਦਿੱਤਾ। ਦੂਜੇ ਪਾਸੇ ਪਾਕਿਸਤਾਨ ਵਾਸਤੇ ਇਕ ਨਮੋਸ਼ੀ ਭਰੀ ਹਾਰ ਹੈ। ਉਸਦੀ ਹਾਲਤ ਅੰਦਰ ਵੜਕੇ ਰੋਣ ਵਾਲੀ ਹੋ ਗਈ ਹੈ। ਦੁਨੀਆ ਨੇ ਉਸ ਦਾ ਸਾਥ ਛੱਡ ਦਿੱਤਾ ਅਤੇ ਡਿਪਲੋਮੈਟਿਕ ਪੱਧਰ ਉਪਰ ਉਸਨੂੰ ਜੰਗ ਦੇ ਮੈਦਾਨ ਨਾਲੋਂ ਵੀ ਵਧੇਰੇ ਗੰਭੀਰ ਹਾਰ ਹੋਈ ਹੈ। ਏਥੋਂ ਤਕ ਕਿ ਇਕ ਤਰ੍ਹਾਂ ਨਾਲ ਪਾਕਿਸਤਾਨ ਨੂੰ ਆਪਣੀ ਹਾਰ ਦਾ ਐਲਾਨ ਵੀ ਆਪਣੇ ਤੌਰ ਤੇ ਹੀ ਕਰਨਾ ਪਿਆ ਹੈ।

ਇਸ ਪ੍ਰਕਾਰ ਭਾਰਤ ਨੇ ਇਹ ਸਦੀ ਮੁੱਕਣ ਤੋਂ ਪਹਿਲਾਂ ਪਹਿਲਾਂ ਦੋ ਗੌਰਵਮਈ ਜਿੱਤਾਂ ਹਾਸਲ ਕੀਤੀਆਂ ਹਨ। ਡਿਪਲੋਮੈਟਿਕ ਜਿੱਤ ਅਤੇ ਜੰਗੀ ਜਿੱਤ। ਭਾਰਤ ਦੇ ਦੁਸ਼ਮਣਾਂ ਕੋਲ ਭਾਰਤ ਦੀ ਨੁਕਤਾਚੀਨੀ ਕਰਨ ਦਾ ਇਕ ਵੀ ਮੁੱਦਾ ਨਹੀਂ ਰਿਹਾ।



Sri Satguru Jagjit Singh Ji eLibrary NamdhariElibrary@gmail.com

ਕਾਫੀ ਦੇਰ ਤਕ ਇਹ ਚਰਚਾ ਚਲਦੀ ਰਹੀ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵਲੋਂ ਅਮਰੀਕਾ ਵਿਚ ਬੈਠਕੇ ਕੀਤੇ ਗਏ ਐਲਾਨਨਾਮੇ ਨੂੰ ਪਾਕਿਸਤਾਨ ਦੀ ਫੌਜ ਸਵੀਕਾਰ ਨਹੀਂ ਕਰੇਗੀ। ਇਹ ਵੀ ਕਿਹਾ ਗਿਆ ਸੀ ਕਿ ਹੁਣ ਨਵਾਜ਼ ਸ਼ਰੀਫ਼ ਨੂੰ ਸਖਤ ਖਤਰੇ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਪਾਕਿਸਤਾਨ ਦੀ ਫੌਜੀ ਜੁੰਡਲੀ ਅਮਨ ਦੇ ਹੱਕ ਵਿਚ ਨਹੀਂ ਹੈ ਉਹ ਕਿਸੇ ਨਾ ਕਿਸੇ ਬਹਾਨੇ ਭਾਰਤ ਨਾਲ ਜੰਗ ਜਾਰੀ ਰੱਖਣ ਦੇ ਹੱਕ ਵਿਚ ਅਤੇ ਪਾਕਿਸਤਾਨ ਉਪਰ ਆਪਣਾ ਗਲਬਾ ਬਣਾਈ ਰੱਖਣ ਲਈ ਇਸ ਤੋਂ ਸਿਵਾਏ ਉਨ੍ਹਾਂ ਨੂੰ ਹੋਰ ਕੋਈ ਬਹਾਨਾ ਨਹੀਂ ਹੈ। ਪ੍ਰੰਤੂ ਪਾਕਿਸਤਾਨ ਵਿਚ ਹੋਈਆਂ ਪਿਛਲੀਆਂ ਦੋ ਚੋਣਾਂ ਨੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਭਾਰਤ ਨਾਲ ਦੁਸ਼ਮਣੀ ਜਾਰੀ ਰੱਖਣ ਵਾਲੀ ਸਿਆਸਤ ਨੂੰ ਪਾਕਿਸਤਾਨ ਦੇ ਲੋਕਾਂ ਨੇ ਪੱਠੇ ਨਹੀਂ ਪਾਏ ਜਦੋਂ ਕਿ ਪਹਿਲਾਂ ਪਾਕਿਸਤਾਨ ਦੇ ਲੋਕ ਉਸੇ ਹੀ ਹਾਕਮ ਨੂੰ ਕਬੂਲ ਕਰਦੇ ਸਨ ਜਿਹੜਾ ਭਾਰਤ ਨਾਲ ਦੁਸ਼ਮਣੀ ਰੱਖਣ ਅਤੇ ਭਾਰਤ ਨੂੰ ਕੁਚਲਕੇ ਰੱਖ ਦੇਣ ਦੀ ਗੱਲ ਕਰੇ। ਪਾਕਿਸਤਾਨ ਦੇ ਲੋਕਾਂ ਦੀ ਇਸ ਭਾਵਨਾ ਦੇ ਸਿਰ ਤੇ ਫੌਜੀ ਜੁੰਡਲੀ ਨੇ ਲੰਬਾ ਸਮਾਂ ਰਾਜ ਕੀਤਾ।

ਹੁਣ ਅਸੀਂ ਦੇਖਿਆ ਹੈ ਕਿ ਜਦੋਂ ਨਵਾਜ਼ ਸ਼ਰੀਫ ਜੰਗ ਹਾਰਕੇ ਅਮਰੀਕਾ ਤੋਂ ਵਾਪਿਸ ਪਰਤਿਆ ਸੀ ਤਾਂ ਪਾਕਿਸਤਾਨ ਦੇ ਲੋਕ ਭੜਕ ਕੇ ਉਸਦੇ ਗਲ ਨਹੀ ਪੈ ਗਏ ਸਨ। ਕੁਝ ਇਕ ਮਨੋਰਥ ਪੂਰਨ ਘਟਨਾਵਾਂ ਨੂੰ ਛਡਕੇ ਲੋਕਾਂ ਨੇ ਗਲੀਆਂ ਬਜ਼ਾਰਾਂ ਵਿਚ ਨਿਰੰਤਰ ਪ੍ਰਦਸ਼ਨ ਨਹੀਂ ਕੀਤੇ। ਉਨ੍ਹਾਂ ਨੇ ਇਕ ਤਰ੍ਹਾਂ ਨਾਲ ਕਾਰਗਿਲ ਵਿਚ ਹਟ ਜਾਣ ਨੂੰ ਪ੍ਰਵਾਨ ਕਰ ਲਿਆ ਹੈ। ਜਿਸ ਨੇ ਸ਼ਾਇਦ ਪਾਕਿਸਤਾਨ ਦੀ ਫੌਜੀ ਜੁੰਡਲੀ ਤੇ ਵੀ ਗਹਿਰਾ ਅਸਰ ਪਾਇਆ ਹੈ।

ਫੇਰ ਵੀ ਇਸ ਤੋਂ ਬਿਨਾਂ ਜਿਹੜੀ ਗੱਲ ਅਤਿਅੰਤ ਮਹੱਤਵਪੂਰਨ ਜਾਪਦੀ ਹੈ ਉਹ ਪਾਕਿਸਤਾਨ ਦੇ ਸਮਾਜ ਵਿਚ ਧਾਂਕ ਜਮਾ ਕੇ ਬੈਠੇ ਅੱਤਵਾਦੀ ਗਰੋਹਾਂ ਦੀ ਸ਼ਕਤੀਸ਼ਾਲੀ ਧਾੜ ਹੈ ਜਿਸਨੂੰ ਪਾਕਿਸਤਾਨ ਨੇ ਵਿਦੇਸ਼ੀ ਸ਼ਕਤੀਆਂ ਦੀ ਮਦਦ ਨਾਲ ਗੁਆਂਢੀਆਂ ਦੇ ਖਿਲਾਫ ਤਿਆਰ ਕੀਤਾ ਸੀ ਅਤੇ ਇਹ ਜੁੰਡਲੀ ਇਕ ਸਟੇਜ ਉਤੇ ਆਕੇ ਪਾਕਿਸਤਾਨ ਦੇ ਹਾਕਮਾਂ ਲਈ ਹੀ ਖਤਰੇ ਦਾ ਕਾਰਨ ਬਣ ਗਈ ਸੀ ਜਿਸ ਵਿਚ ਫੌਜੀ ਹਾਕਮ ਵੀ ਸ਼ਾਮਲ ਸਨ। ਤਾਣਾਬਾਣਾ ਉਨ੍ਹਾਂ ਦੇ ਕੰਟਰੋਲ ਵਿਚੋਂ ਬਾਹਰ ਚਲਾ ਗਿਆ ਸੀ। ਇਕ ਪਾਸੇ ਪਾਕਿਸਤਾਨ ਦੀ ਅਫ਼ਗਾਨਿਸਤਾਨ ਨਾਲ ਲਗਦੀ ਸਰਹੱਦ ਦੇ ਨਾਲ ਨਾਲ ਅਤੇ ਦੂਜੇ ਪਾਸੇ ਭਾਰਤ ਨਾਲ ਲਗਦੀ ਸਰਹੱਦ ਦੇ ਨਾਲ ਨਾਲ ਅਫ਼ਗਾਨਿਸਤਾਨ ਦੇ ਮੁਜਾਹਦੀਨਾਂ ਨੇ ਏਨੀ ਤਾਕਤ ਇਕੱਠੀ ਕਰ ਲਈ ਸੀ ਅਤੇ ਇਸ ਪ੍ਰਕਾਰ ਆਪਣੇ ਘਰ ਪਾਕਿਸਤਾਨ ਅੰਦਰ ਸਥਾਪਤ ਕਰ ਲਏ ਸਨ ਕਿ ਉਹ ਸਥਾਨਕ ਵਸੋਂ ਨੂੰ ਡਰਾਉਣ ਧਮਕਾਉਣ ਦੀ ਸਥਿਤੀ ਵਿਚ ਆ ਗਏ ਸਨ। ਉਨ੍ਹਾਂ ਕੋਲ ਪੈਸਾ ਅਤੇ ਹਥਿਆਰ ਬੇਸ਼ੁਮਾਰ ਸਨ। ਏਸੇ ਤਰ੍ਹਾਂ ਭਾਰਤ ਤੋਂ ਗਏ ਪ੍ਰਾਹੁਣਿਆਂ ਨੇ ਵੀ ਸਥਾਨਕ ਵਸੋਂ ਨੂੰ ਆਪਣੇ ਰੰਗ ਵਿਖਾਉਣੇ ਸ਼ੁਰੂ ਕਰ ਦਿੱਤੇ ਸਨ ਅਤੇ ਪਾਕਿਸਤਾਨ ਦੇ ਹਾਕਮਾਂ ਉਪਰ ਇਨ੍ਹਾਂ ਦੋਹਾਂ ਕਿਸਮਾਂ ਦੇ ਅੱਤਵਾਦੀਆਂ ਦਾ ਜ਼ੋਰ ਚਲਣ ਲੱਗ ਪਿਆ ਸੀ।

ਹੱਥੀਂ ਪਾਲੇ ਹੋਏ ਸੱਪਾਂ ਵਾਸਤੇ ਸਪੇਰਾ ਆਪਣੀ ਰੋਜ਼ੀ ਰੋਟੀ ਲਈ ਤਾਂ ਬੀਨ ਵਜਾ ਸਕਦਾ ਹੈ ਪ੍ਰੰਤੂ ਆਪਣੀ ਜਾਨ ਬਚਾਉਣ ਦੇ ਨਜ਼ਰੀਏ ਤੋਂ ਇਨ੍ਹਾਂ ਸੱਪਾਂ ਨੂੰ ਖੇਡੇ ਪਾਉਣ ਲਈ ਬੀਨ ਕਿੰਨੀ ਕੁ ਦੇਰ ਵਜਾਈ ਜਾ ਸਕਦੀ ਹੈ। ਏਸੇ ਕਰਕੇ ਇਹ ਮਹਿਸੂਸ ਹੋ ਗਿਆ ਹੈ ਕਿ ਫੌਜੀ ਜੁੰਡੀ ਸਮੇਤ ਪਾਕਿ ਸਤਾਨ ਦੇ ਹਾਕਮ ਗੁਆਂਢੀਆਂ ਦੇ ਘਰਾਂ ਵਿਚ ਛਡਣ ਲਈ ਇਕੱਠੇ ਕੀਤੇ ਹੋਏ ਸੱਪਾਂ ਵਾਸਤੇ ਬੀਨ ਵਜਾਉਂਦੇ ਵਜਾਉਂਦੇ ਥੱਕ ਗਏ ਸਨ।

ਇਹ ਗੱਲ ਦਾਅਵੇ ਨਾਲ ਨਹੀਂ ਆਖੀ ਜਾ ਸਕਦੀ ਕਿਉਂਕਿ ਇਸਦਾ ਕੋਈ ਸਬੂਤ ਨਹੀਂ ਹੈ ਪ੍ਰੰਤੂ ਇਹ ਗੱਲ ਸਪੱਸ਼ਟ ਰੂਪ ਵਿਚ ਸਮਝ ਆਉਂਦੀ ਹੈ ਕਿ ਭਾਰਤੀ ਫੌਜ ਨੇ ਪਾਕਿਸਤਾਨ ਦਾ ਉਹ ਕੰਮ ਕਰ ਦਿਤਾ ਹੈ ਜਿਹੜਾ ਸ਼ਾਇਦ ਉਹ ਆਪ ਕਰ ਸਕਣ ਦੇ ਸਮੱਰਥ ਨਹੀਂ ਸੀ। ਭਾਰਤ ਨੇ ਕਈ ਹਜ਼ਾਰ ਅੱਤਵਾਦੀਆਂ ਨੂੰ ਪਾਕਿਸਤਾਨ ਦੇ ਹਾਕਮਾਂ ਦੇ ਗਲੋਂ ਲਾਹ ਦਿੱਤਾ ਹੈ ਜਿਹੜੇ ਪਾਕਿਸਤਾਨ ਦੇ ਹਾਕਮਾਂ ਲਈ ਗੰਭੀਰ ਖਤਰਾ ਬਣ ਚੁਕੇ ਸਨ ਪ੍ਰੰਤੂ ਪਾਕਿਸਤਾਨ ਨਾਲ 'ਦੋਸਤੀ' ਦਾ ਦਮ ਭਰਦਿਆਂ ਭਾਰਤ ਦੇ ਆਪਣੇ ਸੈਂਕੜੇ ਹੀ ਹੀਰੇ ਜਵਾਨ ਸ਼ਹੀਦ ਹੋ ਗਏ ਹਨ।

ਕਾਰਗਿਲ ਵਿਚ ਹਜ਼ਾਰਾਂ ਹੀ ਅਤਵਾਦੀਆਂ ਦਾ ਇਕੱਠੇ ਹੋ ਜਾਣਾ ਅਸਲ ਵਿਚ ਪਾਕਿਸਤਾਨ ਲਈ ਵੱਡੀ ਰਾਹਤ ਦਾ ਕਾਰਨ ਸੀ ਜਿਸ ਕਰਕੇ ਇਹ ਸਮਝਣ ਵਿਚ ਕੋਈ ਦਿਕਤ ਨਹੀਂ ਆਉਂਦੀ ਕਿ ਏਡੀ ਵੱਡੀ ਨਮੋਸ਼ੀ ਭਰੀ ਹਾਰ ਤੋਂ ਬਾਦ ਵੀ ਪਾਕਿਸਤਾਨ ਦੇ ਹਾਕਮਾਂ ਦੀ ਅੰਦਰਲੀ ਜ਼ਹਿਰ ਬਾਹਰ ਕਿਉਂ ਨਹੀਂ ਆ ਰਹੀ। ਲਗਦਾ ਹੈ ਕਿ ਉਨ੍ਹਾਂ ਨੇ ਸੁਖ ਦਾ ਸਾਹ ਲਿਆ ਹੈ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

OstER®
Regd. Trade Mark No. 491851

*Cardigans* *Pullovers*

*Ante date Knitters*

A Quality Product of
**UDEY KNITWEARS**

*Manufacturers & Exporters*

A GOVT. RECOGNISED EXPORT HOUSE

Udey Complex, Dugri Road, P.O. Miller Ganj, LUDHIANA
PHONES : 494841, 494851
Fax No. : 91-161-494131
Delhi-Tele/Fax : 91-011-2451301



Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ

—ਅਮਰਜੀਤ ਸਿੰਘ ਸੰਧੂ

ਕਿਤੇ ਮੈਂ ਫਿਰ ਨਾ ਭੁੱਲ ਜਾਵਾਂ, ਤੂੰ ਮੇਰੀ ਗੱਲ ਹੁਣੇ ਸੁਣ ਲੈ!
ਇਨ੍ਹਾਂ ਖ਼ੁਦ-ਗਰਜ਼ ਲੋਕਾਂ ਤੋਂ, ਤੂੰ ਪਾਸੇ ਚੱਲ, ਹੁਣੇ ਸੁਣ ਲੈ!

ਮੈਂ ਦਿਲ ਦੀ ਗੱਲ ਕਹਿਣੀ ਹੈ, ਤੂੰ ਕੱਲ੍ਹ ਤੇ ਪਾ ਨਾ ਇਸ ਗੱਲ ਨੂੰ
ਮੇਰਾ ਯੁਗ-ਯੁਗ ਦੇ ਵਾਂਗੂੰ ਲੰਘਣੈਂ ਪਲ ਪਲ, ਹੁਣੇ ਸੁਣ ਲੈ!

ਸਿਆਣਾ ਤਾਂ ਕਦੇ ਵੀ ਗੱਲ ਸਿਆਣੀ ਦੱਸ ਦਊ, ਲੇਕਿਨ
ਕਦੇ ਹੀ ਗੱਲ ਪਤੇ ਦੀ ਕਰਦਾ ਏ ਪਾਗਲ, ਹੁਣੇ ਸੁਣ ਲੈ!

ਕਿਸੇ ਦੇ ਰੂਪ ਤੇ, ਦਿਲ ਤੇ ਮਿਟਣ ਦਾ ਵੱਲ ਹੈ ਮੈਨੂੰ,
ਨਹੀਂ ਆਉਂਦਾ ਮਗਰ ਮੈਨੂੰ ਕੋਈ ਵਲ-ਛਲ, ਹੁਣੇ ਸੁਣ ਲੈ!

ਤੂੰ ਮੇਰੇ ਛਲਕਦੇ ਹੰਝੂ ਨਾ ਤੱਕੇ, ਪਰ ਮੇਰੇ ਮਗਰੋਂ,
ਤੇਰੇ ਨੈਣਾਂ ਦੀ ਵੀ ਹੈ ਛਲਕਣੀ ਛਾਗਲ, ਹੁਣੇ ਸੁਣ ਲੈ!

ਤੇਰੀ ਇਮਦਾਦ ਤੇ ਜਾ ਕੇ ਵੀ, ਖ਼ਬਰੇ ਮੈਂ ਕਿਧਰ ਭੁਗਤਾਂ,
ਜਿਧਰ ਵੱਲ ਹੈ ਸੱਚਾਈ, ਮੈਂ ਰਹੂੰ ਉਸ ਵੱਲ, ਹੁਣੇ ਸੁਣ ਲੈ!

ਮੇਰੇ ਜਜ਼ਬੇ ਢਲੀ ਜਾਂਦੇ ਨੇ ਅਜ ਲਫ਼ਜ਼ਾਂ 'ਚ ਐ 'ਸੰਧੂ',
ਮਚਾ ਰੱਖੀ ਏ ਇਹਨਾਂ ਨੇ ਬੜੀ ਹਲ-ਚਲ, ਹੁਣੇ ਸੁਣ ਲੈ!

—421—ਦਕੋਹਾ (ਜਲੰਧਰ)

## .ਗ਼ਜ਼ਲ

—ਮਹਿਮਾ ਸਿੰਘ

ਇਸ ਘੁੱਪ ਹਨ੍ਹੇਰੇ ਵਿੱਚ ਇੱਕ ਦੀਪ ਜਗਾ ਦੇਵੋ
ਭਟਕੇ ਹੋਏ ਲੋਕਾਂ ਨੂੰ ਚਾਨਣ ਦਾ ਪਤਾ ਦੇਵੋ

ਸੁੱਕੇ ਬਾਗ਼ ਹਰੇ ਹੋਵਣ ਹੋਣ ਲੱਗੇ ਕਿਣਮਿਣ
ਦਿਲ ਦੇ ਮੀਨਾਰਾਂ ਤੋਂ ਚੁੱਪ-ਚਾਪ ਸਦਾ ਦੇਵੋ

ਜਿਸ ਨਾਲ ਰਹੇ ਤਾਜ਼ਾ ਖੁਸ਼ਬੂ ਦਿਨ ਯਾਦਾਂ ਦੀ
ਗ਼ਮਗੀਨ ਘਰਾਂ ਵਿੱਚ ਉਹ ਗੁਲਦਾਨ ਸਜਾ ਦੇਵੋ

ਹਰ ਹੋਣੀ ਦੇ ਅੱਗੇ ਰੌਸ਼ਨ ਦਿਨ ਸਿਦਕ ਰਹੇ
ਪੁਰਨੂਰ ਖ਼ਿਆਲਾਂ ਨੂੰ ਇਸ ਕਦਰ ਹਵਾ ਦੇਵੋ

ਸਾਡੇ ਹੰਝੂ ਖਾਰੇ ਨੇ ਸਾਗਰ ਵੀ ਖਾਰਾ ਹੈ
ਅੰਮ੍ਰਿਤ ਦੀ ਬੂੰਦ ਕੋਈ ਸਾਗਰ 'ਚ ਰਲਾ ਦੇਵੋ

ਇਸ ਦੌਰ 'ਚ ਧਰਤੀ 'ਤੇ ਪੈਗ਼ੰਬਰ ਨਾ ਭਾਲੋ
ਇਸ ਦੌਰ ਦੇ ਬੰਦੇ ਨੂੰ ਬੰਦੇ ਦਾ ਪਤਾ ਦੇਵੋ

ਚਿੰਤਨ ਦੀ ਜੋਤ ਸਦਾ ਜਿਸ ਨਾਲ ਰਹੇ ਜਗਦੀ
ਸ਼ਾਇਰ ਦੇ ਮੱਥੇ 'ਤੇ ਉਹ ਤਿਲਕ ਲਗਾ ਦੇਵੋ।

ਹਲਵਾਰਾ-141107
ਜ਼ਿਲ੍ਹਾ, ਲੁਧਿਆਣਾ

## ਸ਼ਰਧਾਂਜਲੀ

### ਨਿਰੰਜਨ ਸਿੰਘ ਨੂਰ ਨੂੰ

—ਡਾ. ਸੁਰਿੰਦਰ ਗਿੱਲ

ਉਹ ਕੇਹੇ ਦਿਨ ਸਨ ਰੰਗੇ, ਭਲੇ
ਜਦ ਅਸੀਂ ਦੋਵੇਂ ਮਿਲੇ।
ਉਸ ਦਾ ਮਨ ਮਿੱਤਰ-ਮੁਖੀ ਸਾਗਰ ਜਿਹਾ
ਮੇਰਾ ਮਨ ਕੋਰੀ ਕਿਸੇ ਗਾਗਰ ਜਿਹਾ।
ਇੱਕ ਨਿੱਕੇ ਘਰ 'ਚ
ਪੂਰਾ ਇਕ ਵਰ੍ਹਾ
ਪਰ ਬੜਾ ਨਿੱਕਾ ਜਿਹਾ।
ਫੇਰ ਉਸ ਦੇ ਮਨ ਉਦਾਸੀ ਆ ਗਈ
ਰੋਟੀ ਰੋਜ਼ੀ, ਜ਼ਿੰਦਗੀ ਦੀ ਭੁੱਖ ਨੂੰ ਉਸ ਨੂੰ
ਸਾਗਰਾਂ ਤੋਂ ਪਾਰ ਕਿਧਰੇ ਲੈ ਗਈ।
ਪਰ ਉਹ ਗੁੰਮਿਆ ਨਹੀਂ।
ਜੂਝਦਾ ਏਥੋਂ ਗਿਆ
ਉਥੇ ਜਾ ਕੇ ਜ਼ਿੰਦਗੀ ਸੰਗ ਹੋਰ ਤਿੱਖਾ ਘੋਲ ਕੀਤਾ
ਪਰ ਪੰਜਾਬੀ ਪਿਆਰ ਨਾ ਹਥੋਂ ਗਾਵਾਇਆ
ਮਾਂ-ਬੋਲੀ ਤੇ ਪੰਜਾਬੀ ਸੱਭਿ. ਦੀ
ਸ਼ਾਨ ਦਾ ਪਰਚਮ ਉਠਾਇਆ
ਹੱਕ ਸੱਚ ਇਨਸਾਫ਼ ਦਾ ਨਾਹਰਾ ਲਗਾਇਆ।
ਪੌਂਡਾਂ ਦੀ ਚਮਕ ਵਿੱਚ ਵੀ ਸੰਘਰਸ਼ ਮੱਠਾ ਨਾ ਪਿਆ।
ਉਸ ਨੇ ਆਪਣੇ-ਆਪ ਨੂੰ 'ਨਾਕਿਸ' ਕਿਹਾ।
ਕਾਵਿ ਦਾ ਦਰਿਆ
ਨਿਰੰਜਣ ਨੂਰ ਹੋਇਆ।
ਦੋਸਤੀ ਦੇ ਸਫ਼ਰ ਵਿੱਚ ਸੰਗ ਤੁਰਦਿਆਂ, ਉਸ ਨੂੰ ਸਦਾ
ਹਸਦਾ ਗਾਉਂਦਾ, ਮੁਸਕਰਾਉਂਦਾ, ਝੂਮਦਾ ਹੀ ਦੇਖਿਆ
ਝੂਰਦੇ ਰਹਿਣਾ, ਖ਼ਫ਼ਾ ਹੋਣਾ ਜਾਂ ਰੋਣਾ
ਉਸ ਦੀ ਫਿਤਰਤ ਨਹੀਂ ਸੀ।
ਪੈਰਾਂ ਹੇਠ ਅੰਗਿਆਰੇ, ਮੱਥੇ ਮਘਦੇ ਸੂਰਜ
ਵੁਲਵਰ ਹੈਂਪਟਨ ਆਪਣੇ ਘਰ 'ਚੋਂ
ਕਿਸ ਪਰਵਾਸ ਨੂੰ ਤੁਰਿਆ?
ਨੂਰ ਬੁੱਝਿਆ ਤਾਂ ਨਹੀਂ ਹਾਂ ਤੁਰ ਗਿਆ।
ਜਦ ਕਦੇ ਵੀ ਰੰਗ, ਨਸਲ, ਸ਼ੋਸ਼ਨ, ਜ਼ੁਲਮ ਤੇ ਕੱਟੜਤਾ
ਖ਼ਤਮ ਕਰਨ ਵਾਸਤੇ ਸੰਘਰਸ਼ ਕੋਈ ਹੋਏਗਾ
ਤਾਂ ਨੂਰ ਦੀ ਗਲ ਤੁਰੇਗੀ।
ਤੁਰ ਗਏ ਮੇਰੇ ਯਾਰ ਨੂਰ
ਹਰ ਸਮੇਂ ਹਰ ਯੁੱਗ ਤੇਰੀ ਲੋੜ ਹੈ
ਹਰ ਸਮੇਂ ਲੋਕਾਂ ਨੂੰ ਕੋਈ ਨੂਰ ਚਾਹੀਦਾ
ਅਲਵਿਦਾ

20, ਜਰਮਨੀ ਦਾਸ ਪਾ..
ਕਪੂਰਥਲਾ (ਪੰਜਾਬ)



Sri Satguru Jagjit Singh Ji eLibrary NamdhariElibrary@gmail.com






Sri Satguru Jagjit Singh Ji eLibrary NamdhariElibrary@gmail.com

# ਧਰਮ ਦੇ ਸਾਏ ਵਿੱਚ ਅਧਰਮ

ਗੁਰਬਚਨ ਸਿੰਘ ਨਾਮਧਾਰੀ

੨੮ ਮਾਰਚ ੧੯੯੮ ਨੂੰ ਹਰਿਦੁਆਰ ਦੀਆਂ ਸੜਕਾਂ ਤੇ ਭਾਰਤੀ ਅਧਿਆਤਮਵਾਦ, ਸਭਿਅਤਾ ਅਤੇ ਸੰਸਕ੍ਰਿਤੀ ਦਾ ਅਤਿ ਕਰੂਪ ਚਿਹਰਾ ਸਾਹਮਣੇ ਆਇਆ। ਕੁੰਭ ਦੇ ਅਵਸਰ ਤੇ ਚੇਤ ਮਸਿਆ ਦੇ ਪਹਿਲੇ ਇਸ਼ਨਾਨ ਦੇ ਅਧਿਕਾਰ ਦਾ ਵਿਵਾਦ, ਦੋ ਧਾਰਮਿਕ ਸੰਸਥਾਵਾਂ ਵਿੱਚ ਛਿੜ ਗਿਆ। ਨਿਰੰਜਨੀ ਅਖਾੜਾ ਅਤੇ ਜੂਨਾ ਅਖਾੜਾ, ਦੋਹਾਂ ਗੁੱਟਾਂ ਦੇ ਮਹੰਤ 'ਪ੍ਰਥਮਸ਼ਨਾਨ' ਦਾ ਦਾਅਵਾ ਪੇਸ਼ ਕਰ ਰਹੇ ਸਨ । ਨਗਰ ਪ੍ਰਸ਼ਾਸਨ ਦੋਹਾਂ ਗੁੱਟਾਂ ਨਾਲ ਸੰਪਰਕ ਕਰ ਕੇ ਕਿਸੇ 'ਮਧਿਆਮਾਰਗ' ਦੀ ਖੋਜ ਕਰ ਰਹੇ ਸਨ ਕਿ ਅਚਾਨਕ ਦੋਵੇਂ ਗੁੱਟ ਹਿੰਸਾ ਤੇ ਉਤਰ ਆਏ। ਕੀਰਤਨ ਲਈ ਵਰਤੇ ਜਾਣ ਵਾਲੇ ਚਿਮਟੇ, ਛੈਣਿਆਂ ਅਤੇ ਲੋਹੇ ਦੀਆਂ ਰਾਡਾਂ, ਤਲਵਾਰਾਂ ਅਤੇ ਹੋਰ ਹਥਿਆਰਾਂ ਦੀ ਖੁੱਲ ਕੇ ਵਰਤੋਂ ਹੋਈ। ਭਗਵਾ ਧਾਰੀ, ਲੰਗੋਟ ਧਾਰੀ, ਭਭੂਤ ਸਣੇ ਕਈ ਸਾਧੂ ਮਹੰਤਾਂ ਸਹਿਤ ਪੁਲਸ ਸੁਪਰਡੈਂਟ ਅਤੇ ਕਈ ਸਿਪਾਹੀ ਗੰਭੀਰ ਜ਼ਖਮੀ ਹੋਏ । ਦੋਹਾਂ ਧਿਰਾਂ ਚੋਂ ਘੱਟ ਤੋਂ ਘੱਟ ੧੨ ਵਿਅਕਤੀ ਮਾਰੇ ਗਏ। ਭਾਰਤੀ ਅਧਿਆਤਮ ਦੇ ਗੌਰਵਮਈ ਇਤਿਹਾਸ ਦੇ ਸਾਹਮਣੇ ਇਹ ਘਟਨਾ ਇੱਕ ਪ੍ਰਸ਼ਨ ਚਿੰਨ੍ਹ ਬਣ ਕੇ ਖੜੀ ਹੋ ਗਈ।

ਸੰਸਕ੍ਰਿਤ ਦੇ ਸ੍ਰੀ ਧਾਤੂ ਤੋਂ ਬਣੇ ਧਰਮ ਦਾ ਅਰਥ ਹੈ, "ਧਾਰਣ ਕਰਨ ਯੋਗ" ਧਰਮ ਸਹਿਜ ਹੈ, ਸਰਲ ਹੈ, ਸੁਭਾਵਕ ਹੈ। ਧਰਮ ਸਤ ਸਰੂਪ ਹੈ, ਸਵਤੰਤਰ ਹੈ ਸ਼ਾਸ਼ਵਤ ਹੈ। ਪੰਥਾਂ ਦੇ ਬੰਦਨਾਂ ਤੋਂ ਸਰੰਵਥਾ ਮੁਕਤ/ਸੰਪ੍ਰਦਾਵਾਂ ਦੀ ਸੀਮਾ ਰੇਖਾ ਤੋਂ ਬਾਹਰ। ਮਨੁੱਖ ਦੇ ਚਾਰ ਅੰਗ, ਸਰੀਰ, ਮਨ, ਬੁੱਧੀ ਅਤੇ ਆਤਮਾ ਅਤੇ ਚਾਰ ਪੁਰਸ਼ਾਰਥ, ਧਰਮ ਅਰਥ ਕਾਮ ਅਤੇ ਮੋਖ ਦਾ ਸੰਤੁਲਨ ਹੀ ਭਾਰਤੀ ਧਰਮ-ਦਰਸ਼ਨ ਦੀ ਵਿਸ਼ੇਸ਼ਤਾ ਹੈ। ਇਸ ਸੰਤੁਲਨ ਲਈ ਸਤ ਸਹਿਯੋਗੀ ਤੱਤ ਚੁਣੇ ਗਏ, ਸਤਿਆ, ਅਹਿੰਸਾ, ਖਿਮਾ, ਦਇਆ, ਦਮ ਅਸਤੇਯ ਅਤੇ ਅਪਰਿਗ੍ਰਿਹ। ਧਰਮ ਅਤੇ ਅਧਰਮ ਨੂੰ ਪੁੰਨ ਅਤੇ ਪਾਪ ਦੇ ਰੂਪ ਵਿੱਚ ਵੀ ਵੇਖਿਆ ਗਿਆ। ਵੇਦ ਵਿਆਸ ਜੀ ਨੇ ਅਠਾਰਾਂ ਪੁਰਾਨਾਂ ਦਾ ਸੰਕਲਨ ਕਰ ਲਿਆ ਤਾਂ ਇੱਕ ਦਿਨ ਨਾਰਦ ਨੇ ਅਰਜ ਕੀਤੀ, ਹੇ ਮਹਾਂਰਿਸ਼ੀ ਇਤਨੇ ਵੱਡੇ ਗ੍ਰੰਥ ਨੂੰ ਹਰ ਆਦਮੀ ਵਾਸਤੇ ਪੜ੍ਹਨਾ ਅਤੇ ਸਮਝਣਾ ਸੰਭਵ ਨਹੀਂ। ਤੁਸੀਂ ਕਿਰਪਾ ਕਰਕੇ ਇਨ੍ਹਾਂ ਅਠਾਰਾਂ ਪੁਰਾਨਾਂ ਦਾ ਸੰਖੇਪ ਸਾਰ ਦਸੋ, ਤਾਂ ਬਿਆਸ ਜੀ ਨੇ ਕਿਹਾ

ਅਸਟਾਦਸ ਪੁਰਾਣੇਸੂ ਬਿਆਸਸਯ ਵਚਨੰ ਦਵਯੰ
ਪਰੋਪਕਾਰਾਯ ਪੂਨਯਾਯ, ਪਾਪਾਯ ਪਰਪੀੜਨਮ

ਅਰਥਾਤ ਇਨ੍ਹਾਂ ਅਠਾਰਾਂ ਪੁਰਾਨਾਂ ਦਾ ਸਾਰ-ਬਸ ਦੋ ਗੱਲਾਂ ਹਨ

ਪਰੋਪਕਾਰ ਪੁਨ ਹੈ ਅਤੇ ਪਰਪੀੜਾ ਪਾਪ ਹੈ

ਧਰਮ ਕਿਸੇ ਸੰਸਥਾ ਜਾਂ ਸੰਪ੍ਰਦਾਇ ਦਾ ਮੁਥਾਜ ਨਹੀਂ ਹੁੰਦਾ। ਧਰਮ ਤਾਂ ਅਕਾਸ਼ ਦੀ ਅਨੰਤਤਾ ਹੈ। ਅਸ਼ਟਾਵਕ੍ਰ ਜੀ ਨੇ ਕਿਹਾ ਸੀ "ਪੰਥਾ ਵਿਸਰਗੇ, ਧਰਨੇਸੂ ਤਸਥੋ" ਜਿਥੇ ਸਾਰੇ ਪੰਥ ਖਤਮ ਹੋ ਜਾਂਦੇ ਹਨ, ਸਾਰੀਆਂ ਸੰਪ੍ਰਦਾਵਾਂ ਖਤਮ ਹੋ ਜਾਂਦੀਆਂ ਹਨ, ਉਥੇ ਧਰਮ ਦੀ ਨੀਂਹ ਪੈਂਦੀ ਹੈ। ਕਿਸੇ ਰੂੜੀਵਾਦੀ ਪ੍ਰੰਪਰਾ ਦਾ ਅੰਧਵਿਸ਼ਵਾਸ ਧਰਮ ਨਹੀਂ ਹੁੰਦਾ। ਧਰਮ ਤਾਂ ਦੇਸ਼ ਅਤੇ ਕਾਲ ਅਨੁਸਾਰ ਪੂਰਨ ਚੇਤਨਾ ਸਹਿਤ ਮਨੁੱਖੀ ਜ਼ੁੰਮੇਵਾਰੀਆਂ ਦਾ ਨਿਰਵਾਹ ਸੰਦੇਸ਼ ਹੈ।

੫ ਮਾਰਚ ੧੯੪੭ ਨੂੰ ਅੰਮ੍ਰਿਤਸਰ ਵਿੱਚ ਦੰਗੇ ਭੜਕ ਉਠੇ। ਸ਼ਹਿਰ ਦੇ ਮੁਸਲਿਮ ਬਹੁ ਗਿਣਤੀ ਵਾਲੇ ਇਲਾਕੇ ਵਿੱਚ ਕੁਝ ਦੋਧੀਆਂ ਦਾ ਕਤਲ ਕਰ ਦਿੱਤਾ ਗਿਆ। ਪ੍ਰਤਿਕਿਰਿਆ ਵਜੋਂ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਵੱਢ-ਕੱਟ ਸ਼ੁਰੂ ਹੋ ਗਈ। ਦਰਬਾਰ ਸਾਹਿਬ ਦੇ ਨਾਲ ਲਗਦੇ ਹਿੰਦੂ ਸਿੱਖ ਬਹੁ-ਗਿਣਤੀ ਵਾਲੀ ਥਾਂ ਤੇ ਚੁਣ-ਚੁਣ ਕੇ ਮੁਸਲਿਮ ਘਰਾਂ ਤੇ ਹਮਲੇ ਹੋਣ ਲਗੇ। ਤਲਵਾਰ, ਚਾਕੂ ਬੰਦੂਕ ਸਾਰੇ ਹਥਿਆਰਾਂ ਦੀ ਹੀ ਵਰਤੋਂ ਹੋ ਰਹੀ ਸੀ। ਇੱਕ ਪਾਸੇ ਅਲਾਹ ਹੂ ਅਕਬਰ, ਦੂਜੇ ਪਾਸੇ ਜੈ ਬਜਰੰਗ ਬਲੀ ਅਤੇ ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਅੰਮ੍ਰਿਤਸਰ ਦਾ ਆਕਾਸ਼ ਕੰਬ ਰਿਹਾ ਸੀ। ਦੋਹਾਂ ਧਿਰਾਂ ਚੋਂ ਉਠ ਰਹੀ ਇਸ ਹਿੰਸਕ ਹਨੇਰੀ ਵਿੱਚ ਵੀ, ਗੁਰੂ ਨਾਨਕ ਦਾ ਇੱਕ ਸਿੱਖ ਨਾਨਕ ਸਿੰਘ ਨਾਵਲਿਸਟ, ਆਪਣੇ ਕੁਝ ਸਾਥੀਆਂ ਸਹਿਤ, ਕਿਸੇ ਭੇਦ-ਭਾਵ ਤੋਂ ਰਹਿਤ ਜ਼ਖਮੀਆਂ ਦੀ ਸੰਭਾਲ ਵਿੱਚ ਲੱਗੇ ਹੋਏ ਸਨ। ਜ਼ਖਮੀ ਵਿਅਕਤੀ ਨੂੰ ਚੁੱਕ ਕੇ ਗੁਰੂ ਰਾਮਦਾਸ ਹਸਪਤਾਲ ਲੈ ਜਾਂਦੇ। ਜ਼ਰੂਰਤ ਅਨੁਸਾਰ ਮਲੱਮ ਪੱਟੀ ਅਤੇ ਲੰਗਰ ਆਦਿ, ਹਰ ਪ੍ਰਕਾਰ ਦੀ ਸੇਵਾ ਕਰਦੇ ਰਹੇ। ੭ ਮਾਰਚ ੧੯੪੭ ਨੂੰ ਲਾਹੌਰ ਤੋਂ ਪ੍ਰਕਾਸ਼ਤ ਹੋਣ ਵਾਲੇ ਰੋਜ਼ਾਨਾ ਉਰਦੂ 'ਨਵਾਏ ਵਕਤ' ਨੇ ਲਿਖਿਆ "ਦਰਬਾਰ ਸਾਹਿਬ ਸੇ ਸਿਰਫ ਸੌ ਗਜ਼ ਬਾਹਰ ਮੁਸਲਮਾਨੋਂ ਕਾ ਕਤਲ ਹੋ ਰਹਾ ਥਾ ਔਰ ਦਰਬਾਰ ਸਾਹਿਬ ਕੇ ਅੰਦਰ, ਜ਼ਖਮੀ ਮੁਸਲਮਾਨੋਂ ਕੀ ਖਿਦਮਤ ਕਰ ਰਹੇ "ਖੁਦਾਈ ਖਿਦਮਤਗਾਰ" ਅਲਾਹ ਕੇ ਘਰ ਕਾ ਨਜ਼ਾਰਾ ਪੇਸ਼ ਕਰ ਰਹੇ ਥੇ।"

ਵਿਸ਼ਵ ਕਾ ਕੋਈ ਧਰਮ ਮਨੁੱਖ ਤੋਂ ਪ੍ਰਾਚੀਨ ਨਹੀਂ ਹੈ। ਗੁਰੂ ਨਾਨਕ ਕਰੀਬ ਪੰਜ ਸੌ ਸਾਲ, ਮਾਰਟਨ ਲੂਥਰ ਕਰੀਬ ਇੱਕ ਹਜ਼ਾਰ ਸਾਲ, ਹਜ਼ਰਤ ਮੁਹੰਮਦ ਸਾਹਿਬ ੧੫੦੦ ਸਾਲ, ਪ੍ਰਭੂ ਜੀਸਜ਼ ੨੦੦੦ ਸਾਲ, ਭਗਵਾਨ ਬੁੱਧ ਕਰੀਬ ੨੬੦੦ ਸਾਲ, ਮਹਾਵੀਰ ਸਵਾਮੀ ਲਗਭਗ ੩੦੦੦ ਸਾਲ, ਭਗਵਾਨ ਕ੍ਰਿਸ਼ਨ ੪੦੦੦ ਸਾਲ, ਇਤਿਹਾਸ ਵਿੱਚ ਅਤੇ ਜੀਵ ਸ਼ਾਸਤ੍ਰੀਆਂ ਦੇ ਮਤ ਅਨੁਸਾਰ ਸੰਸਾਰ ਦੇ ਸਾਰੇ ਪੰਥਾਂ, ਸੰਪਰਦਾਵਾਂ, ਅਵਤਾਰਾਂ ਅਤੇ ਉਪਲਬਧ ਧਰਮ ਸ਼ਾਸਤਰਾਂ, ਵੇਦਾਂ, ਪੁਰਾਨਾਂ ਦੀ ਉਤਪਤੀ ਨੂੰ ਦਸ ਹਜ਼ਾਰ ਸਾਲ ਦੀ ਸਮੇਂ ਸੀਮਾ ਵਿੱਚ ਸਮੇਟਿਆ ਜਾ ਸਕਦਾ ਹੈ, ਪਰ ਮਨੁੱਖ ਦੀ ਹੋਂਦ ਲੱਖਾਂ ਸਾਲ ਪੁਰਾਣੀ ਹੈ। ਸੱਭਿਅਤਾ ਅਤੇ ਸੱਭਿਆਚਾਰ ਦੇ ਕ੍ਰਮਵਾਰ ਵਿਕਾਸ ਦੇ ਨਾਲ ਨਾਲ ਸਮਾਜ ਸੁਧਾਰਕਾਂ ਦੀ ਸੋਚ ਨੇ ਤਥਾਕਥਿਤ ਧਰਮਾਂ ਅਤੇ ਸੰਪਰਦਾਵਾਂ ਦੇ ਰੂਪ ਲਏ।



Sri Satguru Jagjit Singh Ji eLibrary NamdhariElibrary@gmail.com

ਮਨੁੱਖੀ ਮੌਲਿਕ ਅਧਿਕਾਰਾਂ (Fundamentel Rights) ਦੀ ਸੁਰੱਖਿਆ ਲਈ ਤਥਾ ਕਥਤ ਧਰਮ-ਸਿਧਾਂਤਾਂ ਦੀ ਮਰਿਆਦਾ-ਰੇਖਾਵਾਂ ਖਿੱਚੀਆਂ ਗਈਆਂ। ਇਹੋ ਧਰਮ ਸੁਧਾਰਕ "ਧਰਮ ਗੁਰੂ" ਦੇ ਰੂਪ ਵਿੱਚ ਲੋਕਪ੍ਰਿਯ ਹੋਏ। ਦੁਨੀਆ ਦੇ ਸਾਰੇ ਧਰਮ ਮਨੁੱਖੀ ਕਲਿਆਣ ਲਈ ਉਤਪੰਨ ਹੋਏ ਪਰ ਧਰਮ ਦੀ ਇਸ ਮੂਲ ਪਰਿਭਾਸ਼ਾ ਨੂੰ ਪਲਟਾਉਣ ਦੀ ਸਾਜ਼ਿਸ਼ ਰਚੀ ਗਈ। ਮਨੁੱਖੀ-ਸਮਾਜ ਦੀ ਸੁਖ ਸ਼ਾਂਤੀ ਲਈ ਸਮਰਪਤ ਧਰਮ ਦੀ ਥਾਂ ਤੇ "ਧਰਮ ਲਈ ਮਨੁੱਖੀ ਸਮਰਪਨ" ਦੀ ਧਾਰਨਾ ਨੂੰ ਚੁੱਕਿਆ ਗਿਆ। ਤਿਆਗ ਦੇ ਬਦਲੇ ਸਵਾਰਥ ਅਤੇ ਸੰਗ੍ਰਹਿ ਦੀ ਕਾਮਨਾ ਨੂੰ ਉਤਸ਼ਾਹਿਤ ਕੀਤਾ ਗਿਆ। ਦਾਨ ਦਾ ਅਰਥ ਸੀ,

ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ (ਕਬੀਰ)

ਦਾਨ ਦੇ ਇਸ ਭਾਵ ਨੂੰ ਕਾਮਨਾ ਵਿੱਚ ਤਬਦੀਲ ਕੀਤਾ ਗਿਆ। "ਦਾਨ ਦੀਏ ਧਨ ਬਢਤ ਹੈ" ਅਤੇ "ਤੁਮ ਏਕ ਪੈਸਾ ਦੋਗੇ ਵਹੁ ਦਸ ਲਾਖ ਦੇਗਾ", ਜੈਸੀ ਭਾਵਨਾ ਦਾ ਪ੍ਰਸਾਰ ਕਰ ਧਰਮ ਦੇ ਅੰਗ-ਭੰਗ ਕੀਤੇ ਗਏ। ਮਾਇਆ ਨੂੰ ਮ੍ਰਿਗ ਤ੍ਰਿਸ਼ਨਾ, ਨਾਗਨੀ ਮਹਾਠਗਣੀ ਜਿਹੇ ਸ਼ਬਦਾਂ ਨਾਲ ਸੰਬੋਧਤ ਕਰਨ ਵਾਲੇ ਧਰਮ ਗ੍ਰੰਥਾਂ ਅਤੇ ਪੰਥਾਂ ਦੇ ਹੀ ਤਥਾ ਕਥਤ ਸੰਤ ਮਹੰਤ ਸਵਾਮੀ ਧਨ ਕੁਬੇਰ ਬਣਨ ਦੇ ਸੁਪਨੇ ਲੈਣ ਲਗੇ। ਪੱਤਿਆਂ ਦੀ ਕੁਟੀਆ ਅਤੇ ਰੁੱਖਾਂ ਹੇਠ ਪਰਮਾਤਮਾ ਨਾਲ ਇਕਮਿਕ ਹੋ ਚੁੱਕੇ ਸੰਤਾਂ ਮਹਾਂਪੁਰਸ਼ਾਂ ਦੇ ਉਤਰਾਧਿਕਾਰੀਆਂ ਦੇ ਨਿਵਾਸ-ਸਥਾਨ ਅੱਜ ਨਵਾਬਾਂ ਦੀਆਂ ਕੋਠੀਆਂ ਅਤੇ ਰਾਜਿਆਂ ਦੇ ਮਹੱਲਾਂ ਨੂੰ ਵੰਗਾਰ ਰਹੇ ਹਨ। ਸਾਰੇ ਭੌਤਕ ਸੁਖ ਸਾਧਨ, ਸੇਵਕ ਸੇਵਕਾਵਾਂ, ਸੰਸਾਰ ਦੇ ਸਰਵਸ਼੍ਰੇਸ਼ਟ ਵਾਹਨ, ਜਹਾਜ਼, ਹੈਲੀਕਾਪਟਰ, ਭੋਗ ਦੀ ਸਾਰੀ ਸਮੱਗਰੀ ਮੌਜੂਦ ਹੈ, ਉਹਨਾਂ ਧਰਮ ਸ਼੍ਰੇਸ਼ਠਾਂ ਦੇ ਪਾਸ। ਇਸ ਧਨ ਸੰਗ੍ਰਹਿ ਵਾਸਤੇ ਉਨ੍ਹਾਂ ਨੂੰ ਕਈ ਨੈਤਿਕ ਅਨੈਤਿਕ ਹਥਕੰਡੇ ਵੀ ਵਰਤਣੇ ਪੈਂਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਸੇ ਪ੍ਰਵਿਰਤੀ ਤੋਂ ਸੁਚੇਤ ਕੀਤਾ—

ਇਸ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ॥

ਇਸ ਧਨ ਕਾਰਨ ਬਹੁਤ ਪਤਿਤ ਹੋਣਾ ਪੈਂਦਾ ਹੈ। ਵੱਡਿਆਂ ਨੂੰ ਇਸਨੇ ਪਤਿਤ ਕੀਤਾ ਹੈ। ਇਹ ਸੰਗ੍ਰਹਿ ਪਾਪਾਂ ਬਾਝੋਂ ਨਹੀਂ ਹੋ ਸਕਦਾ ਅਤੇ ਮੋਇਆਂ ਇਹ ਸਾਥ ਨਹੀਂ ਜਾਂਦਾ। ਜਿਹੜੇ ਇਸ ਧਨ ਸੰਗ੍ਰਹਿ ਵਿੱਚ ਸ਼ਾਮਲ ਹਨ, ਸਮਝ ਲੈਣਾ ਚਾਹੀਦਾ ਹੈ ਕਿ ਪਰਮਾਤ੍ਰਮਾ ਨੇ ਉਨ੍ਹਾਂ ਤੋਂ "ਚੰਗਿਆਈ" ਖੋਹ ਲਈ ਹੈ ਅਤੇ ਉਹ ਧਰਮ ਤੋਂ ਵਾਂਝੇ ਹੋ ਕੇ ਧਨ ਦੀ ਅੰਨੀ, ਦੌੜ ਵਿੱਚ ਸ਼ਾਮਲ ਹੋ ਗਏ ਹਨ।

ਸੰਸਾਰ ਨੂੰ ਗਿਆਨ ਦੇਣ ਦਾ ਹੋਕਾ ਦੇਣ ਵਾਲੇ ਤਥਾਕਥਤ ਧਰਮ ਪ੍ਰਮੁੱਖ, ਸੰਤ ਮਹੰਤ ਆਪ ਅਗਿਆਨਤਾ ਦੇ ਪਾਤਰ ਬਣ ਚੁੱਕੇ ਹਨ। 'ਨਿੰਦਾ ਭਲੀ ਨਾ ਚੋਰ ਕੀ' ਦਾ ਸੰਦੇਸ਼ ਦੇਣ ਵਾਲੇ ਸਥਾਨਾਂ ਤੋਂ ਹੀ ਇੱਕ ਦੂਜੇ ਦੀ ਨਿੰਦਾ, ਅਪਮਾਨ ਅਤੇ ਚਰਿਤਰ ਹਨਣ ਤੱਕ ਦੀ ਵਿਉਂਤ ਬੰਦੀ ਹੁੰਦੀ ਹੈ। ਇਸ ਤੋਂ ਵੀ ਅੱਗੇ ਵਿਰੋਧੀ ਆਵਾਜ਼ ਨੂੰ ਦਬੌਣ ਲਈ ਖ਼ੂਨੀ ਹਮਲਿਆਂ ਦੀਆਂ ਸਾਖੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਜਾ ਰਹੀਆਂ ਹਨ।

੨੩ ਅਗਸਤ ੧੯੯੮ ਨੂੰ CIPA (Chandigarh Institute of performing Arts) ਵੱਲੋਂ ਟੈਗੋਰ ਥੀਏਟਰ ਚੰਡੀਗੜ੍ਹ ਵਿੱਚ ਮੰਚਿਤ ਨਾਟਕ 'Good Bye Swami' ਵਿੱਚ ਧਰਮ ਦੀ ਓਟ ਵਿੱਚ ਪਨਪ ਰਹੀ ਅਧਾਰਮਿਕਤਾ ਤੋਂ ਸੁਚੇਤ ਕਰਾਇਆ ਗਿਆ। ਧਰਮ ਦੇ ਸਾਏ ਵਿੱਚ ਪਨਪ ਰਹੇ ਅਧਰਮ ਨੂੰ ਵੇਖ ਕੇ ਹੀ ਸ਼ੇਖ ਸਾਅਦੀ ਦਾ ਦਿਲ ਰੋ ਪਿਆ "ਚੂ ਕੁਫਰ ਅਜ਼ ਕਾਅਬਾ, ਕੁਜਾ ਮਾਨਿੰਦ ਮੁਸਲਮਾਨੀ।" ਦੁਨੀਆਂ ਵਿੱਚ-ਨਾਇਨਸਾਫੀ ਹੋਵੇ ਤਾਂ ਫਰਿਆਦ ਲਈ ਕਾਅਬੇ ਜਾਂਦੇ ਹਾਂ ਪਰ ਜੇ ਕਾਅਬੇ ਵਿੱਚ ਹੀ ਕੁਫਰ ਪੈਦਾ ਹੋਣ ਲੱਗੇ ਤਾਂ ਮੁਸਲਮਾਨੀਅਤ ਕਿਥੇ ਰਹਿ ਜਾਏਗੀ।

ਯਾਦ ਰੱਖਣ ਜੋਗ ਸੱਤ ਹੈ ਕਿ ਸਮੇਂ-ਸਮੇਂ ਤੇ ਧਰਮਾਂ ਵਿੱਚ ਆਈ ਗਿਰਾਵਟ ਹੀ ਨਵੇਂ ਧਰਮਾਂ ਦੇ ਜਨਮ ਦਾ ਕਾਰਨ ਬਣੀ। ਵੈਦਿਕ ਧਰਮ ਜਦੋਂ ਪੰਡਿਆਂ ਪਰੋਹਿਤਾਂ ਦੇ ਹੱਥਾਂ ਦੀ ਕਠਪੁਤਲੀ ਬਣ ਪਤਨ ਵੱਲ ਤੁਰਿਆ ਤਾਂ ਰਿਸ਼ਭਦੇਵ ਸੁਆਮੀ ਨੇ ਸਤਿਆ ਅਤੇ ਅਹਿੰਸਾ ਨੂੰ ਆਧਾਰ ਬਣਾ ਨਵਾਂ ਮਾਰਗ ਤੋਰਿਆ ਜੋ ਅੱਗੇ ਚਲ ਕੇ "ਜੈਨ ਧਰਮ' ਦੇ ਰੂਪ ਵਿੱਚ ਜਾਣਿਆ ਗਿਆ। ਇਸੇ ਪ੍ਰੋਹਿਤਵਾਦੀ ਧਾਰਮਿਕ ਸਾਮੰਤਵਾਦ ਦੀ ਪ੍ਰਤਿਕਿਰਿਆ ਸਰੂਪ, ਬੋਧ ਧਰਮ ਦਾ ਆਗਮਨ ਹੋਇਆ। ਅਧਰਮ, ਅਨੈਤਿਕਤਾ ਦੀ ਵਿਰੋਧਤਾ ਹੀ ਧਰਮ ਦਾ ਲੱਛਣ ਹੈ। ਹਨ੍ਹੇਰੇ ਦਾ ਵਿਨਾਸ਼ ਹੀ ਪ੍ਰਕਾਸ਼ ਦੀ ਪਛਾਣ ਹੈ, ਪਰ ਬਹੁਤ ਕਠਿਨ ਹੈ ਤਥਾ ਕਥਿਤ ਧਾਰਮਿਕ ਸਾਮੰਤਵਾਦ ਦੀ ਵਿਰੋਧਤਾ। ਮੁਹੰਮਦ ਸਾਹਿਬ ਨੇ ਨਵਾਬਾਂ, ਖਲੀਫਿਆਂ ਅਤੇ ਅਯਾਸ਼ ਬਾਦਸ਼ਾਹਾਂ ਨੂੰ ਤਾਂ ਸ਼ਰਾ ਦੇ ਅਧੀਨ ਲੈ ਆਂਦਾ, ਪਰ ਅੱਗੇ ਚਲਕੇ ਸ਼ਰਾ ਦੇ ਸੰਚਾਲਕ ਮੌਲਵੀ ਹੀ ਨਿਰੰਕੁਸ਼ ਹੋ ਗਏ, ਜੋ ਇਸਲਾਮ ਦੇ ਪਤਨ ਦਾ ਕਾਰਨ ਬਣੇ। ਇਹਨਾਂ ਤਥਾ ਕਥਿਤ ਧਾਰਮਿਕ ਮਠਾਧੀਸ਼ਾਂ, ਮੌਲਵੀਆਂ, ਮਹੰਤਾਂ ਦੀ ਵਿਰੋਧਤਾ ਬਹੁਤ ਕਠਨ ਹੈ। ਇਸ ਲਈ ਨਾਨਕ ਦੀ ਨਿਰਭੈਤਾ ਅਤੇ ਕਬੀਰ ਦਾ ਸਾਹਸ ਲੋੜੀਂਦਾ ਹੈ। ਦਸਮ ਪਾਤਸ਼ਾਹ ਦਾ ਧਰਮ ਵਿੱਚ ਪ੍ਰਵੇਸ਼ ਕਰ ਗਏ ਅਧਾਰਮਕ ਮਸੰਦਾਂ ਨੂੰ ਜੀਵਦਿਆਂ ਕੜਾਹੇ ਵਿੱਚ ਸਾੜਣਾ ਅੱਜ ਤੋਂ ੩੦੦ ਸਾਲ ਪਹਿਲਾ ਧਰਮ ਕੰਚਨ ਨੂੰ ਸ਼ੁੱਧ ਕਰਨ ਦੀ ਇੱਕ ਪਰਕ੍ਰਿਆ ਸੀ।

ਮਾਇਆ ਦੀ ਅਗਨ ਵਿੱਚ ਜਲ ਰਿਹਾ ਮਨੁੱਖ, ਸ਼ਾਂਤੀ ਦੀ ਖੋਜ ਵਿੱਚ ਕਿਸੇ ਧਰਮ ਸਥਾਨ ਦੀ ਸ਼ਰਣ ਲੈਂਦਾ ਹੈ, ਪਰ ਓਥੇ ਵੀ ਜੇ ਤ੍ਰਿਸ਼ਨਾ ਅਤੇ ਕਾਮਨਾ ਦੀਆਂ ਪ੍ਰਚੰਡ ਲਪਟਾਂ ਉੱਠ ਰਹੀਆਂ ਹੋਣ ਤਾਂ ਵਿਚਾਰਾ ਪ੍ਰਾਣੀ ਕਬੀਰ ਦੇ ਸ਼ਬਦਾਂ ਵਿੱਚ ਇਹ ਅਰਜ਼ੋਈ ਹੀ ਕਰ ਸਕਦਾ ਹੈ।

ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ॥
ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ॥

*੭੯੯ ਫੇਜ਼-੬*

*ਮੁਹਾਲੀ*


Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਦੇਸ਼ ਦੀ ਆਜ਼ਾਦੀ ਵਿੱਚ ਨਾਮਧਾਰੀਆਂ ਦਾ ਯੋਗਦਾਨ

—ਜਗਦੀਸ਼ ਸਿੰਘ



ਭਾਰਤ ਦੀ ਆਜ਼ਾਦੀ ਦੀ ਜੰਗ ਅਨੇਕਾਂ ਪੜਾਵਾਂ ਵਿਚੋਂ ਹੋ ਕੇ ਲੰਘੀ ਹੈ। ਇਸ ਵਿੱਚ ਜੀਵਨ ਦੀ ਆਹੂਤੀ ਪਾਉਣ ਵਾਲੇ, ਜੇਹਲਾਂ ਵਿੱਚ ਜਾਣ ਵਾਲੇ ਅਤੇ ਹੋਰ ਕੁਰਬਾਨੀਆਂ ਕਰਨ ਵਾਲਿਆਂ ਦੀ ਇੱਕ ਲੰਮੀ ਸੂਚੀ ਹੈ। ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਸ਼ਾਂਤਮਈ ਅੰਦੋਲਨ ਵੀ ਚਲੇ ਅਤੇ ਹਿੰਸਕ ਅੰਦੋਲਨ ਵੀ। ਜੇ ੧੫ ਅਗਸਤ ੧੯੪੭ ਨੂੰ ਭਾਰਤ ਆਜ਼ਾਦ ਹੋਇਆ ਤਾਂ ਇਸ ਪਿੱਛੇ ਕੁਰਬਾਨੀਆਂ ਦਾ ਲੰਮਾ ਇਤਿਹਾਸ ਹੈ। ਵੱਖ-ਵੱਖ ਵਿਅਕਤੀਆਂ, ਜਥੇਬੰਦੀਆਂ ਅਤੇ ਲਹਿਰਾਂ ਨੇ ਆਪਣਾ-ਆਪਣਾ ਹਿੱਸਾ ਪਾਇਆ ਹੈ।

ਆਜ਼ਾਦੀ ਦੇ ਅੰਦੋਲਨ ਵਿੱਚ ਨਾਮਧਾਰੀ ਜਾਂ ਕੂਕਾ 'ਲਹਿਰ' ਦਾ ਸਿਰ ਕੱਢਵਾਂ ਯੋਗਦਾਨ ਹੈ। ਜੇ ਇਹ ਵੀ ਕਹਿ ਦਿੱਤਾ ਜਾਵੇ ਕਿ ਮੁਕੰਮਲ ਭਾਰਤ ਵਿੱਚ ਬ੍ਰਿਟਿਸ਼ ਸੱਤਾ ਕਾਇਮ ਹੋਣ ਬਾਦ ਜਿਸ ਜਮਾਤ ਨੇ ਅੰਗਰੇਜ਼ੀ ਹਕੂਮਤ ਦੀ ਨੀਂਦ ਹਰਾਮ ਕਰ ਦਿੱਤੀ ਸੀ, ਉਹ ਨਾਮਧਾਰੀ ਹੀ ਸੀ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ।

ਸੱਚੀ ਗੱਲ ਤਾਂ ਇਹ ਹੈ ਕਿ ਅੰਤ ਨੂੰ ਭਾਰਤ ਦੀ ਬੰਦ ਖਲਾਸ, ਨਾਮਧਾਰੀਆਂ ਵੱਲੋਂ ਪਾਈਆਂ ਪੈੜਾਂ ਤੇ ਚਲ ਕੇ ਹੀ ਹੋਈ। ਇਹਨਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਨੇ ਲੂੰ ਕੰਡੇ ਖੜੇ ਕਰਾ ਦੇਣ ਵਾਲਾ ਇਤਿਹਾਸ ਸਿਰਜਿਆ ਅਤੇ ਲੋਕ ਮਨਾਂ ਵਿਚੋਂ ਉਸ ਅੰਗਰੇਜ਼ੀ ਸਰਕਾਰ ਦਾ ਭੈ ਦੂਰ ਕੀਤਾ, ਜਿਸ ਬਾਰੇ ਇਹ ਮਸ਼ਹੂਰ ਸੀ ਕਿ ਇਸ ਦੇ ਰਾਜ ਵਿੱਚ ਸੂਰਜ ਨਹੀਂ ਡੁੱਬਦਾ। ਪੰਜਾਬੀ ਦੇ ਸੁਰਗਵਾਸੀ ਕਵੀ ਸਰਦਾਰ ਪਿਆਰਾ ਸਿੰਘ ਨਿਰਛਲ ਦੀ ਵੱਡੀ ਕਵਿਤਾ ਦੇ ਕੁਝ ਬੰਦ ਇਸ ਗੱਲ ਨੂੰ ਪ੍ਰਗਟ ਕਰਦੇ ਹਨ।

ਗੋਰਾ ਸ਼ਾਹੀ ਵੱਲੋਂ ਜਦੋਂ ਛਾਈ ਸੀ ਹਨ੍ਹੇਰੀ ਰਾਤ
ਉਦੋਂ ਇੱਕ ਰੌਸ਼ਨੀ ਵਿਖਾਈ ਨਾਮਧਾਰੀਆਂ
ਦੇਸ਼ ਆਪਣੇ 'ਚੋਂ ਕਿਹਾ ਨਿਕਲੋ ਬਦੇਸ਼ੀਆਂ ਨੂੰ
ਹਰ ਥਾਂ ਤੇ ਗੂੰਜ ਹੈਸੀ ਪਾਈ ਨਾਮਧਾਰੀਆਂ

........



Sri Satguru Jagjit Singh Ji eLibrary NamdhariElibrary@gmail.com

ਤੋਪਾਂ ਨਾਲ ਉੱਡ ਗਏ - ਸੀ ਨਾ ਉਚਾਰੀ ਮੁਖੋਂ
ਜ਼ੁਲਮ ਸਾਹਵੇਂ ਇੱਕ ਐਸੀ ਡਾਹੀ ਨਾਮਧਾਰੀਆਂ

ਨਾਮਧਾਰੀ ਸਿੰਘਾਂ ਨੇ ਅਕਹਿ ਅਤੇ ਅਸਹਿ ਕਸ਼ਟ ਸਹਾਰੇ। ਉਹ ਤੋਪਾਂ ਨਾਲ ਉਡਾਏ ਗਏ, ਫਾਂਸੀਆਂ ਤੇ ਲਟਕਾਏ ਗਏ, ਉਨ੍ਹਾਂ ਕੈਦਾਂ, ਨਜ਼ਰਬੰਦੀਆਂ ਅਤੇ ਕਾਲੇ ਪਾਣੀ ਦੀਆਂ ਮੁਸ਼ੱਕਤਾ ਭੋਗੀਆਂ, ਪਰ ਉਹਨਾਂ ਆਪਣੇ ਪੈਰਾਂ ਵਿੱਚ ਜ਼ਰਾ ਵੀ ਲਰਜ਼ਿਸ਼ ਨਹੀਂ ਆਉਣ ਦਿੱਤੀ ਅਤੇ ਉਹ ਪੂਰੇ ੯੦ ਸਾਲ ਬਦੇਸ਼ੀ ਅੰਗਰੇਜ਼ੀ ਸਾਮਰਾਜ ਦੇ ਕੱਟੜ ਵਿਰੋਧੀਆਂ ਦੀ ਮੂਹਰਲੀ ਪਾਲ ਵਿੱਚ ਖੜੇ ਰਹੇ।

ਭਾਰਤ ਦੀ ਆਜ਼ਾਦੀ ਵਾਸਤੇ ਚਲੀਆਂ ਤਹਿਰੀਕਾਂ ਵਿੱਚ ਦੋ ਸਮਾਨੰਤਰ ਵਿਚਾਰਧਾਰਾਵਾਂ ਸਪੱਸ਼ਟ ਤੌਰ ਤੇ ਦਿੱਸਦੀਆਂ ਹਨ। ਇੱਕ ਹੈ ਹਥਿਆਰਬੰਦ ਸੰਘਰਸ਼ ਜਿਸ ਦੀ ਵਿਚਾਰਧਾਰਾ ਹਿੰਸਾਵਾਦੀ ਹੈ। ਇਸ ਵਿੱਚ ਗ਼ਦਰ ਪਾਰਟੀ ਦੇ ਸੂਰਬੀਰ, ਸ਼ਹੀਦ ਭਗਤ ਸਿੰਘ ਦੀ ਪਾਰਟੀ, ਬੱਬਰ ਅਕਾਲੀ, ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਅਤੇ ਇਹੋ ਜਿਹੀਆਂ ਹੋਰ ਜਥੇਬੰਦੀਆਂ ਆਉਂਦੀਆਂ ਹਨ। ਇਹਨਾਂ ਆਜ਼ਾਦੀ ਵਾਸਤੇ ਹਿੰਸਕ ਤਰੀਕੇ ਵਰਤੇ। ਸਿਰ ਦਿੱਤੇ ਅਤੇ ਸਿਰ ਲਏ।

ਦੂਜੀ ਵਿਚਾਰਧਾਰਾ ਹੈ ਅਹਿੰਸਕ ਜਾਂ ਸ਼ਾਂਤਮਈ ਅੰਦੋਲਨ ਵਾਲੀ। ਇਸ ਵਿੱਚ ਸਤਿਆਗ੍ਰਹਿ ਅਤੇ ਮਰਨ ਵਰਤ ਸ਼ਾਮਲ ਹਨ। ਇਸ ਵਿਚਾਰਧਾਰਾ ਦੇ ਪ੍ਰਮੁੱਖ ਨੇਤਾ ਮਹਾਤਮਾ ਗਾਂਧੀ, ਪੰਡਿਤ ਨਹਿਰੂ, ਬਾਬੂ ਰਾਜਿੰਦਰ ਪ੍ਰਸ਼ਾਦ ਅਤੇ ਕਾਂਗਰਸ ਦੇ ਹੋਰ ਪ੍ਰਮੁੱਖ ਨੇਤਾ ਸਨ। ਇਹਨਾਂ ਨੇ ਸੁਦੇਸ਼ੀ ਅਤੇ ਨਾ-ਮਿਲਵਰਤਨ ਦਾ ਪ੍ਰਚਾਰ ਕਰਦਿਆਂ ਅਹਿੰਸਕ ਸ਼ਾਂਤਮਈ ਅੰਦੋਲਨ ਕੀਤੇ। ਅੰਤ ਉੱਤੇ ਆਜ਼ਾਦੀ ਮਿਲਣ ਬਾਦ ਰਾਜ ਸੱਤਾ ਇਸੇ ਵਰਗ ਦੇ ਹਿੱਸੇ ਆਈ।

ਪਰ ਕਮਾਲ ਦੀ ਗੱਲ ਇਹ ਹੈ ਕਿ ਦੋਹਾਂ ਹੀ ਵਿਚਾਰਧਾਰਾ ਵਾਲਿਆਂ ਨਾਮਧਾਰੀ ਲਹਿਰ ਤੋਂ ਪ੍ਰਭਾਵ ਅਤੇ ਪ੍ਰੇਰਨਾ ਗ੍ਰਹਿਣ ਕੀਤੀ। ਇੱਕ ਪਾਸੇ ਤਾਂ ਭਾਰਤ ਦੇ ਪਹਿਲੇ ਰਾਸ਼ਟਰਪਤੀ ਬਾਬੂ ਰਾਜਿੰਦਰ ਪ੍ਰਸਾਦ ਅਤੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਲਿਖਦੇ ਹਨ ਕਿ ਸਾਡੇ ਦੇਸ਼ ਵਿੱਚ ਜੋ ਅਸਹਿਯੋਗ ਮਹਾਤਮਾ ਗਾਂਧੀ ਜੀ ਨੇ ਏਡੇ ਜ਼ੋਰ ਨਾਲ ਚਲਾਇਆ ਉਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਹ ਸਾਲ ਪਹਿਲਾਂ ਹੀ ਨਾਮਧਾਰੀਆਂ ਵਿੱਚ ਪ੍ਰਚਾਰਿਆ ਸੀ ਤਾਂ ਦੂਜੇ ਪਾਸੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਆਖਦੇ ਹਨ ਕਿ "ਸੱਚ ਤਾਂ ਇਹ ਹੈ ਕਿ ਮੈਨੂੰ ਅੰਗਰੇਜ਼ੀ ਸਾਮਰਾਜ ਦੀ ਗ਼ੁਲਾਮੀ ਨਾਲ ਜੋ ਨਫ਼ਰਤ ਸੀ ਉਹ ਨਾਮਧਾਰੀ ਮੂਵਮੈਂਟ ਤੋਂ ਵਿਰਸੇ ਵਿੱਚ ਮਿਲੀ ਸੀ।"

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਕੋਲ ਪਈ ਉਹਨਾਂ ਦੀ ਉਰਦੂ ਵਿੱਚ ਹਥ ਲਿਖਤ ਸਵੈ ਜੀਵਨੀ ਵਿੱਚ ਇਵੇਂ ਦਰਜ ਹੈ।

"ਜਦੋਂ ਮੈਂ ਨਾਮਧਾਰੀ ਮੂਵਮੈਂਟ ਵਿੱਚ ਸ਼ਾਮਿਲ ਹੋਇਆ ਤਾਂ ਬਾਬਾ ਜੀ (ਭਾਵ ਬਾਬਾ ਕੇਸਰ ਸਿੰਘ ਮੁਹਾਵਾ) ਅਤੇ ਦੂਜੇ ਮਹਾਰਾਜ ਰਾਮ ਸਿੰਘ ਜੀ ਦੇ ਸਾਥੀਆਂ ਤੋਂ ਮੈਂ ਮਹਾਰਾਜ ਰਾਮ ਸਿੰਘ ਜੀ ਦੀ ਜ਼ਿੰਦਗੀ ਦੇ ਹਾਲਾਤ ਸੁਣੇ। ਕੈਦ ਵਿੱਚ ਉਹਨਾਂ ਦੀ ਅਡੋਲਤਾ, ਦੇਸ਼ ਭਗਤੀ ਅਤੇ ਨਾਮਧਾਰੀਆਂ ਦਾ ਹੱਸ-ਹੱਸ ਕੇ ਤੋਪਾਂ ਅੱਗੇ ਉੱਡਣਾ, ਅੰਗਰੇਜ਼ ਗੌਰਮਿੰਟ ਦੀ ਸਖ਼ਤੀ ਦੇ ਬਾਵਜੂਦ, ਭੱਜੇ ਹੋਏ ਨਾਮਧਾਰੀਆਂ ਨੂੰ ਉਮਰ ਭਰ ਲਈ ਨਾਮਧਾਰੀ ਸਾਥੀਆਂ ਦੇ ਘਰਾਂ ਵਿੱਚ ਪਨਾਹ ਦੇਣਾ ਅਤੇ ਮੌਤ ਨਾਲ ਖੇਡ ਕੇ ਮਫ਼ਰੂਰ ਸਾਥੀਆਂ ਦੀਆਂ ਜਾਨਾਂ ਬਚਾਣੀਆਂ, ਬਾਵਜੂਦ ਪੁਲਸ ਦੀ ਸਖ਼ਤ ਨਿਗਰਾਨੀ ਦੇ ਡਾਕ ਅਤੇ ਖ਼ੁਫ਼ੀਆ ਮੀਟਿੰਗਾਂ ਦੇ ਸਿਲਸਿਲੇ ਨੂੰ ਜਾਰੀ ਰੱਖਣਾ ਆਦਿ। ਇਹਨਾਂ ਸਾਰੇ ਕਾਰਨਾਮਿਆਂ ਅਤੇ ਨਾਮਧਾਰੀਆਂ ਦੇ ਸੱਚੇ ਪਰੇਮ ਅਤੇ ਖ਼ਾਸਕਰ ਬਾਬਾ ਕੇਸਰ ਦੀ ਸੱਚਾਈ ਅਤੇ ਰੂਹਾਨੀਅਤ ਅਤੇ ਆਜ਼ਾਦ ਖ਼ਿਆਲੀ ਦਾ ਮੇਰੇ ਉੱਤੇ ਡੂੰਘਾ ਪ੍ਰਭਾਵ ਪਿਆ ਅਤੇ ਮੈਂ ਆਪਣਾ ਸਾਰਾ ਤਨ, ਮਨ, ਧਨ ਨਾਮਧਾਰੀ ਮੂਵਮੈਂਟ ਉੱਤੇ ਨਿਛਾਵਰ ਕਰ ਦਿੱਤਾ।"

ਐਸੀ ਜ਼ਬਰਦਸਤ ਸੰਗਰਾਮਕਾਰੀ ਜਥੇਬੰਦੀ 'ਨਾਮਧਾਰੀ ਲਹਿਰ' ਨੂੰ ਜਨਮ ਦੇਣ ਵਾਲੀ ਚਮਤਕਾਰੀ ਸ਼ਖ਼ਸੀਅਤ ਸਤਿਗੁਰੂ ਰਾਮ ਸਿੰਘ ਜੀ ਦਾ ਦੇਸ਼ ਸਦਾ ਹੀ ਰਿਣੀ ਰਹੇਗਾ।

ਆਪ ਦਾ ਜਨਮ ਭਾਵੇਂ ਸੰਨ ੧੮੧੬ ਨੂੰ ਲੁਧਿਆਣਾ ਜ਼ਿਲ੍ਹੇ ਦੇ ਇੱਕ ਗੁਮਨਾਮ ਪਿੰਡ ਰਾਈਆਂ ਵਿੱਚ ਹੀ ਹੋਇਆ, ਪਰ ਕਰਮ ਭੂਮੀ ਪਿੰਡ ਭੈਣੀ ਬਣਿਆ, ਜੋ ਪਿੰਡ ਰਾਈਆਂ ਦਾ ਹੀ ਵਿਸਥਾਰ ਸੀ। ਇਹ ਹੀ ਪਿੰਡ ਭੈਣੀ ਅੱਜ ਕੱਲ੍ਹ ਸ੍ਰੀ ਭੈਣੀ ਸਾਹਿਬ ਦੇ ਨਾਓਂ ਨਾਲ ਜਗਤ ਪ੍ਰਸਿੱਧ ਹੈ। ਆਪ ਦੇ ਪਿਤਾ ਜੀ ਬਾਬਾ ਜੱਸਾ ਸਿੰਘ ਪਿੰਡ ਵਿੱਚ ਲੋਹਾਰਾ ਤਰਖਾਣਾ ਕੰਮ ਕਰਦੇ ਅਤੇ ਇਲਾਕੇ ਵਿੱਚ ਆਪਣੇ ਕਿਰਤ ਦੇ ਗੁਣਾਂ ਅਤੇ ਨੇਕ ਸੁਭਾ ਕਰਕੇ ਪ੍ਰਸਿੱਧ ਸਨ। ਗੁਰੂ ਰਾਮ ਸਿੰਘ ਜੀ ਦਾ ਬਚਪਣ ਆਪਣੀ ਮਹਾਨ ਭਗਤੀ ਭਾਵ ਵਾਲੀ ਮਾਤਾ ਸਦਾ ਕੌਰ ਪਾਸੋਂ ਗੁਰਮਤ ਅਤੇ ਦੇਸ਼ ਭਗਤੀ ਦੀਆਂ ਇਤਿਹਾਸਕ ਕਥਾਵਾਂ ਸੁਣਦਿਆਂ ਬੀਤਿਆ। ਧਾਰਮਿਕ ਅਤੇ ਦੇਸ਼ ਭਗਤੀ ਦੇ ਗੁਣਾਂ ਨੂੰ ਵਿਰਸੇ ਵਿੱਚ ਗ੍ਰਹਿਣ ਕਰਕੇ ਵੀਹ ਸਾਲ ਦੀ ਭਰ ਜੁਆਨ ਉਮਰ ਵਿੱਚ ਆਪ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਹੋ ਗਏ। ਇਥੇ ਆਪ ਨੇ ਫੌਜੀ ਅਨੁਸ਼ਾਸਨ ਵੀ ਸਿੱਖਿਆ, ਵੱਖ-ਵੱਖ ਥਾਵਾਂ ਦਾ ਭਰਮਣ ਵੀ ਕੀਤਾ ਅਤੇ ਹਜ਼ਰੋ ਜ਼ਿਲ੍ਹਾ ਅੱਟਕ (ਹੁਣ ਪਾਕਿਸਤਾਨ) ਵਿੱਚ ਪ੍ਰਸਿੱਧ ਮਹਾਪੁਰਖ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਤੋਂ ਨਾਮ ਵੀ ਪ੍ਰਾਪਤ ਕੀਤਾ ਅਤੇ ਗੁਰਗੱਦੀ ਦੀ ਵਿਰਾਸਤ ਵੀ। ਫੌਜੀ ਜੀਵਨ ਵਿੱਚ ਚੰਗੇ ਜੀਵਨ ਦੇ ਚਾਹਵਾਨ ਲੋਕ ਆਪ ਤੋਂ ਪ੍ਰਭਾਵਤ ਹੋਏ ਅਤੇ ਆਪ ਦਾ ਜੱਸ ਹਰ ਪਾਸੇ ਫੈਲਿਆ। ਆਪ ਨੇ ਡੂੰਘੇ ਚਿੰਤਨ ਬਾਦ

ਪੰਜਾਬ ਦੀ ਰਾਜਸੀ, ਆਰਥਕ, ਧਾਰਮਕ ਅਤੇ ਸਮਾਜਕ ਸਥਿਤੀ ਦੇ ਨਿਘਾਰ ਨੂੰ ਭਾਂਪਿਆ। ਲੋਕਾਂ ਦੇ ਚਰਿੱਤਰ ਵਿੱਚ ਆਈ ਭਾਰੀ ਗਿਰਾਵਟ ਨੂੰ ਦੇਖਦਿਆਂ ਆਪ ਨੇ ਕਹਿ ਦਿੱਤਾ ਕਿ ਸਦੀਆਂ ਦੀ ਜੱਦੋ-ਜਹਿਦ ਬਾਦ ਆਏ ਆਜ਼ਾਦੀ ਦੇ ਕੁਝ ਸਾਲ ਖਤਮ ਹੀ ਹੋਣ ਵਾਲੇ ਹਨ।

ਪੰਜਾਬ ਦੇ ਸਿਆਸੀ ਰੰਗਮੰਚ ਉੱਤੇ ਇੱਕ ਖ਼ੂਨੀ ਡਰਾਮਾ ਖੇਡਿਆ ਗਿਆ। ਦੇਸ਼ ਧ੍ਰੋਹ, ਸਵਾਰਥ ਅਤੇ ਪਾਪ ਦਾ ਬਾਜ਼ਾਰ ਗਰਮ ਹੋਇਆ। ਨਿੱਤ ਹੁੰਦੇ ਕਤਲਾਂ ਬਾਦ ਬਾਵਜੂਦ ਸੱਚੇ ਸੂਰਬੀਰਾਂ ਦੀਆਂ ਕੁਰਬਾਨੀਆਂ ਦੇ, ਦੋ ਜੰਗਾਂ ਬਾਦ ਮਾਰਚ ੧੮੪੯ ਵਿੱਚ ਭਾਰਤ ਦਾ ਆਖਰੀ ਬਚਿਆ ਆਜ਼ਾਦ ਰਾਜ ਪੰਜਾਬ ਵੀ ਅੰਗਰੇਜ਼ੀ ਸਲਤਨਤ ਵਿੱਚ ਸ਼ਾਮਲ ਕਰ ਲਿਆ ਗਿਆ।

ਇਸ ਵੇਲੇ ਦੇਸ਼ ਵਿੱਚ, ਵਿਸ਼ੇਸ਼ ਕਰਕੇ ਪੰਜਾਬ ਵਿੱਚ ਮਾਯੂਸੀ, ਨਿਤਾਣੇਪਣ ਦੀ ਕਾਲੀ ਬੋਲੀ ਰਾਤ ਦਾ ਸਿਖਰ ਸੀ। ਕਿਸੇ ਪਾਸਿਓਂ ਵੀ ਆਸ ਦੀ ਕਿਰਨ ਨਹੀਂ ਸੀ ਦਿਸ ਰਹੀ। ਘੋਰ ਨਿਰਾਸਤਾ ਭਰੇ ਇਸ ਸਮੇਂ ਵਿੱਚ ਸਤਿਗੁਰੂ ਰਾਮ ਸਿੰਘ ਸੂਰਜ ਵਾਂਗ ਉਦੇ ਹੋਏ ਅਤੇ ਦੇਸ਼ ਵਾਸੀਆਂ ਨੂੰ ਨਵੀਂ ਜਾਗ੍ਰਿਤੀ ਦਾ ਪੈਗਾਮ ਦਿੱਤਾ। ਉਹਨਾ ਸੰਨ ੧੮੫੭ ਦੇ ਗ਼ਦਰ ਸ਼ੁਰੂ ਹੋਣ ਤੋਂ ਵੀ ਇੱਕ ਮਹੀਨਾ ਪਹਿਲਾਂ ਵਿਸਾਖੀ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਵਿੱਚ ਇੱਕ ਭਾਰੀ ਇਕੱਠ ਕਰਕੇ ਆਪਣੇ ਭਾਵੀ ਕਾਰਜਕ੍ਰਮ ਦਾ ਐਲਾਨ ਕੀਤਾ। ਆਪਣੇ ਭੁਲ ਚੁੱਕੇ ਗੌਰਵਮਈ ਵਿਰਸੇ ਨੂੰ ਯਾਦ ਕਰਾਉਂਦਿਆਂ ਜਿਥੇ ਆਪ ਨੇ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਨਾਮਧਾਰੀ ਸੰਤ ਖ਼ਾਲਸੇ ਦੀ ਬੁਨਿਆਦ ਰਖੀ ਉਥੇ ਸਮਾਜ ਵਿੱਚ ਫੈਲੇ ਹਰ ਤਰ੍ਹਾਂ ਦੇ ਅੰਧਕਾਰ ਨੂੰ ਖਤਮ ਕਰਨ ਲਈ ਵਿਸਤ੍ਰਤ ਯੋਜਨਾ ਵੀ ਬਣਾਈ। ਪੰਜਾਬ ਵਿੱਚ ਅੰਗਰੇਜ਼ੀ ਰਾਜ ਸਥਾਪਤ ਹੋਣ ਦੇ ਅੱਠ ਸਾਲ ਅੰਦਰ ਹੀ ਨਵੀਂ ਜਥੇਬੰਦੀ ਕਾਇਮ ਕਰ ਲਈ, ਜੋ ਨਾਮ ਜਪਣ ਕਰਕੇ ਨਾਮਧਾਰੀ ਸਿੱਖ ਅਤੇ ਬਾਦ ਵਿੱਚ ਕੂਕਾਂ ਮਾਰਨ ਕਰਕੇ ਕੂਕੇ ਉਪਨਾਮ ਨਾਲ ਪ੍ਰਸਿੱਧ ਹੋਈ। ਪੂਰੇ ਵੀਹ ਸਾਲ ਦੇ ਅਧਿਐਨ ਅਤੇ ਸਾਧਨਾ ਦੇ ਬਾਦ ਆਪ ਨੇ ਸਿੱਟਾ ਕੱਢਿਆ ਕਿ ਸਮਾਜਕ ਕੁਰੀਤੀਆਂ ਵਿੱਚ ਫਸਿਆ ਕੋਈ ਵੀ ਭਾਈਚਾਰਾ ਆਜ਼ਾਦੀ ਦਾ ਸੁਪਨਾ ਨਹੀਂ ਲੈ ਸਕਦਾ। ਇਸਤਰੀ ਜਾਤੀ ਸਮਾਜ ਦਾ ਅੱਧਾ ਅੰਗ ਹੈ, ਜਿਨ੍ਹਾਂ ਚਿਰ ਉਹ ਗੁਲਾਮ ਹੈ ਸਮਾਜ ਆਜ਼ਾਦ ਹੋ ਹੀ ਨਹੀਂ ਸਕਦਾ। ਵਿਅਕਤੀ ਦੀ ਆਤਮਕ ਉੱਚਤਾ ਹੀ ਸਮਾਜ ਦੇ ਚਰਿੱਤਰ ਨੂੰ ਬਣਾਉਂਦੀ ਹੈ।

ਅਗਲੇ ਸਾਲਾਂ ਵਿੱਚ ਆਪ ਨੇ ਪੰਜਾਬ ਅਤੇ ਬਾਹਰ ਪਿੰਡ-ਪਿੰਡ ਦੌਰਾ ਕੀਤਾ ਅਤੇ ਉਪਦੇਸ਼ ਦਿੱਤਾ ਕਿ ਸਾਡੇ ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਅਮਲੀ ਜੀਵਨ ਵਿੱਚ ਢਾਲਣ ਵਾਸਤੇ ਨਾਮ-ਸਿਮਰਨ, ਗੁਰੂ ਵਿਅਕਤੀ ਉੱਤੇ ਆਸਥਾ, ਦਾਨ, ਇਸ਼ਨਾਨ, ਗੁਰਬਾਣੀ ਅਧਿਐਨ, ਪਾਠ, ਕੀਰਤਨ, ਸੱਚਾ-ਸੁੱਚਾ ਜੀਵਨ ਮਰਿਆਦਾਂ ਵਜੋਂ ਅਪਨਾਉਣਾ ਅਤਿ ਜ਼ਰੂਰੀ ਹੈ।

ਸਮਾਜਕ ਖੇਤਰ ਵਿੱਚ ਆਪ ਨੇ ਇਸਤਰੀ ਜਾਤੀ ਦੇ ਉਥਾਨ ਵਾਸਤੇ ਜ਼ਬਰਦਸਤ ਉਪਕਾਰ ਅਤੇ ਉਪਰਾਲੇ ਕੀਤੇ। ਬੱਚੀਆਂ ਦੀ ਪੜ੍ਹਾਈ ਤੇ ਜ਼ੋਰ ਦੇਣ ਨਾਲ-ਨਾਲ ਉਸ ਸਮੇਂ ਦੇ ਰਿਵਾਜ ਦੇ ਵਿਪ੍ਰੀਤ ਬਾਲ ਵਿਆਹ ਬੰਦ ਕੀਤੇ। ਜੰਮਦੀਆਂ ਲੜਕੀਆਂ ਨੂੰ ਮਾਰ ਦੇਣ ਜਿਹੀ ਘਿਨਾਉਣੀ ਪ੍ਰਪਾਟੀ ਤੇ ਜ਼ਬਰਦਸਤ ਰੋਕ ਲਾਈ। ਇਸਤਰੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘਾਂ ਦੇ ਬਰਾਬਰ ਹੀ ਅਸਥਾਨ ਦਿੱਤਾ। ਅਨੰਦ ਕਾਰਜ ਦੀ ਸਾਦਾ ਅਤੇ ਸਾਤਵਿਕ ਰੀਤ ਤੋਰੀ। ਵਿਧਵਾਵਾਂ ਨੂੰ ਮੁੜ ਕੇ ਵਿਆਹ ਕਰਨ ਦੀ ਆਗਿਆ ਕੀਤੀ। ਥੋੜ੍ਹੇ ਸਮੇਂ ਵਿੱਚ ਹੀ ਇਸਤਰੀ ਜਾਤੀ ਦਾ ਸਨਮਾਨ ਬਹਾਲ ਕੀਤਾ।

ਆਜ਼ਾਦੀ ਪ੍ਰਾਪਤੀ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਨੇ ਸੁਦੇਸ਼ੀ ਅਤੇ ਨਾ-ਮਿਲਵਰਨ ਨੂੰ ਸਿਆਸੀ ਹਥਿਆਰ ਵਜੋਂ ਈਜਾਦ ਕੀਤਾ। ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਪੰਡਿਤ ਨਹਿਰੂ ਅਤੇ ਡਾ. ਰਾਜਿੰਦਰ ਪ੍ਰਸਾਦ ਜੀ ਨੇ ਇਸ ਗੱਲ ਨੂੰ ਭਲੀ ਪ੍ਰਕਾਰ ਦਰਜ ਕੀਤਾ ਹੈ, ਪਰ ਇਥੇ ਅਸੀਂ ਸ਼ਹੀਦ ਭਗਤ ਸਿੰਘ ਦੇ ਲੇਖ ਦਾ ਹਵਾਲਾ ਦਿੰਦੇ ਹਾਂ ਜੋ ਲਿਖਦੇ ਹਨ—

"ਉਹਨਾਂ ਉਸ ਵੇਲੇ ਠੀਕ ਉਹੀ ਨਾ-ਮਿਲਵਰਤਨ ਦਾ ਪ੍ਰਚਾਰ ਸ਼ੁਰੂ ਕੀਤਾ, ਜੋ ੧੯੨੦ ਵਿੱਚ ਮਹਾਤਮਾ ਗਾਂਧੀ ਨੇ ਕੀਤਾ ਸੀ, ਉਨ੍ਹਾਂ ਦੀ ਨਾ-ਮਿਲਵਰਤਨ ਮਹਾਤਮਾ ਦੀ ਨਾ-ਮਿਲਵਰਤਨ ਤੋਂ ਵੀ ਕਈ ਗਲਾਂ ਵਿੱਚ ਵੱਧ ਕੇ ਸੀ।

ਅਦਾਲਤਾਂ ਦਾ ਬਾਈਕਾਟ—ਆਪਣੀਆਂ ਪੰਚਾਇਤਾਂ ਦੀ ਕਾਇਮੀ-ਸਰਕਾਰੀ ਤਾਲੀਮ ਦਾ ਬਾਈਕਾਟ—ਬਦੇਸ਼ੀ ਸਰਕਾਰ ਦੇ ਪੂਰੇ ਬਾਈਕਾਟ ਨਾਲ ਰੇਲ ਤਾਰ ਅਤੇ ਡਾਕ ਦੇ ਬਾਈਕਾਟ ਦਾ ਵੀ ਪ੍ਰਚਾਰ ਕੀਤਾ।

ਇਸ ਵੇਲੇ ਦੇਸ਼ ਇੰਨਾ ਸਾਹਸਹੀਣ ਹੋ ਕੇ ਉਹਨਾਂ ਚੀਜ਼ਾਂ ਉੱਤੇ ਇੰਨਾ ਨਿਰਭਰ ਹੋ ਗਿਆ ਸੀ ਕਿ ਉਹਨਾਂ ਦੇ ਬਾਈਕਾਟ ਦੀ ਗਲ ਸੋਚੀ ਵੀ ਨਹੀਂ ਸੀ ਜਾ ਸਕਦੀ। ਇਸ ਤਰ੍ਹਾਂ ਉਨ੍ਹਾਂ ਡਾਕ ਦਾ ਪ੍ਰਬੰਧ ਇੰਨਾ ਚੰਗਾ ਕਰ ਲਿਆ ਸੀ ਕਿ ਭਾਈ ਪਰਮਾਨੰਦ ਦੇ ਲੇਖ ਅਨੁਸਾਰ ਉਹਨਾਂ ਦੀ ਡਾਕ ਸਰਕਾਰੀ ਡਾਕ ਨਾਲੋਂ ਵੀ ਸ਼ਤਾਬੀ ਪਹੁੰਚਦੀ ਸੀ। ਇਹਨਾਂ ਗੱਲਾਂ ਦੇ ਨਾਲ ਸਾਦਾ ਪਹਿਰਾਵੇ ਅਤੇ ਸੁਦੇਸ਼ੀ ਪੁਸ਼ਾਕ ਪਹਿਨਣ ਦਾ ਜ਼ੋਰ ਨਾਲ ਉਪਦੇਸ਼ ਹੁੰਦਾ ਸੀ। ਪ੍ਰਚਾਰ ਦਾ ਕੰਮ ਇੰਨੀ ਦੇਰ ਨਾ ਹੋ ਸਕਿਆ ਅਤੇ ਸਰਕਾਰ ਇਸ ਉੱਤੇ ਕਰੜੀ ਨਜ਼ਰ ਰੱਖਣ ਲੱਗੀ। ਉਸ ਨੂੰ ਇਸ ਪਰਚੰਡ ਅੰਦੋਲਨ ਨੂੰ ਨੱਪ ਦੇਣ ਦੀ ਚਿੰਤਾ ਹੋ ਗਈ।"

ਸ਼ਹੀਦ ਭਗਤ ਸਿੰਘ ਦੀ ਉਪ੍ਰੋਕਤ ਟੂਕ ਬਹੁਤ ਵਿਸਤ੍ਰਿਤ ਪ੍ਰੋਗਰਾਮ ਨੂੰ ਸੰਖੇਪ ਵਿੱਚ ਵਰਨਣ ਕਰਦੀ ਹੈ।

੨ ਜੂਨ ਸੰਨ ੧੮੬੩ ਨੂੰ ਆਨੰਦ ਕਾਰਜਾਂ ਲਈ ਪਿੰਡ ਖੋਟੇ ਦੇ ਮੇਲੇ ਸਮੇਂ ਬਾਘਾ ਪੁਰਾਣੇ ਦੇ ਥਾਨੇ ਵਿੱਚ ਇਹ ਰਿਪੋਰਟ ਦਰਜ



Sri Satguru Jagjit Singh Ji eLibrary NamdhariElibrary@gmail.com

ਕਰਾਈ ਗਈ– "ਗੁਰੂ ਰਾਮ ਸਿੰਘ ਅਤੇ ਉਸ ਦੇ ਚੇਲਿਆਂ ਦੇ ਚਾਲੇ ਵੱਖਰੇ ਜਾਪਦੇ ਹਨ। ਉਹ ਸਰਕਾਰ ਵਿਰੁੱਧ ਗੱਲਾਂ ਕਰਦੇ ਹਨ।– ਉਹ ਕਹਿੰਦੇ ਹਨ ਕਿ ਸਾਰਾ ਮੁਲਕ ਜਲਦੀ ਉਹਨਾਂ ਦਾ ਹੋ ਜਾਵੇਗਾ। ਉਨ੍ਹਾਂ ਪਿੱਛੇ ਸਵਾ ਲੱਖ ਆਦਮੀ ਹੋਵੇਗਾ।"

੯ ਜੂਨ ੧੮੬੩ ਨੂੰ ਪੰਜਾਬ ਦੇ ਡੀ.ਆਈ.ਜੀ. ਪੁਲਿਸ ਮੈਕ ਐਂਡਰੀਓ ਨੇ ਸਰਕਾਰ ਨੂੰ ਰਿਪੋਰਟ ਭੇਜੀ ਕਿ ਗੁਰੂ ਰਾਮ ਸਿੰਘ ਦੇ ਪ੍ਰਚਾਰ ਨੇ ਪੰਜਾਬ ਵਿੱਚ ਬੜੀ ਵੱਡੀ ਤਰਥਲੀ ਮਚਾ ਦਿੱਤੀ ਹੈ।

੧੮੬੬ ਵਿੱਚ ਅੰਬਾਲਾ ਦੇ ਕਮਿਸ਼ਨਰ ਕਰਨਲ ਆਰ.ਜੀ. ਟੇਲਰ ਨੇ ਸਰਕਾਰ ਨੂੰ ਭੇਜੀ ਰਿਪੋਰਟ ਵਿੱਚ ਕਿਹਾ ਇਹ ਮੇਰਾ ਪੱਕਾ ਯਕੀਨ ਹੈ ਕਿ ਨਾਮਧਾਰੀ ਗੱਭਰੂ ਦੇਰ-ਸਵੇਰ ਜੰਗ ਕਰਨ ਦਾ ਵਿਚਾਰ ਰੱਖਦੇ ਹਨ।

ਇਹ ਕੁਝ ਕੁ ਰਿਪੋਰਟਾਂ ਨਾਮ ਮਾਤਰ ਹਨ। ਉਸ ਵੇਲੇ ਸਾਰੀ ਸੂਹੀਆ ਮਸ਼ੀਨਰੀ ਨਾਮਧਾਰੀਆਂ ਬਾਰੇ ਰਿਪੋਰਟਾਂ ਇਕੱਠੀਆਂ ਕਰਨ ਵਿੱਚ ਹੀ ਸਰਗਰਮ ਸੀ। ਹੋਰ ਸਰਕਾਰੀ ਅਤੇ ਗ਼ੈਰ ਸਰਕਾਰੀ ਰਿਪੋਰਟਾਂ ਨੇ ਸਰਕਾਰ ਦੇ ਮਨ ਅੰਦਰ ਨਾਮਧਾਰੀਆਂ ਦੀਆਂ ਸਰਗਰਮੀਆਂ ਬਾਰੇ ਡਰ ਪੈਦਾ ਕਰ ਦਿੱਤਾ। ਇਸ ਵੇਲੇ ਕਈ ਵਾਰ ਨਾਮਧਾਰੀਆਂ ਦੇ ਪ੍ਰਚਾਰ ਤੇ ਪਾਬੰਦੀਆਂ ਲੱਗੀਆਂ ਕਈ ਵਾਰ ਹਟੀਆਂ, ਪਰ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਭਾਵ ਖੇਤਰ ਫੈਲਦਾ ਹੀ ਗਿਆ। ਇਲਾਕਿਆਂ ਦੇ ਇਲਾਕੇ ਗੁਰੂ ਰਾਮ ਸਿੰਘ ਜੀ ਦੇ ਅਸਰ ਹੇਠ ਆਏ।

ਸਰਕਾਰ ਅੰਗਰੇਜ਼ੀ ਵਾਸਤੇ ਇਹ ਖ਼ਬਰ ਵੀ ਬਹੁਤ ਤੌਖਲਾ ਪੈਦਾ ਕਰਨ ਵਾਲੀ ਸੀ ਕਿ ਗੁਰੂ ਰਾਮ ਸਿੰਘ ਜੀ ਨੇ ਆਪਣੀ ਜਥੇਬੰਦੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਦੇਸ਼ ਨੂੰ ਬਾਦਸ਼ਾਹ ਅਕਬਰ ਵਾਂਗ ਬਾਈ ਸੂਬਿਆਂ ਵਿੱਚ ਵੰਡ ਕੇ ਸੂਬੇ ਅਥਵਾ ਸੂਬੇਦਾਰ ਕਾਇਮ ਕਰਕੇ ਅੰਗਰੇਜ਼ੀ ਹਕੂਮਤ ਦੇ ਸਮਾਨੰਤਰ ਵੱਖਰੀ ਆਜ਼ਾਦ ਹਕੂਮਤ ਕਾਇਮ ਕਰ ਲਈ ਹੈ। ਨੇਪਾਲ ਅਤੇ ਕਸ਼ਮੀਰ ਦੀਆਂ ਆਜ਼ਾਦ ਰਿਆਸਤਾਂ ਨਾਲ ਵੀ ਸਤਿਗੁਰੂ ਜੀ ਦੇ ਸਿੱਧੇ ਸੰਪਰਕ ਕਾਇਮ ਹੋ ਗਏ ਹਨ। ਹੋਰ ਹੈਰਾਨੀ ਵਾਲੀ ਇਹ ਗੱਲ ਸੀ ਕਿ ਅਫ਼ਗਾਨਿਸਤਾਨ ਦੇ ਸ਼ਾਹੀ ਘਰਾਨੇ ਦਾ ਇੱਕ ਸ਼ਹਿਜ਼ਾਦਾ ਗੁਪਤ ਰੂਪ ਵਿੱਚ ਭੈਣੀ ਸਾਹਿਬ ਗੁਰੂ ਜੀ ਨੂੰ ਮਿਲ ਕੇ ਗਿਆ ਹੈ। ਸੰਨ ੧੮੫੭ ਦੇ ਗ਼ਦਰ ਦੇ ਕਈ ਰੂਹ ਪੋਸ਼ ਬਾਗ਼ੀਆਂ ਨਾਲ ਸਤਿਗੁਰੂ ਰਾਮ ਸਿੰਘ ਜੀ ਦਾ ਵੀ ਗੁਪਤ ਸੰਬੰਧ ਹੈ।

ਅੰਤ ਅੰਦਰੋਂ-ਅੰਦਰੀ ਖੌਲਦਾ ਲਾਵਾ ਕੰਢਿਆਂ ਤੋਂ ਬਾਹਰ ਆ ਹੀ ਗਿਆ। ਸਤਿਗੁਰੂ ਰਾਮ ਸਿੰਘ ਵੱਲੋਂ ਜਗਾਈ ਜੋਤ ਪੰਦਰਾਂ ਸਾਲਾਂ ਵਿੱਚ ਹੀ ਇੱਕ ਭਾਂਬੜ ਬਣ ਗਈ। ਜੋਸ਼ੀਲੇ ਨਾਮਧਾਰੀ ਜਵਾਨ ਬਾਕੀ ਸਭ ਕੁਝ ਤਾਂ ਬਰਦਾਸ਼ਤ ਕਰਦੇ ਰਹੇ, ਪਰ ਉਨ੍ਹਾਂ ਤੋਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗੁਰਦੁਆਰੇ ਕੋਲ ਗਊਆਂ ਕਤਲ ਕਰਨ ਵਾਲਾ ਬੁਚੜਖਾਨਾ ਬਰਦਾਸ਼ਤ ਨਾ ਹੋਇਆ ਅਤੇ ਨਾ ਹੀ ਰਾਇਕੋਟ ਵਿੱਚ ਦਸ਼ਮ ਪਾਤਸ਼ਾਹ ਦੇ ਗੁਰਦੁਆਰੇ ਕੋਲ ਹੀ ਅਜਿਹਾ ਕਾਰਾ। ਉਹਨਾਂ ਨੇ ਬੁਚੜਾਂ ਨੂੰ ਮਾਰ ਦਿੱਤਾ ਅਤੇ ਗਊਆਂ ਆਜ਼ਾਦ ਕਰ ਦਿੱਤੀਆਂ। ਸਰਕਾਰ ਅੰਗਰੇਜ਼ੀ ਨੇ ਇਸ ਨੂੰ ਬਗ਼ਾਵਤ ਦਾ ਨਾਮ ਦਿੱਤਾ ਅਤੇ ਥਾਓਂ ਥਾਈਂ ਹੁਣ ਸ਼ਾਨਦਾਰ ਸ਼ਹੀਦੀਆਂ ਦੇ ਕਾਂਡ ਸ਼ੁਰੂ ਹੋ ਗਏ।

੧੫ ਸਤੰਬਰ ੧੮੭੧ ਨੂੰ ਅੰਮ੍ਰਿਤਸਰ ਵਿੱਚ ਚਾਰ ਨਾਮਧਾਰੀ ਸਿੰਘਾਂ ਲਹਿਣਾ ਸਿੰਘ, ਫਤਹਿ ਸਿੰਘ, ਹਾਕਮ ਸਿੰਘ, ਬੀਹਲਾ ਸਿੰਘ ਨੂੰ ਆਮ ਜਨਤਾ ਦੇ ਸਾਹਮਣੇ ਰਾਮ ਬਾਗ਼ ਦੇ ਇੱਕ ਬੋਹੜ ਨਾਲ ਫਾਹੇ ਲਾਇਆ ਗਿਆ। ਸਰਕਾਰ ਵਾਸਤੇ ਭਾਰੀ ਨਮੋਸ਼ੀ ਅਤੇ ਫਟਕਾਰ ਵਾਲੀ ਗੱਲ ਇਹ ਸੀ ਕਿ ਇਹਨਾਂ ਨਾਮਧਾਰੀਆਂ ਨੇ ਬਦੋਸਿਆ ਨੂੰ ਬਚਾਉਣ ਲਈ ਆਪ ਦੋਸ਼ ਕਬੂਲ ਕੀਤੇ ਅਤੇ ਕਤਲ ਦੇ ਸਬੂਤ ਪੇਸ਼ ਕੀਤੇ ਸਨ। ਇਥੇ ਹੀ ਬਸ ਨਹੀਂ, ਉਹਨਾਂ ਫਾਂਸੀ ਦੇ ਰੇਸ਼ਮੀ ਰੱਸੇ ਵੀ ਆਪ ਗਲਾਂ ਵਿੱਚ ਪਾਏ। ਇਹਨਾਂ ਸ਼ਹੀਦੀਆਂ ਨਾਲ ਨਾਮਧਾਰੀਆਂ ਦੀ ਬਹੁਤ ਜੈ-ਜੈ ਕਾਰ ਹੋਈ। ਇਸੇ ਕੇਸ ਵਿੱਚ ਇੱਕ ਹੋਰ ਸਿੰਘ, ਝੰਡਾ ਸਿੰਘ ਨੂੰ ਇੱਕ ਸਾਲ ਬਾਦ ਫਾਹੇ ਲਾਇਆ ਗਿਆ। ਸ. ਲਹਿਣਾ ਸਿੰਘ ਅਤੇ ਲਾਲ ਸਿੰਘ ਸਿਪਾਹੀ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ।

ਰਾਇਕੋਟ ਵਿੱਚ ਸੰਤ ਮੰਗਲ ਸਿੰਘ, ਮਸਤਾਨ ਸਿੰਘ, ਗੁਰਮੁਖ ਸਿੰਘ ਨੂੰ ਵੀ ਆਪ ਲੋਕਾਂ ਦੇ ਸਾਹਮਣੇ ਫਾਂਸੀ ਤੇ ਟੰਗਿਆ ਗਿਆ।

ਇਸੇ ਸਾਲ ਹੀ ਨਵੰਬਰ ਵਿੱਚ ਦੋ ਅਹਿਮ ਨਾਮਧਾਰੀਆਂ ਸੂਬਾ ਰਤਨ ਸਿੰਘ ਮੰਡੀ ਅਤੇ ਸੰਤ ਰਤਨ ਸਿੰਘ ਨਾਈਵਾਲਾ ਨੂੰ ਲੁਧਿਆਣਾ ਸੈਂਟਰਲ ਜੇਲ੍ਹ ਦੇ ਬਾਹਰ ਫਾਂਸੀ ਲਾਇਆ ਗਿਆ। ਇਹ ਦੋਵੇਂ ਸਜਨ ਵਾਰਦਾਤ ਵਿੱਚ ਸ਼ਾਮਲ ਨਹੀਂ ਸਨ। ਇਹਨਾਂ ਦੀ ਫਾਂਸੀ ਵਿਰੁੱਧ ਭਾਰੀ ਗੁੱਸਾ ਫੈਲਿਆ, ਜੋ ਮਾਲੇਰਕੋਟਲਾ ਰਿਆਸਤ ਤੇ ਹਮਲੇ ਦੇ ਰੂਪ ਵਿੱਚ ਨਿਕਲਿਆ।

ਸੰਨ ੧੮੭੨ ਦੀ ਜਨਵਰੀ ਨੂੰ ਮਲੇਰਕੋਟਲੇ ਵਿੱਚ ਭਾਰੀ ਘਲੂਘਾਰਾ ਹੋਇਆ। ੧੭ ਜਨਵਰੀ ਨੂੰ ੪੯ ਸਿੰਘ ਬਗ਼ੈਰ ਕਿਸੇ ਅਦਾਲਤੀ ਕਾਰਵਾਈ ਦੇ ਤੋਪ ਨਾਲ ਉਡਾਏ ਗਏ। ਸਿੰਘਾਂ ਨੇ ਬਹੁਤ ਬਹਾਦਰੀ ਨਾਲ ਖੁਦ ਮੰਗ ਕੇ ਤੋਪਾਂ ਵੱਲ ਮੂੰਹ ਕਰਕੇ ਆਜ਼ਾਦਾਨਾ ਰੂਪ ਵਿੱਚ ਸ਼ਹੀਦੀਆਂ ਪਾਈਆਂ। ਇੱਕ ਬੱਚੇ ਬਿਸ਼ਨ ਸਿੰਘ ਨੇ ਅੰਗਰੇਜ਼ ਡਿਪਟੀ ਕਮਿਸ਼ਨਰ ਕਾਵਨ ਦੀ ਦਾੜ੍ਹੀ ਫੜੀ ਤਾਂ ਉਸਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਅਗਲੇ ਦਿਨ ਭਾਵ ੧੮ ਜਨਵਰੀ ਨੂੰ ੧੬ ਹੋਰ ਨਾਮਧਾਰੀਆਂ ਨੂੰ ਤੋਪ ਨਾਲ ਉਡਾ ਦਿੱਤਾ ਗਿਆ। ਲੋਕ ਕਵੀ ਹਰਨਾਮ ਸਿੰਘ ਬਗਲੀ ਨੇ ਆਪਣੀ ਕਾਵਿ ਪੁਸਤਕ 'ਸੰਤ ਖ਼ਾਲਸਾ' ਵਿੱਚ ਇਹਨਾਂ ਸ਼ਹੀਦੀਆਂ ਦਾ ਸ਼ਬਦੀ ਚਿੱਤਰ ਇਵੇਂ ਖਿੱਚਿਆ ਹੈ।



Sri Satguru Jagjit Singh Ji eLibrary NamdhariElibrary@gmail.com



ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬੈਠੇ ਹੋਏ ਪੰਡਿਤ ਜਵਾਹਰ ਲਾਲ ਨਹਿਰੂ, ਮਾਸਟਰ ਤਾਰਾ ਸਿੰਘ, ਡਾ. ਸੈਫੁਲਦੀਨ ਕਿਚਲੂ ਆਦਿ।

ਚਲੇ ਤੋਪ ਨਜ਼ਦੀਕ ਤੇ ਬਹੁਤ ਕੜਕੇ
ਤੂੰਬੇ ਤੂੰਬੇ ਸਰੀਰ ਉਡਾਇ ਦੇਵੇ
ਧੜ ਲੱਕ ਤੇ ਮੋਢਿਆਂ ਤਕ ਸਾਰਾ
ਗੋਲਾ ਲਗ ਕੇ ਦੂਰ ਪੁਚਾਇ ਦੇਵੇ
ਕੋਈ ਫੈਰ ਉੱਚਾ ਲੱਗੇ ਸੀਸ ਉਡ ਜੈ
ਬੁਰਾ ਹਾਲ ਸਾ ਤੋਪ ਬਣਾਇ ਦੇਵੇ
ਲੱਤਾਂ ਬਾਹਾਂ ਸਿਰ ਰਹੇ ਮੌਜੂਦ ਓਥੇ
ਗੋਲਾ ਤਿੱਗ ਨੂੰ ਖ਼ਾਕ ਮਿਲਾਇ ਦੇਵੇ
ਤੋਪ ਹੱਡਾਂ ਨੂੰ ਤਾਂ ਚਿਕਨਾ ਚੂਰ ਕਰਕੇ
ਮਾਸ ਰੂਈ ਦੇ ਵਾਂਗ ਪਿੰਜਾਇ ਦੇਵੇ
ਚਿੱਕੜ ਲਹੂ ਦਾ ਤੋਪ ਕਰ ਦਏ ਕਿਧਰੇ
ਕਿਧਰੇ ਹੱਡਾਂ ਦਾ ਢੇਰ ਲਗਾਇ ਦੇਵੇ
ਏਵੇਂ ਕਿਵੇ ਉਣੰਜਾ ਸ਼ਹੀਦ ਕਰਕੇ
ਸਾਹਿਬ ਤੋਪ ਨੂੰ ਬੰਦ ਕਰਾਇ ਦੇਵੇ
ਸਕਿਆ ਝੱਲ ਨਾ ਤਰਾਸ ਹਰਨਾਮ ਸਿੰਘਾ
ਸੂਰਜ ਦੇਵਤਾ ਮੂੰਹ ਛੁਪਾਇ ਦੇਵੇ।

ਇੱਕ ਪਾਸੇ ਮਾਲੇਰਕੋਟਲੇ ਵਿੱਚ ਇਹ ਨਰ ਸੰਘਾਰ ਹੋ ਰਿਹਾ ਸੀ ਅਤੇ ਦੂਜੇ ਪਾਸੇ ੧੭ ਅਤੇ ੧੮ ਜਨਵਰੀ ੧੮੭੨ ਦੀ ਵਿਚਕਾਰਲੀ ਬਰਫ਼ੀਲੀ ਰਾਤ ਨੂੰ ਸ੍ਰੀ ਭੈਣੀ ਸਾਹਿਬ ਵਿੱਚ ਕਹਿਰ ਵਰਤ ਰਿਹਾ ਸੀ। ਸਤਿਗੁਰੂ ਰਾਮ ਸਿੰਘ ਜੀ ਨੂੰ ਰਾਤੋ-ਰਾਤ ਮੁਖੀ ਸੂਬਿਆਂ ਸਹਿਤ ਜਲਾਵਤਨ ਕੀਤਾ ਗਿਆ। ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣਾ ਲਿਆ ਕੇ ਤੜਕੇ ਚਾਰ ਵਜੇ ਸਪੈਸ਼ਲ ਰੇਲ ਗੱਡੀ ਵਿੱਚ ਵਿਸੇਸ਼ ਫੌਜੀ ਗਾਰਦ ਦੇ ਪਹਿਰੇ ਵਿੱਚ ਜਲਾਵਤਨ ਕੀਤਾ ਗਿਆ। ਪਹਿਲਾਂ ਅਲਾਹਾਬਾਦ ਕਿਲ੍ਹੇ ਵਿੱਚ ਨਜ਼ਰਬੰਦ ਕੀਤਾ ਗਿਆ ਅਤੇ ਬਾਅਦ ਵਿੱਚ ਕਲਕੱਤਾ ਰਾਹੀਂ ਸਮੁੰਦਰੀ ਜਹਾਜ਼ ਤੇ ਚੜ੍ਹਾ ਕੇ ਬਰਮਾ ਦੇਸ਼ ਵਿੱਚ ਕੈਦ ਕੀਤਾ ਗਿਆ। ਸਤਿਗੁਰੂ ਜੀ ਦੇ ਦੋ ਪ੍ਰਮੁੱਖ ਸੂਬੇ ਬਾਬਾ ਕਾਹਨ ਸਿੰਘ ਅਤੇ ਬਾਬਾ ਸਾਹਿਬ ਸਿੰਘ, ਅਰਬ ਇਲਾਕੇ ਦੇ ਸ਼ਹਿਰ ਅਦਨ ਵਿੱਚ ਭੇਜੇ ਗਏ। ਸੂਬਾ ਪਹਾੜਾ ਸਿੰਘ, ਸੂਬਾ ਰੂੜ ਸਿੰਘ ਅਤੇ ਸੂਬਾ ਮਲੂਕ ਸਿੰਘ ਨੂੰ ਅਸੀਰਗੜ੍ਹ ਯੂ.ਪੀ. ਦੇ ਕਿਲ੍ਹੇ ਵਿੱਚ ਕੈਦ ਕੀਤਾ ਗਿਆ। ਬਾਬਾ ਬਰਮਾ ਸਿੰਘ, ਬਾਬਾ ਲੱਖਾ ਸਿੰਘ ਅਤੇ ਬਾਬਾ ਜਵਾਹਰ ਸਿੰਘ ਬਰਮਾ ਦੇ ਸ਼ਹਿਰ ਮੌਲਮੀਨ ਵਿੱਚ ਡੱਕੇ ਗਏ। ਸ੍ਰੀ ਭੈਣੀ ਸਾਹਿਬ ਦੇ ਡੇਰੇ ਦੀ ਬਾਰ-ਬਾਰ ਤਲਾਸ਼ੀ ਲਈ ਗਈ ਅਤੇ ਇਸ ਦੀ ਜ਼ਮੀਨ ਨੂੰ ਪਾਣੀ ਤੱਕ ਪੁਟਿਆ ਗਿਆ। ਪੂਰੀ ਅੱਧੀ ਸਦੀ ਗੁਰਦੁਆਰੇ ਦੇ ਦਰਾਂ ਮੂਹਰੇ



Sri Satguru Jagjit Singh Ji eLibrary NamdhariElibrary@gmail.com

ਪੁਲਿਸ ਦੀ ਵਿਸ਼ੇਸ਼ ਚੌਕੀ ਕਾਇਮ ਰਹੀ। ਨਾਮਧਾਰੀਆਂ ਦੇ ਪ੍ਰਚਾਰ ਪ੍ਰਸਾਰ ਇਥੋਂ ਤੱਕ ਕਿ ਧਾਰਮਿਕ ਸਮਾਗਮਾਂ ਤੇ ਵੀ ਪਾਬੰਦੀ ਲਾਈ ਗਈ। ਇਨ੍ਹਾਂ ਦੇ ਪਾਠਾਂ, ਅਖੰਡਪਾਠਾਂ ਤੇ ਇਕੱਤਰ ਹੋਣ ਵਾਲੇ ਲੋਕਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ।

ਸਰਕਾਰ ਅੰਗਰੇਜ਼ੀ ਦਾ ਸਾਰਾ ਜ਼ੋਰ ਬਰਮਾ ਵਿੱਚ ਕੈਦ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਜਾਨਸ਼ੀਨ ਛੋਟੇ ਭਰਾਤਾ ਗੁਰੂ ਹਰੀ ਸਿੰਘ ਜੀ ਅਤੇ ਹੋਰ ਪੰਜਾਬੀਆਂ ਨਾਲ ਸੰਪਰਕ ਨੂੰ ਤੋੜਣ ਵਿੱਚ ਲੱਗਾ ਹੋਇਆ ਸੀ। ਪਰ ਨਾਮਧਾਰੀਆਂ ਨੇ ਬਰਮਾ ਵਿੱਚ ਵੀ ਜਾ ਕੇ ਸਤਿਗੁਰੂ ਜੀ ਨਾਲ ਮਿਲਣੀਆਂ ਹੀ ਨਹੀਂ ਕੀਤੀਆਂ, ਸਗੋਂ ਉਨ੍ਹਾਂ ਪਾਸੋਂ ਗੁਪਤ ਤੌਰ ਤੇ ਚਿੱਠੀਆਂ ਹੁਕਮਨਾਮੇ ਵੀ ਲਿਆਂਦੇ।

ਸਤਿਗੁਰੂ ਹਰੀ ਸਿੰਘ ਜੀ ਬਹੁਤ ਧੀਰ ਵੀਰ ਅਤੇ ਨਿਮਰ ਸੁਭਾਅ ਦੇ ਸਨ, ਪਰ ਉਨ੍ਹਾਂ ਦੀ ਆਤਮਾ ਸਟੀਲ ਵਰਗੀ ਮਜ਼ਬੂਤ ਸੀ। ਉਨ੍ਹਾਂ ਨੂੰ ਬਹੁਤ ਸਖ਼ਤੀਆਂ ਸਹਿਣੀਆਂ ਪਈਆਂ, ਪਰ ਉਨ੍ਹਾਂ ਨੇ ਨਾਮਧਾਰੀਆਂ ਦੀਆਂ ਸਰਗਰਮੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਇਆ। ਇੱਕ ਪਾਸੇ ਬਰਮਾ ਵਿੱਚ ਸਤਿਗੁਰੂ ਰਾਮ ਸਿੰਘ ਨਾਲ ਸੰਪਰਕ ਦੂਜੇ ਪਾਸੇ ਰੂਸ ਸਰਕਾਰ ਤੱਕ ਪਹੁੰਚ। ਇੱਕ ੭੨ ਸਾਲ ਦਾ ਨਾਮਧਾਰੀ ਸੂਬਾ ਗੁਰਚਰਨ ਸਿੰਘ ਤਾਂ ਕਮਾਲ ਦਾ ਜਵਾਂ ਮਰਦ ਨਿਕਲਿਆ। ਉਹ ਬਿਖੜੇ ਪੈਂਡੇ ਝਾਗਦਾ, ਪਹਾੜੀਆਂ ਲੰਘਦਾ ਖ਼ੁਦ ਰੂਸੀ ਤੁਰਕਸਤਾਨ ਵਿੱਚ ਚਿੱਠੀਆਂ ਲੈ ਕੇ ਪੁੱਜ ਗਿਆ। ਇੰਗਲੈਂਡ ਵਿੱਚ ਬੈਠੇ ਮਹਾਰਾਜਾ ਦਲੀਪ ਸਿੰਘ ਨੂੰ ਵੀ ਨਾਮਧਾਰੀ ਵਫ਼ਦ ਮਿਲਿਆ। ਇਕ ਸਮੇਂ ਦੇਸ਼ ਵਿੱਚ ਭਿਆਨਕ ਕਾਲ ਪਿਆ। ਭੈਣੀ ਸਾਹਿਬ ਗੁਰੂ ਕਾ ਲੰਗਰ ਅਟੁਟ ਚਲਦਾ ਰਿਹਾ। ਇਸੇ ਬਹਾਨੇ ਸਰਕਾਰ ਨੇ ਲੰਗਰ ਵਾਸਤੇ ਜ਼ਮੀਨ ਮੁਰੱਬੇ ਦੇਣ ਦਾ ਪਲੋਭਣ ਦਿੱਤਾ। ਸਤਿਗੁਰ ਹਰੀ ਸਿੰਘ ਨੇ ਇਹ ਭਾਰੀ ਪੇਸ਼ਕਸ਼ ਠੁਕਰਾ ਕੇ ਆਜ਼ਾਦੀ ਦਾ ਪੈਂਤੜਾ ਹੀ ਕਾਇਮ ਰੱਖਿਆ।

ਸੰਨ ੧੯੦੬ ਵਿੱਚ ਨਾਮਧਾਰੀਆਂ ਦੀ ਅਗਵਾਈ ਨੌਜਵਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੱਥਾਂ ਵਿੱਚ ਆਈ। ਆਪ ਨੇ ਨਾਮਧਾਰੀਆਂ ਵਿੱਚ ਮੁੜ ਇੱਕ ਵਾਰ ਭਾਰੀ ਸਰਗਰਮੀ ਲੈ ਆਂਦੀ। ਭਾਰਤ ਵਿੱਚ ਚਲ ਰਹੀ ਹਰ ਇੱਕ ਆਜ਼ਾਦੀ ਦੀ ਤਹਿਰੀਕ ਨੂੰ ਉਹਨਾਂ ਭਰਪੂਰ ਸਹਿਯੋਗ ਦਿੱਤਾ। ਸ੍ਰੀ ਭੈਣੀ ਸਾਹਿਬ ਆਜ਼ਾਦੀ ਸੰਗਰਾਮੀਆਂ ਦੀਆਂ ਗੁਪਤ ਤੇ ਪ੍ਰਗਟ ਸਰਗਰਮੀਆਂ ਲਈ ਪਨਾਹ ਗਾਹ ਬਣ ਗਿਆ। ਆਪਣੇ ਅੰਗਰੇਜ਼ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਦੇ ਮੁਕਾਬਲੇ ਜੋੜੋ ਅਤੇ ਆਜ਼ਾਦ ਹੋਵੋ ਦੀ ਪਾਲਿਸੀ ਨੂੰ ਅਪਣਾਉਂਦਿਆਂ ਵੱਖ-ਵੱਖ ਸਮਾਜਾਂ ਅਤੇ ਧਰਮਾਂ ਨੂੰ ਜੋੜਣ ਲਈ ਕਾਨਫ਼ਰੰਸਾਂ ਕੀਤੀਆਂ। ਕਾਂਗਰਸ ਨੂੰ ਆਜ਼ਾਦੀ ਸੰਗਰਾਮ ਵਿੱਚ ਪੂਰਾ ਸਹਿਯੋਗ ਦਿੱਤਾ। ਪ੍ਰਮੁੱਖ ਨਾਮਧਾਰੀ ਪਿਕਟਿੰਗ ਵਿੱਚ ਸ਼ਾਮਲ ਹੋਏ ਅਤੇ ਮੋਰਚਿਆਂ ਦੇ ਡਿਕਟੇਟਰ ਵੀ ਬਣੇ।

ਜਲਿਆਂ ਵਾਲੇ ਬਾਗ਼ ਦੇ ਸਾਕੇ ਤੋਂ ਦੋ ਸਾਲ ਦੇ ਅੰਦਰ ਹੀ ਦੁਆਬੇ ਦੇ ਪ੍ਰਸਿੱਧ ਪਿੰਡ ਮੁੱਠਡੇ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰਧਾਨਗੀ ਵਿੱਚ ਮਾਲੇਰਕੋਟਲੇ ਦੇ ਸ਼ਹੀਦਾਂ ਨਮਿੱਤ ਮੇਲਾ ੧੭-੧੮-੧੯ ਜ਼ਨਵਰੀ ੧੯੨੧ ਨੂੰ ਕੀਤਾ ਗਿਆ। ਇਸ ਵਿੱਚ ਪ੍ਰਸਿੱਧ ਕਾਂਗਰਸੀ ਅਤੇ ਹੋਰ ਦੇਸ਼ ਭਗਤ ਸ਼ਾਮਲ ਹੋਏ। ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਪਿਤਾ ਸ. ਕਿਸ਼ਨ ਸਿੰਘ ਵੀ ਇਸ ਵਿੱਚ ਪੂਰੇ ਜੋਸ਼ ਨਾਲ ਪੁੱਜੇ ਸਨ। ਪਿੰਡ ਸਿਆਹੜ ਅਤੇ ਹੋਰ ਥਾਈਂ ਵੀ ਆਜ਼ਾਦੀ ਦੇ ਹੱਕ ਵਿੱਚ ਭਰਵੇਂ ਸਮਾਗਮ ਹੋਏ।

ਸੰਟਰਲ ਕੂਕਾ ਕੰਗਰਸ ਦਲ ਦੀ ਇਕ ਨਵੀਂ ਜਥੇਬੰਦੀ ਕਾਇਮ ਕੀਤੀ ਗਈ। ਲਾਹੌਰ ਅਤੇ ਹੋਰ ਥਾਈਂ ਭਾਰੀ ਜਲਸਿਆਂ ਵਿੱਚ ਦੇਸ਼ ਵਾਸਤੇ ਨਾਮਧਾਰੀਆਂ ਵੱਲੋਂ ਦਿੱਤੀਆਂ ਭਾਰੀ ਕੁਰਬਾਨੀਆਂ ਦਾ ਪ੍ਰਚਾਰ ਹੋਇਆ। ਉੱਘੇ ਨਾਮਧਾਰੀ ਆਗੂ, ਮਹਾਰਾਜ ਨਿਹਾਲ ਸਿੰਘ, ਨਿਧਾਨ ਸਿੰਘ ਆਲਮ, ਪੰਡਿਤ ਮੁਨਸ਼ਾ ਸਿੰਘ ਆਦਿ ਨੂੰ ਗ੍ਰਿਫਤਾਰ ਕੀਤਾ ਗਿਆ।

ਸੰਨ ੧੯੨੯ ਦੇ ਲਾਹੌਰ ਕਾਂਗਰਸ ਦੇ ਸੈਸ਼ਨ ਵਿੱਚ ਸੰਪੂਰਨ ਆਜਾਦੀ ਦਾ ਮਤਾ ਪਾਸ ਹੋਇਆ। ਇਸ ਸੈਸ਼ਨ ਦੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਲੂਸ ਵਿੱਚ ਪੰਡਿਤ ਨਹਿਰੂ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਲੋਂ ਭੇਜੇ ਘੋੜੇ ਤੇ ਸਵਾਰ ਹੋਏ ਅਤੇ ਸੌ ਘੋੜ ਸਵਾਰ ਨਾਮਧਾਰੀਆਂ ਨੇ ਜਲੂਸ ਦੀ ਸ਼ਾਨ ਨੂੰ ਦੁਬਾਲਾ ਕੀਤਾ। ਸਤਿਗੁਰੂ ਜੀ ਦੇ ਪੂਜ ਮਾਤਾ ਜੀਵਨ ਕੌਰ ਜੀ ਦੀ ਅਗਵਾਈ ਵਿੱਚ ਸਾਰੀ ਕਾਨਫਰੰਸ ਵਾਸਤੇ ਮੁਫ਼ਤ ਲੰਗਰ ਦਾ ਪ੍ਰਬੰਧ ਕੀਤਾ ਗਿਆ।

ਸੰਨ ੧੯੩੯ ਨੂੰ ਲੁਧਿਆਣਾ ਵਿੱਚ ਰਿਆਸਤੀ ਲੋਕਾਂ ਦੀ ਕਾਨਫ਼ਰੰਸ ਵਿੱਚ ਖ਼ੁਦ ਆਪ ਸਤਿਗੁਰੂ ਪ੍ਰਤਾਪ ਸਿੰਘ ਜੀ ਘੋੜੇ ਤੇ ਸਵਾਰ ਹੋ ਕੇ ਜਲੂਸ ਵਿੱਚ ਸ਼ਾਮਲ ਹੋਏ ਤੇ ਕਾਨਫਰੰਸ ਦੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਆਪਣੇ ਖ਼ਾਸ ਘੋੜੇ ਤੇ ਸਵਾਰੀ ਕਰਵਾ ਕੇ ਮਾਣ ਵਧਾਇਆ। ਪੰਡਿਤ ਨਹਿਰੂ ਅਤੇ ਹੋਰ ਕੌਮੀ ਨੇਤਾ ਸ੍ਰੀ ਭੈਣੀ ਸਾਹਿਬ ਦੇ ਪਿੰਡ ਵਿੱਚ ਆਜ਼ਾਦੀ ਦੀ ਪੂਜ ਭੂਮੀ ਦੇ ਦਰਸ਼ਨ ਕਰਨ ਆਏ।

੧੫ ਅਗਸਤ ੧੯੪੭ ਤੱਕ ਅਤੇ ਉਸ ਤੋਂ ਬਾਅਦ ਵੀ ਨਾਮਧਾਰੀਆਂ ਨੇ ਸਾਮਰਾਜ ਵਿਰੋਧੀ ਪੈਂਤੜਾ ਹੀ ਕਾਇਮ ਰੱਖਿਆ। ਨਾ ਤਾਂ ਕੈਦਾ ਦੇ ਤਸੀਹਿਆਂ ਦਾ ਡਰ — ਨਾ ਮਾਇਆ, ਜ਼ਮੀਨ ਦੇ ਮੁਰੱਬਿਆਂ ਦਾ ਲਾਲਚ ਉਹਨਾਂ ਨੂੰ ਆਪਣੇ ਰਾਹ ਤੋਂ ਰੋਕ ਸਕਿਆ। ਨਿਰਸੰਦੇਹ ਆਜ਼ਾਦੀ ਸੰਗਰਾਮ ਵਿੱਚ ਨਾਮਧਾਰੀ ਲਹਿਰ ਦੇ ਯੋਗਦਾਨ ਦੀ ਕਹਾਣੀ ਬਹੁਤ ਲੰਮੀ ਵਿਸਤ੍ਰਿਤ ਅਤੇ ਗੌਰਵਸ਼ਾਲੀ ਹੈ।



Sri Satguru Jagjit Singh Ji eLibrary NamdhariElibrary@gmail.com

# ਸ.ਫ਼ਰੀ ਦੇ ਬੈਂਤ



*ਸ. ਸੰਤੋਖ ਸਿੰਘ ਸਫ਼ਰੀ ਪੰਜਾਬੀ ਕਵਿਤਾ ਦੀ ਪੁਰਾਤਨ ਪਰੰਪਰਾ ਦਾ ਪ੍ਰਤਿਨਿਧ ਹੈ। ਸਫ਼ਰੀ ਨੇ ਪੰਜਾਬੀ ਕਵੀ ਦਰਬਾਰਾਂ ਦੀਆਂ ਸਟੇਜਾਂ ਤੇ ਸਦਾ ਹੀ ਰੰਗ ਬੰਨ੍ਹਿਆ ਹੈ। ਲਗਾਤਾਰ ਕਵੀ ਦਰਬਾਰ ਆਯੋਜਿਤ ਕੀਤੇ ਹਨ ਅਤੇ ੧੦ ਕੁ ਪੁਸਤਕਾਂ ਵੀ ਮਾਂ ਬੋਲੀ ਪੰਜਾਬੀ ਦੀ ਝੋਲੀ ਵਿਚ ਪਾਈਆਂ ਹਨ। ਸਫ਼ਰੀ ਨੇ ਪੰਜਾਬੀ ਕਾਵਿ ਰੂਪ 'ਬੈਂਤ' ਵਿਚ ਨਿਰਸੰਦੇਹ ਗੁਰਜਧਾਰੀ ਸਰਦਾਰੀ ਕਾਇਮ ਕਰ ਲਈ ਹੈ। ਉਸ ਦੀ ਨਵੀਨ ਪੁਸਤਕ "ਰੂਹ ਪੰਜਾਬ ਦੀ" ਵਿਚ ਵੱਖ ਵੱਖ ਵਿਸ਼ਿਆਂ ਤੇ ਵੱਖ ਵੱਖ ਰੂਪਾਂ ਦੇ ੫੬੧ ਚੌਮਿਸਰੇ ਬੈਂਤ ਸ਼ਾਮਲ ਹਨ। ਪੰਜਾਬੀ ਕਵੀ ਸਭਾ, ਡਬਲਯੂ ਬੀ. ੧੮੯, ਆਲੀ ਮੁਹੱਲਾ ਜਲੰਧਰ ਵਲੋਂ ਪ੍ਰਕਾਸ਼ਤ ਇਸ ਪੁਸਤਕ ਚੋਂ ਵੰਨਗੀ ਮਾਤਰ ਕੁਰਬਾਨੀ ਅਤੇ ਸ਼ਹਾਦਤ ਦੇ ਜਜ਼ਬੇ ਨੂੰ ਉਭਾਰਦੇ ਕੁਝ ਬੈਂਤ ਅਸੀਂ ਛਾਪ ਰਹੇ ਹਾਂ।*

**-ਸੰਪਾਦਕ**

## ਕੁਰਬਾਨੀ ਦਾ ਬਾਬ

ਕੋਈ ਫੁੱਲ ਨਹੀਂ ਓਸ ਦੇ ਤੁਲ ਹੁੰਦਾ,
ਜਿਥੇ ਗ਼ੈਰਤ ਦਾ ਖਿੜਿਆ ਗੁਲਾਬ ਹੋਵੇ।
ਓਥੇ ਹਰ ਇਕ ਤਾਬ ਬੇਤਾਬ ਹੁੰਦੀ,
ਜਿਥੇ ਇਸ਼ਕ ਦੇ ਸੂਰਜ ਦੀ ਤਾਬ ਹੋਵੇ।
ਜਿਹੜਾ ਮੋਤੀ ਮੁਹੱਬਤ ਦੀ ਸਿਪ ਦਾ ਏ,
ਉਹਦੀ ਆਬ ਨਾ ਕਦੇ ਬੇ-ਆਬ ਹੋਵੇ।
ਓਸ ਬਾਬ ਵਰਗਾ ਕਿਹੜਾ ਬਾਬ ਸਫ਼ਰੀ,
ਜਿਹੜਾ ਬਾਬ ਕੁਰਬਾਨੀ ਦਾ ਬਾਬ ਹੋਵੇ।

## ਨੱਚਦੇ ਨੇ

ਆਸ਼ਕ ਨੱਚਦੇ, ਮੱਚਦੇ ਭਾਂਬੜਾਂ ਤੇ,
ਜਾਂ ਫਿਰ ਦਾਰਾਂ, ਤਲਵਾਰਾਂ ਤੇ ਜੱਚਦੇ ਨੇ।
ਇਹਨਾਂ ਭਾਂਬੜਾਂ ਨੂੰ ਜਿਉਂ-ਜਿਉਂ ਲੋਕ ਨੱਪਦੇ,
ਇਹ ਤਿਉਂ-ਤਿਉਂ, ਹੋਰ ਵੀ ਮੱਚਦੇ ਨੇ।
ਯਾਰ ਲੱਭਦੇ ਤੇਗ਼ ਦੀ ਧਾਰ ਵਿਚੋਂ,
ਆਸ਼ਕ ਜੋ ਮੁਢੋਂ ਹੱਕ ਤੇ ਸੱਚ ਦੇ ਨੇ।
ਨੱਚਣਾ ਆਸ਼ਕਾਂ ਦਾ ਸਫ਼ਰੀ ਪੁਛਦਾ ਏਂ,
ਆਸ਼ਕ ਨੇਜ਼ੇ ਦੀ ਨੋਕ ਤੇ ਨੱਚਦੇ ਨੇ।

## ਖ਼ੈਰ ਮੰਗੀਏ

ਜਿਹੜੇ ਰਾਂਗਲੇ ਖ਼ਾਬ ਲਈ ਖ਼ੂਨ ਦਿਤੇ,
ਉਸ ਰਾਂਗਲੇ ਖਾਬ ਦੀ ਖ਼ੈਰ ਮੰਗੀਏ।
ਲਾਇਆ ਗ਼ੈਰਤ ਦਾ ਸੂਹਾ ਗੁਲਾਬ ਜਿਹੜਾ,
ਉਸ ਸੂਹੇ ਗੁਲਾਬ ਦੀ ਖ਼ੈਰ ਮੰਗੀਏ।
ਗੱਭਰੂ ਮਸੀਂ ਹੋਇਐ ਇਨਕਲਾਬ ਸਾਡਾ,
ਉਸ ਇਨਕਲਾਬ ਦੀ ਖ਼ੈਰ ਮੰਗੀਏ।
ਇਹ ਪੰਜਾਬ ਸਫ਼ਰੀ ਸਾਂਝਾ ਸਾਰਿਆਂ ਦਾ,
ਆਓ ਸਾਰੇ ਪੰਜਾਬ ਦੀ ਖ਼ੈਰ ਮੰਗੀਏ।

## ਖਾਨਦਾਨੀਆਂ ਦੇ

ਪੱਗ ਅਣਖ ਦੀ ਸਿਰ ਤੇ ਜਦੋਂ ਬੱਝਦੀ,
ਜਾਗ ਪੈਂਦੇ ਜਜ਼ਬਾਤ ਕੁਰਬਾਨੀਆਂ ਦੇ।
ਪੱਗ ਚੌਧਰ ਦੀ ਚਾਨਣੀ ਜਦੋਂ ਵੰਡੇ,
ਦਿਲ ਮਹਿਕ ਪੈਂਦੇ ਮਿਹਰਬਾਨੀਆਂ ਦੇ।
ਟਿੱਕਾ ਕੇਸਰ ਦਾ ਇਹਦੇ ਤੇ ਜਦੋਂ ਲਗਦੈ,
ਉਚੇ ਸਿਰ ਹੋ ਜਾਂਦੇ ਜੁਆਨੀਆਂ ਦੇ।
ਪੱਗ ਐਸੀ ਹੈ ਜਾਣ ਪਹਿਚਾਣ ਸਫ਼ਰੀ,
ਖਾਨੇ ਦਿੱਸ ਪੈਂਦੇ ਖਾਨਦਾਨੀਆਂ ਦੇ।

## ਮਾਂ ਬਣਦੀ

ਚਰਬੀ ਢਲੇ ਜਦ ਆਸ਼ਕਾਂ ਸਾਦਕਾਂ ਦੀ,
ਜਲਵੇਦਾਰ ਹੈ ਰੌਸ਼ਨੀ ਤਾਂ ਬਣਦੀ।
ਜਿਉਂ-ਜਿਉਂ ਛਾਂਗੀਏ ਰੁੱਖ ਕੁਰਬਾਨੀਆਂ ਦੇ,
ਤਿਉਂ-ਤਿਉਂ ਉਨ੍ਹਾਂ ਦੀ ਸੰਘਣੀ ਛਾਂ ਬਣਦੀ।
ਸਿਰ ਯਾਰ ਨੂੰ ਦੇਈਏ ਜੇ ਖਿੜੇ ਮੱਥੇ,
ਫਿਰ ਕਿਤੇ ਸ਼ਹੀਦਾਂ ਵਿੱਚ ਥਾਂ ਬਣਦੀ।
ਉਸ ਮਾਂ ਵਰਗੀ ਕਿਹੜੀ ਮਾਂ ਸਫ਼ਰੀ,
ਜਿਹੜੀ ਮਾਂ ਸ਼ਹੀਦਾਂ ਦੀ ਮਾਂ ਬਣਦੀ।

## ਮਾਵਾਂ ਵਿਰਲੀਆਂ ਨੇ

ਜਿਨ੍ਹਾਂ ਥਾਵਾਂ ਤੇ ਝੁਕਦੈ ਸਿਰ ਸਭ ਦਾ,
ਉਹ ਸੰਸਥਾਵਾਂ, ਥਾਵਾਂ ਵਿਰਲੀਆਂ ਨੇ।
ਮਹਿਕਾਂ ਦੇਣ ਖਲੂਸ ਦੇ ਫੁੱਲ ਜਿੰਦਾਂ,
ਖ਼ੁਸ਼ਬੂਦਾਰ ਛਾਵਾਂ, ਛਾਵਾਂ ਵਿਰਲੀਆਂ ਨੇ।
ਬਾਹਵਾਂ ਪੈਣ ਜੋ ਗਲ ਵਿੱਚ ਹਾਰ ਬਣਕੇ,
ਉਹ ਮਜ਼ਬੂਤ ਬਾਹਵਾਂ, ਬਾਹਵਾਂ ਵਿਰਲੀਆਂ ਨੇ।
ਜਿਨ੍ਹਾਂ ਮਾਵਾਂ ਦਾ ਹੁੰਦਾ ਏ ਦੁੱਧ ਸਫ਼ਲਾ,
ਸਫ਼ਰੀ ਉਹ ਮਾਵਾਂ, ਮਾਵਾਂ ਵਿਰਲੀਆਂ ਨੇ।



Sri Satguru Jagjit Singh Ji eLibrary NamdhariElibrary@gmail.com

## ਸਰਫ਼ਰਾਜ਼ ਵਿਰਲੇ

ਮੌਤ ਵਰਨ ਵਾਲੇ ਲੱਖਾਂ ਸੁਣੇ ਗਏ ਨੇ,
ਐਪਰ ਮੌਤ ਦਾ ਜਾਨਣ ਅੰਦਾਜ਼ ਵਿਰਲੇ।
ਹੱਕ ਵਾਸਤੇ ਹਿੱਕ ਤੇ ਵਾਰ ਸਹਿ ਕੇ,
ਕਰਨ ਹੱਕ ਦੀ ਉੱਚੀ ਆਵਾਜ਼ ਵਿਰਲੇ।
ਢੋਆ ਜਿੰਦ ਦਾ ਦੇ ਕੇ ਯਾਰ ਬਦਲੇ,
ਕਰਨ ਯਾਰ ਤੋਂ ਹਾਸਲ ਨਿਆਜ਼ ਵਿਰਲੇ।
ਬਾਜ਼ੀ ਕਰਨ ਜਿਹੜੇ ਸਿਰ ਦੀ ਲਾ ਬਾਜ਼ੀ,
ਜਾਨਬਾਜ਼ ਸਫ਼ਰੀ ਸਰਫ਼ਰਾਜ ਵਿਰਲੇ।

## ਤਲਵਾਰ ਆਖਰ

ਜਦੋਂ ਸਬਰ ਤੇ ਜਬਰ ਦੀ ਜੰਗ ਛਿੜਦੀ,
ਸਬਰ ਉਠ ਪੈਂਦੇ ਹੰਭਲਾ ਮਾਰ ਆਖਰ।
ਆਖ਼ਰ ਸ਼ਮ੍ਹਾਂ ਕੁਰਬਾਨੀ ਦੀ ਜਦੋਂ ਬਲਦੀ,
ਨਿਕਲ ਪੈਂਦੇ ਨੇ ਜਾਨ ਨਿਸਾਰ ਆਖਰ।
ਆਖ਼ਰ ਜਿਨ੍ਹਾਂ ਨੇ ਸਿਰ ਤੇ ਚਾਈ ਹੁੰਦੀ,
ਉਹ ਵੀ ਝੱਲਣੇ ਪੈਂਦੇ ਨੇ ਵਾਰ ਆਖਰ।
ਆਖ਼ਰ ਸਿਰ ਉਤੇ ਸਫ਼ਰੀ ਜਦੋਂ ਝੁੱਲੇ,
ਚੁਕਣੀ ਪੈਂਦੀ ਏ ਫੇਰ ਤਲਵਾਰ ਆਖਰ।

## ਰੱਖਦੇ ਹਾਂ

ਸਾਡੀ ਹਸਤੀ, ਪ੍ਰਸਤੀ ਨਾ ਪੁੱਛ ਕਾਤਲ,
ਉੱਚੀ ਅਰਸ਼ ਨਾਲੋਂ ਹਸਤੀ ਰੱਖਦੇ ਹਾਂ।
ਸਾਡੀ ਜੂਨ ਪ੍ਰਵਾਨੇ ਦੀ ਜੂਨ ਵਰਗੀ,
ਮਜ਼ਾ ਤਾਹੀਓਂ ਸ਼ਹਾਦਤ ਦਾ ਚੱਖਦੇ ਹਾਂ।
ਕਾਲਜ ਤਾਹੀਓਂ ਕੁਰਬਾਨੀ ਦੇ ਖੋਹਲਦੇ ਹਾਂ,
ਜਾਣੂ ਅਸੀਂ ਹਰ ਪੱਖ ਦੀ ਅੱਖ ਦੇ ਹਾਂ।
ਸਾਡੇ ਸਿਰ ਦਾ ਤਾਹੀਓਂ ਹੈ ਮੁੱਲ ਸਫ਼ਰੀ,
ਕਤਲਗਾਹ ਵਿੱਚ ਵੀ ਉੱਚਾ ਰੱਖਦੇ ਹਾਂ।

## ਕੰਮ ਸਾਡਾ

ਅਸੀਂ ਆਸ਼ਕ, ਅਸੂਲ ਦੇ ਹਾਂ ਪੱਕੇ,
ਇਸ਼ਕ ਤਾਈਂ ਨਿਖਾਰਨਾ ਕੰਮ ਸਾਡਾ।
ਸਾਡੀ ਜੂਨ ਹੈ ਜੂਨ ਪਰਵਾਨਿਆਂ ਦੀ,
ਸਿਰ ਏਸ ਲਈ ਵਾਰਨਾ ਕੰਮ ਸਾਡਾ।
ਨੂਰ ਵਾਗਰਾਂ ਨਿੱਤਰ ਕੇ ਦਿਨ ਚਿੱਟੇ,
ਸੱਚ ਝੂਠ ਨਿਤਾਰਨਾ ਕੰਮ ਸਾਡਾ।
ਲਾਲੀ ਆਪਣੇ ਲਹੂ ਦੀ ਲਾ ਸਫ਼ਰੀ,
ਕਤਲਗਾਹ ਸ਼ਿੰਗਾਰਨਾ ਕੰਮ ਸਾਡਾ।

## ਡੰਡੌਤ ਹੁੰਦੀ

ਇਸ਼ਕ ਜਦੋਂ ਝੁਕਦੈ, ਝੁਕਦੈ ਇਸ਼ਟ ਅੱਗੇ,
ਥਾਂ-ਥਾਂ ਇਸ਼ਕ ਤੋਂ ਨਹੀਂ ਡੰਡੌਤ ਹੁੰਦੀ।
ਜਿਹੜੀ ਪੱਥਰਾਂ ਦੇ ਸੀਨੇ ਛੇਕ ਪਾਂਦੀ,
ਨਾ-ਮੁਰਾਦ ਹੈ ਉਹ ਸਖੌਤ ਹੁੰਦੀ।
ਆਸ਼ਕ ਖੇਡਦੈ ਆਪਣੀ ਜਾਨ ਉੱਤੇ,
ਕਿਸੇ ਨਾਲ ਨਹੀਂ ਇਹਦੀ ਅਦੌਤ ਹੁੰਦੀ।
ਜਿਹੜੀ ਕੌਮ ਵਿੱਚ ਹੋਣ ਸ਼ਹੀਦ ਪੈਦਾ,
ਓਸ ਕੌਮ ਦੀ ਕਦੇ ਨਹੀਂ ਮੌਤ ਹੁੰਦੀ।

## ਸ਼ਹੀਦ ਹੁੰਦੇ

ਜਿਹੜੇ ਹੱਕ ਹਕੀਕਤ ਨੂੰ ਜਾਣਦੇ ਨਹੀਂ,
ਨਾ ਉਹ ਮੁਰਸ਼ਦ ਤੇ ਨਾ ਮੁਰੀਦ ਹੁੰਦੇ।
ਸਾਈ ਸਿਰ ਦੀ ਜੇਕਰਾਂ ਨਾ ਦੇਈਏ,
ਸੌਦੇ ਅਣਖ ਦੇ ਨਹੀਂ ਖਰੀਦ ਹੁੰਦੇ।
ਤੇਗ਼ ਇਸ਼ਕ ਦੀ ਜਿਨ੍ਹਾਂ ਨੂੰ ਝਟਕਦੀ ਏ,
ਢਹਿੰਦੇ ਦਿਲਾਂ ਦੀ ਉਹ ਉਮੀਦ ਹੁੰਦੇ।
ਕਤਲਗਾਹਾਂ ਉਹ ਪੂਜੀਆਂ ਜਾਣ ਸਫ਼ਰੀ,
ਜਿਥੇ ਮਾਵਾਂ ਦੇ ਲਾਲ ਸ਼ਹੀਦ ਹੁੰਦੇ।

## ਇਸ਼ਕ ਨੱਚਦੈ

ਮੌਤ ਵਰਨ ਵਾਲੇ ਮਾਰੂ ਰਾਗ ਜਾਨਣ,
ਕਿਵੇਂ ਛਿੜਦਾ ਏ ਸੁਰਤ ਸਰੰਦਿਆਂ ਤੇ।
ਰਹਿਮਤ ਰੱਬ ਦੀ ਓਹਨਾ ਤੇ ਰੀਝਦੀ ਏ,
ਕਰਦੇ ਰਹਿਮ ਜੋ ਰੱਬ ਦੇ ਬੰਦਿਆਂ ਤੇ।
ਇਸ਼ਕ ਪਰਬਤ ਦੇ ਵਾਂਗ ਅਡੋਲ ਰਹਿੰਦੈ,
ਲੱਖ ਭਾਰ ਹੋਵੇ ਓਹਦੇ ਕੰਧਿਆਂ ਤੇ।
ਉਦੋਂ ਇਸ਼ਕ ਤੋਂ ਕੰਬਦੈ ਅਰਸ਼ ਸਫ਼ਰੀ,
ਜਦੋਂ ਨੱਚਦੈ ਆਰੇ ਦੇ ਦੰਦਿਆਂ ਤੇ।

## ਮੌਤ ਪ੍ਰਨਾਮ ਕਰਦੀ

ਜਿਹੜੇ ਸੱਚ ਦੀ ਸਿਫ਼ਤ ਸਲਾਹ ਕਰਦੇ,
ਚਰਚਾ ਆਮ ਦੁਨੀਆਂ ਸ਼ਰੇਆਮ ਕਰਦੀ।
ਬਹਿ ਕੇ ਗ਼ੈਰਤ ਦੀ ਗੋਦ ਵਿੱਚ ਪਲੇ ਜਿਹੜਾ,
ਉਹਦਾ ਹਰ ਹਸਤੀ ਇਹਤਰਾਮ ਕਰਦੀ।
ਸ਼ਕਤੀ ਇਸ਼ਕ ਦੀ ਐਸੀ ਹੈ ਮਹਾਂ ਸ਼ਕਤੀ,
ਜਿਹੜੀ ਆਪ ਆਪਣਾ ਰੋਸ਼ਨ ਨਾਮ ਕਰਦੀ।
ਸਫ਼ਰੀ ਐਵੇਂ ਨਹੀਂ ਆਸ਼ਕਾਂ ਸਾਦਕਾਂ ਨੂੰ,
ਝੁਕ - ਝੁਕ ਕੇ ਮੌਤ ਪ੍ਰਨਾਮ ਕਰਦੀ।


Sri Satguru Jagjit Singh Ji eLibrary NamdhariElibrary@gmail.com

# ਵਰਿਆਮ ਸਿੰਘ ਸੰਧੂ ਦੀ ਚੌਥੀ ਕੂਟ



ਵਰਿਆਮ ਸਿੰਘ ਸੰਧੂ ਅੱਜ ਦੇ ਸਮੇਂ, ਸਾਹਿਤਕ ਹਲਕਿਆਂ ਵਿੱਚ ਪੰਜਾਬੀ ਕਹਾਣੀ ਦਾ ਸਰਦਾਰ ਮੰਨਿਆ ਜਾਂਦਾ ਹੈ। "ਭੱਜੀਆਂ ਬਾਹੀਂ", "ਲੋਹੇ ਦੇ ਹੱਥ", "ਅੰਗ-ਸੰਗ", "ਵਾਪਸੀ", "ਮੈਂ ਹੁਣ ਠੀਕ ਠਾਕ ਹਾਂ" ਜਿਹੀਆਂ ਚਰਚਿਤ ਕਹਾਣੀਆਂ ਦੇ ਇਸ ਲੇਖਕ ਦੀ ਹਰ ਕਹਾਣੀ ਦੀ ਉਡੀਕ ਉਤਸੁਕਤਾ ਨਾਲ ਕੀਤੀ ਜਾਂਦੀ ਹੈ। ਭਾਵੇਂ ਜੀਵਨੀ, ਯਾਤਰਾ ਪ੍ਰਸੰਗ, ਆਲੋਚਨਾ ਸੰਪਾਦਨਾ ਦੀਆਂ ਪੁਸਤਕਾਂ ਵੀ ਉਹਨੇ ਪੰਜਾਬੀ-ਹਿੰਦੀ ਜਗਤ ਦੀ ਝੋਲੀ ਪਾਈਆਂ ਹਨ ਪਰ ਕਹਾਣੀ ਨਾ ਲਿਖਣ ਦਾ ਦੋਸ਼—ਉਲਾਂਭਾ ਉਹਦੇ ਸਿਰ ਰਿਹਾ ਹੈ। ਹੁਣ ਛੇ ਸਾਲਾਂ ਬਾਦ ਉਹਨੇ ਇਹ ਉਲਾਂਭਾ ਲਾਹਿਆ ਹੈ ਤੇ ਕਹਾਣੀ 'ਨੌਂ ਬਾਰਾਂ ਦਸ' ਆਈ ਹੈ ਜੋ ਵੱਖ-ਵੱਖ ਥਾਵਾਂ ਤੇ ਛਪ ਵੀ ਰਹੀ ਹੈ। ਕੋਈ ੧੧ ਸਾਲ ਦੇ ਅੰਤਰਾਲ ਦੇ ਬਾਦ ਉਸ ਦੇ ਕਹਾਣੀ ਸੰਗ੍ਰਹਿ ਦੇ ਦਰਸ਼ਨ ਵੀ ਹੋਏ ਹਨ। 'ਚੌਥੀ ਕੂਟ' ਪੁਸਤਕ (ਪ੍ਰਕਾਸ਼ਕ, ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ) ਪੰਜ ਕਹਾਣੀਆਂ ਨਾਲ ਹੀ ੧੪੨ ਸਫ਼ਿਆਂ ਦੀ ਹੋ ਗਈ ਹੈ। ਲੰਮੇ ਕਦ ਦੇ ਇਸ ਲੇਖਕ ਨੇ ਲੰਬੀਆਂ ਕਹਾਣੀਆਂ ਲਿਖੀਆਂ ਹੀ ਨਹੀਂ ਨਿਭਾਈਆਂ ਵੀ ਹਨ।

ਪਿਛਲੇਰੇ ਕੁਝ ਸਮੇਂ ਵਿੱਚ ਪੰਜਾਬ ਜਿਸ ਤ੍ਰਾਸਦੀ ਅਤੇ ਘਲੂਘਾਰੇ ਦੇ ਦੌਰ ਵਿਚੋਂ ਲੰਘਿਆ ਹੈ, ਉਸ ਦੀਆਂ ਗੁੰਝਲਾਂ ਅਜੇ ਤੱਕ ਨਹੀਂ ਖੁਲੀਆਂ। ਸ਼ਾਇਦ ਇਹ ਪੰਜਾਬ ਦੇ ਭਾਗਾਂ ਵਿੱਚ ਹੀ ਲਿਖਿਆ ਹੈ ਕਿ ਸਮੇਂ-ਸਮੇਂ ਇਸ ਦੀ ਮਾਨਸਿਕਤਾ ਵਿੱਚ ਪਤਾ ਨਹੀਂ ਕੀ ਤਬਦੀਲੀ ਆਉਂਦੀ ਹੈ ਕਿ ਭਰਾ, ਭਰਾ ਦਾ ਕਾਤਲ ਬਣ ਜਾਂਦਾ ਹੈ। ਕੁਝ ਸਮੇਂ ਬਾਦ ਦੁਸ਼ਮਣ, ਭਰਾ ਲੱਗਣ ਲੱਗਦਾ ਹੈ। ਜੱਫੀਆਂ ਵੀ ਪੈਂਦੀਆਂ ਹਨ ਅਤੇ ਉਸ ਤੋਂ ਨਿਛਾਵਰ ਹੋਣ ਲਈ ਬਿਹਬਲਤਾ ਵੀ ਹੁੰਦੀ ਹੈ। ਬੇਦੋਸੇ ਲੋਕ ਬੱਸਾਂ, ਰੇਲਾਂ ਅਤੇ ਬਾਜ਼ਾਰਾਂ ਵਿੱਚ ਦਾਣਿਆਂ ਵਾਂਗ ਭੁੰਨੇ ਵੀ ਜਾਂਦੇ ਹਨ ਅਤੇ 'ਦੁਸ਼ਮਣਾਂ' ਨੂੰ ਜਲੇਬੀਆਂ ਵੀ ਖਵਾਈਆਂ ਜਾਂਦੀਆਂ ਹਨ। ਆਪਣਾ ਗਵਾਂਢੀ ਪਰਾਇਆ ਵੀ ਹੋ ਜਾਂਦਾ ਹੈ ਤੇ ਪਿੰਡ ਦਾ ਜੁਆਈ ਆਪਣਾ ਜੁਆਈ ਵੀ ਹੁੰਦਾ ਹੈ। ਨਫ਼ਰਤ ਅਤੇ ਅਪਣਤ ਦਾ ਇਹ ਅਜੀਬ ਵਰਤਾਰਾ ਪਾਗਲਪਣ ਹੈ? ਜਨੂੰਨ ਹੈ? ਧਰਮ ਹੈ ਅਧਰਮ ਹੈ ਪਾਪ ਜਾਂ ਪੁੰਨ ਹੈ? ਪਰ ਇਹ ਪੰਜਾਬ ਦੀ ਹੋਣੀ ਬਣਿਆ ਹੋਇਆ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਇਸ ਜਟਿਲ ਵਰਤਾਰੇ ਨੂੰ ਪੰਜਾਬ ਦੀ ਆਤਮਾ ਵਿੱਚ ਬੈਠ ਕੇ ਵਰਿਆਮ ਸਿੰਘ ਸੰਧੂ ਨੇ ਮਹਿਸੂਸ ਵੀ ਕੀਤਾ ਅਤੇ ਬਿਆਨ ਵੀ ਕੀਤਾ ਹੈ। ਅਜਿਹੇ ਮਸਲੇ ਤੇ ਸਦਾ ਨਜ਼ਾਕਤ ਦੀ ਸੂਖਮ ਤੰਦ ਟੁੱਟ ਜਾਣ ਦਾ ਖਤਰਾ ਹੁੰਦਾ ਹੈ। ਇਥੇ ਕਹਾਣੀ ਦੇ ਬਿਖਰ ਜਾਣ ਦਾ ਅੰਦੇਸ਼ਾ ਹੁੰਦਾ ਹੈ, ਪਰ ਵਰਿਆਮ ਸਿੰਘ ਸੰਧੂ ਬਾਰੀਕ ਤੰਦੀ ਉੱਤੇ ਤੁਰਨ ਵਾਲੇ ਕਲਾਕਾਰ ਵਾਂਗ ਆਪਣੇ ਪੈਰ ਸਥਿਰ ਰੱਖਦਾ ਸੰਤੁਲਤ ਕਾਇਮ ਰੱਖਦਾ ਹੈ। ਇਹ ਹੀ ਉਸਦੀ ਸਫਲਤਾ ਹੈ। ਉਸ ਕੋਲ ਠੇਠ ਪੰਜਾਬੀ ਦੇ ਮੁਹਾਵਰੇਦਾਰ ਪੇਂਡੂ ਸ਼ਬਦਾਂ ਦਾ ਵੀ ਭੰਡਾਰ ਹੈ ਅਤੇ ਪੇਸ਼ ਕਰਨ ਦਾ ਅੰਦਾਜ਼ ਵੀ ਹੈ। ਗਲ ਬਨਾਉਣ ਅਤੇ ਨਿਭਾਉਣ ਦੀ ਜੁਗਤ ਵੀ ਹੈ ਇਸੇ ਵਾਸਤੇ ਹੀ ਆਪਣੀ ਲੰਮੀ ਕਹਾਣੀ ਨਾਲ ਵੀ ਪਾਠਕ ਨੂੰ ਜੋੜੀ ਰੱਖਦਾ ਹੈ।

ਇਸ ਪੁਸਤਕ "ਚੌਥੀ ਕੂਟ" ਦੀਆਂ ਕਹਾਣੀਆਂ 'ਚੌਥੀ ਕੂਟ', 'ਪਛਾਵੇਂ', "ਮੈਂ ਹੁਣ ਠੀਕ ਠਾਕ ਹਾਂ", "ਛੁੱਟੀ" ਅਤੇ "ਨੌਂ ਬਾਰਾਂ ਦਸ" ਪਹਿਲਾਂ ਛੱਪ ਵੀ ਚੁੱਕੀਆਂ ਹਨ ਅਤੇ ਅਭਿਨੰਦਨ ਵੀ ਕਰਵਾ ਚੁੱਕੀਆਂ ਹਨ। ਅਸੀਂ ਇਸ ਨਵੀਂ ਪੁਸਤਕ ਦਾ ਸੁਆਗਤ ਕਰਦੇ ਹੋਏ "ਵਰਿਆਮ" ਦੇ ਪਾਠਕਾਂ ਵਾਸਤੇ ਕਹਾਣੀ "ਚੌਥੀ ਕੂਟ" ਹੀ ਛਾਪ ਰਹੇ ਹਾਂ।

ਕਿਸੇ ਸਮੇਂ ਪੰਜਾਬ ਵਿੱਚ ਆਤੰਕ ਦਾ ਏਨਾ ਸਹਿਮ ਸੀ ਕਿ ਡਰਦਾ ਮਾਰਾ ਕੋਈ ਅੰਮ੍ਰਿਤਸਰ ਵੱਲ ਨਹੀਂ ਸੀ ਜਾਂਦਾ। ਜਦੋਂ ਰੋਜ਼ਾਨਾ ਮਰਨ ਵਾਲੇ ਬੰਦਿਆਂ ਦੀ ਗਿਣਤੀ ਨੂੰ ਕ੍ਰਿਕਿਟ ਦੀ ਖੇਡ ਵਾਂਗ 'ਸਕੋਰ' ਕਿਹਾ ਜਾਂਦਾ ਸੀ। ਆਮ ਬੰਦਾ ਥੋੜ੍ਹੇ ਜਿਹੇ ਸ਼ੱਕ ਜਾਂ ਫਰਜ਼ੀ ਅਨੁਮਾਨ ਨਾਲ ਹੀ ਸਪਰਿੰਗ ਵਾਂਗ ਕੰਬ ਜਾਂਦਾ ਸੀ। ਸਮਝਿਆ ਜਾਂਦਾ ਸੀ ਕਿ ਅੰਮ੍ਰਿਤਸਰ ਵੱਲੋਂ ਜੀਊਂਦਿਆਂ ਬਚ ਕੇ ਆਉਣ ਦੀ ਕੋਈ ਸੰਭਾਵਨਾ ਨਹੀਂ। ਆਮ ਸਾਧਾਰਨ ਬੰਦੇ ਦੀ ਉਸ ਵੇਲੇ ਦੀ ਮਾਨਸਿਕਤਾ ਦਾ ਅਕਸ ਇਸ ਕਹਾਣੀ ਵਿੱਚ ਸਾਂਭਿਆ ਪਿਆ ਹੈ।

**ਸੰਪਾਦਕ ਵਰਿਆਮ**



Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਚੌਥੀ ਕੂਟ

—ਵਰਿਆਮ ਸਿੰਘ ਸੰਧੂ

ਜਿਉਂ ਹੀ ਸੂਰਜ ਦੂਰ ਪੱਛਮ ਵਿੱਚ, ਉੱਚੇ-ਲੰਮੇ ਰੁੱਖਾਂ ਵਿਚੋਂ ਦੀ ਹੇਠਾਂ ਤੇ ਫੇਰ ਹੋਰ ਹੇਠਾਂ ਹੋਣ ਲੱਗਾ ਤਾਂ ਮੇਰਾ ਦਿਲ ਵੀ ਜਿਵੇਂ 'ਧੱਕ' ਕਰਕੇ ਹੇਠਾਂ ਬੈਠਣ ਲੱਗਾ ਸੀ।

ਮੈਂ ਕਦੀ ਘੜੀ ਵੱਲ, ਕਦੀ ਬੱਸ ਦੀ ਚਾਲ ਅਤੇ ਬੱਸ ਦੇ ਡਰਾਈਵਰ ਵੱਲ ਤੇ ਫੇਰ ਬਾਹਰ ਪਸਰ ਰਹੇ ਸ਼ਾਮ ਦੇ ਹਨ੍ਹੇਰੇ ਵੱਲ ਵੇਖ ਰਿਹਾ ਸਾਂ। ਸੱਜੇ ਹੱਥ ਨਾਲ ਦੀ ਸੀਟ 'ਤੇ ਬੈਠੇ ਜੁਗਲ ਕਿਸ਼ੋਰ ਦੇ ਚਿਹਰੇ ਵੱਲ ਵੇਖ ਕੇ, ਉਹਦੇ ਚਿਹਰੇ ਤੋਂ ਭੈਅ ਅਤੇ ਚਿੰਤਾ ਦੇ ਚਿੰਨ੍ਹ ਤਲਾਸ਼ ਕਰਨ ਲੱਗਾ ਤਾਂ ਉਹ ਅੱਗੋਂ ਮੁਸਕਰਾ ਪਿਆ ਸੀ।

"...ਇਹ ਡਰੈਵਰ ਵੀ ਬੜੀ ਕੁੱਤੀ ਸ਼ੈਅ ਵੇ। ਅੱਗੋਂ ਕੋਈ ਚੀਜ਼ ਆਉਂਦੀ ਹੈ ਤਾਂ ਹੌਲੀ ਕਰ ਲੈਂਦਾ ਮਾਂ ਨੂੰ। ਜਿਵੇਂ ਅਗਲੇ ਨੂੰ ਆਖਦਾ ਹੋਵੇ, 'ਮਹਾਰਾਜ! ਪਹਿਲਾਂ ਤੁਸੀਂ ਲੰਘਾ ਲੌ... ਮੈਂ-ਆਖੋ ਤਾਂ-ਪਾਸੇ ਕਰਕੇ ਰੋਕ ਦਿੰਦਾ,' ਹੂੰਅ... ਕਿਸੇ ਬੱਕਰੀ ਦੀ ਔਲਾਦ!"

ਤੇ ਉਸਨੇ ਨਾ-ਪਸੰਦਗੀ ਦੇ ਅੰਦਾਜ਼ ਵਿੱਚ ਪਾਸੇ ਨੂੰ ਸਿਰ ਮਾਰਿਆ।

ਉਸ ਦੀ ਗੱਲ ਦਾ ਜਵਾਬ ਦੇਣ ਦੀ ਥਾਂ ਮੈਂ ਬੱਸ ਵਿਚਲੀਆਂ ਪੱਗਾਂ ਵਾਲੀਆਂ ਅਤੇ ਪਟਿਆਂ ਵਾਲੀਆਂ ਸਵਾਰੀਆਂ ਦੀ ਗਿਣਤੀ ਕਰਨ ਲੱਗਾ। ਪੱਗਾਂ ਵਾਲੀਆਂ ਸਵਾਰੀਆਂ ਗਿਣਤੀ ਵਿੱਚ ਦੋ ਵੱਧ ਸਨ। ਮੈਂ ਪਰੇਸ਼ਾਨ ਜਿਹਾ ਹੋ ਗਿਆ। ਇੰਜ ਲੱਗਾ ਜਿਵੇਂ ਕਾਹਲੀ ਅਤੇ ਭੁਲੇਖੇ ਵਿੱਚ ਸਵਾਲ ਗ਼ਲਤ ਫ਼ਿਕਲ ਗਿਆ ਹੋਵੇ। ਰਕਮ ਮੇਟ ਕੇ ਮੈਂ ਇੱਕ ਵਾਰ ਫੇਰ ਗਿਣਤੀ ਕੀਤੀ। ਹੁਣ ਦੋਵੇਂ ਤਰ੍ਹਾਂ ਦੀਆਂ ਸਵਾਰੀਆਂ ਬਰਾਬਰ-ਬਰਾਬਰ ਸਨ। ਮੈਂ ਜਿਵੇਂ ਹਾਰਦਾ-ਹਾਰਦਾ ਬਚ ਗਿਆ ਸਾਂ। ਸੁਖ ਦਾ ਸਾਹ ਲੈ ਕੇ ਇਕ ਪਲ ਸੀਟ ਨਾਲ ਢੋਅ ਲਾ ਲਈ ਅਤੇ ਜੇਬ ਵਿਚੋਂ ਛੋਟੀ ਕੰਘੀ ਕੱਢ ਕੇ ਵਾਲਾਂ ਵਿੱਚ ਫੇਰਨ ਲੱਗਾ।

ਫੇਰ ਕੰਘੀ ਜੇਬ ਵਿੱਚ ਪਾ ਕੇ, ਬਾਰੀ ਵਿਚੋਂ ਬਾਹਰ ਫੈਲ ਰਹੇ ਸ਼ਾਮ ਦੇ ਘੁਸਮੁਸੇ ਵਿੱਚ ਨਜ਼ਰ ਗੱਡ ਦਿੱਤੀ।

ਹਨ੍ਹੇਰੇ ਵੱਲ ਵੇਖਦਿਆਂ ਹੀ ਜਿਵੇਂ ਪਲ ਭਰ ਲਈ ਮਿਲੇ ਸੁਖ ਉਤੇ ਫਿਰ ਸਿਆਹੀ ਫੈਲ ਗਈ ਸੀ।

ਸੂਰਜ ਡੁੱਬੇ ਤੋਂ ਬਾਅਦ ਬੱਸ ਵਿੱਚ ਸਫ਼ਰ ਕਰਨਾ ਤਾਂ ਮੌਤ ਦੇ ਨਾਲ ਤੁਰਨਾ ਸੀ।

ਤੇ ਫੇਰ ਏਸ ਦਿਸ਼ਾ ਵਿੱਚ?

ਪਿਛਲੇ ਦਿਨੀ ਦਿੱਲੀ ਰਹਿੰਦੇ ਮੇਰੇ ਭੂਆ ਦੇ ਪੁੱਤ ਰਾਕੇਸ਼ ਦੀ ਚਿੱਠੀ ਆਈ ਸੀ। ਉਸ ਨੇ ਲਿਖਿਆ ਸੀ : ਜੀ ਤਾਂ ਬੜਾ ਕਰਦਾ ਸੀ ਕਿ ਸ਼ੀਲਾ ਦੇ ਵਿਆਹ 'ਤੇ ਹਾਜ਼ਰ ਹੁੰਦਾ। ਪਰ ਭਰਾਵਾ! ਸੱਚੀ ਪੁੱਛੇਂ ਤਾਂ ਪਹਿਲੀ ਗੱਲ ਪੰਜਾਬ ਆਉਂਦਿਆਂ ਹੀ ਡਰ ਲੱਗਦੈ ਤੇ ਪੰਜਾਬ ਵਿੱਚ ਅੱਗੇ ਅੰਮ੍ਰਿਤਸਰ ਆਉਣਾ ਤਾਂ ਛੋਟੇ ਹੁੰਦਿਆਂ ਨਾਨੀ ਕੋਲੋਂ ਸੁਣੀ ਚੌਥੀ ਕੂਟ ਵਾਲੀ ਉਸ ਬਾਤ ਦੀ ਯਾਦ ਦਿਵਾ ਦਿੰਦਾ ਹੈ। ਯਾਦ ਹੈ ਨਾ ਤੈਨੂੰ ਉਹ ਬਾਤ? ਆਪਾਂ 'ਕੱਠਿਆਂ ਰਜਾਈ ਦੀ ਬੁੱਕਲ ਵਿੱਚ ਬੈਠ ਕੇ ਉਸ ਤੋਂ ਕਈ ਵਾਰੀ ਸੁਣੀ ਸੀ। ਉਦੋਂ ਜਦੋਂ ਚੌਥੀ ਵਿੱਚ ਪੜ੍ਹਦਿਆਂ ਮੈਂ ਤਿੰਨ ਮਹੀਨੇ ਤੁਹਾਡੇ ਕੋਲ ਅੰਮ੍ਰਿਤਸਰ ਰਿਹਾ ਸਾਂ। ਮੈਨੂੰ ਮਿਆਦੀ ਬੁਖ਼ਾਰ ਹੋ ਗਿਆ ਸੀ। ਰਾਜ਼ੀ ਹੋਣ 'ਤੇ ਮੈਨੂੰ ਨਾਨੀ ਦਰਬਾਰ ਸਾਹਿਬ ਮੱਥਾ ਟਿਕਾ ਕੇ ਲਿਆਈ ਸੀ। ਸਰੋਵਰ ਵਿੱਚ ਇਸ਼ਨਾਨ ਕਰਵਾ ਕੇ ਵੀ... 'ਦੁਖ-ਭੰਜਨੀ' ਬੇਰੀ ਹੇਠਾਂ। ਸ਼ਾਮੀ ਸੌਣ ਲੱਗਿਆਂ, ਦਿਨੇ ਉੱਠਣ ਲੱਗਿਆ, ਰੋਟੀ ਖਾਣ ਲੱਗਿਆਂ, ਉਹ 'ਧੰਨ ਗੁਰੂ ਰਾਮਦਾਸ...ਧੰਨ ਗੁਰੂ ਰਾਮਦਾਸ' ਕਰਦੀ ਰਹਿੰਦੀ ਸੀ। ਜੀ ਤੇ ਕਰਦਾ ਉਸ ਦੇਵੀ ਸੂਰਤ ਦੇ ਦਰਸ਼ਨ ਕਰ ਜਾਵਾਂ। ਪਤਾ ਨਹੀਂ ਹੋਰ ਸਾਲ ਹੈ ਕਿ ਛੇ ਮਹੀਨੇ। ਬੱਸ ਭਰਾਵਾ! ਡਰਦਾ ਨਹੀਂ ਆ ਰਿਹਾ। ਬਹਾਨਾ ਹੋਰ ਕੋਈ ਨਹੀਂ। ਐਹ ਪੰਜ ਸੌ ਰੁਪਏ ਦਾ ਡਰਾਫ਼ਟ ਭੇਜ ਰਿਹਾਂ। ਭੈਣ ਨੂੰ ਮੇਰੇ ਵੱਲੋਂ ਕੋਈ ਚੀਜ਼ ਲੈ ਦਈਂ। ਤੇ ਮਾਮੇ ਮਾਮੀ ਕੋਲੋਂ ਮੇਰੇ ਵੱਲੋਂ ਮਾਫ਼ੀ ਮੰਗ ਲਈਂ। ਉਂਜ, ਬੰਦਾ ਭਾਵੇਂ ਕਿੱਡਾ ਵੀ ਕਿਉਂ ਨਾ ਹੋ ਜਾਵੇ, ਨਾਨਕੇ ਆਉਣ ਨੂੰ ਭਲਾ ਕੀਹਦਾ ਜੀ ਨਹੀਂ ਕਰਦਾ! ਪਰ...

ਮੇਰੇ ਮਨ ਵਿੱਚ ਛੋਟੇ ਹੁੰਦਿਆਂ ਦਾਦੀ ਤੋਂ ਸੁਣੀ, ਰਾਜਕੁਮਾਰ ਵਾਲੀ ਉਹ ਬਾਤ ਘੁੰਮ ਰਹੀ ਸੀ, ਜਿਸ ਅੱਗੇ ਇਹ ਸ਼ਰਤ ਲਾ ਦਿੱਤੀ ਗਈ ਸੀ ਕਿ ਉਹ ਤਿੰਨੇ ਕੂਟਾਂ ਵੱਲ ਤਾਂ ਬੇਫ਼ਿਕਰੀ ਨਾਲ ਜਾ ਸਕਦਾ ਸੀ, ਪਰ ਚੌਥੀ ਕੂਟ ਵੱਲ ਨਹੀਂ। ਕਿਉਂਕਿ ਚੌਥੀ ਕੂਟ ਵੱਲ ਜਾਇਆਂ, ਪੈਰ-ਪੈਰ 'ਤੇ, ਮੋੜ-ਮੋੜ 'ਤੇ ਉਸਦੀ ਜਾਨ ਨੂੰ ਖ਼ਤਰਾ ਸੀ। ਚੌਥੀ ਕੂਟ ਵੱਲ ਗਿਆ ਤਾਂ ਉਹ ਜਿਊਂਦਾ ਵਾਪਸ ਨਹੀਂ ਸੀ ਆ ਸਕਦਾ।

ਪਰ ਉਸ ਰਾਜਕੁਮਾਰ ਦੀ ਜਗਿਆਸਾ ਅਤੇ ਬਹਾਦਰੀ ਉਸ ਨੂੰ ਚੌਥੀ ਕੂਟ ਵੱਲ ਲੈ ਹੀ ਤਾਂ ਗਈ ਸੀ।

ਤੇ ਉਹ ਸਭ ਖ਼ਤਰਿਆਂ ਨਾਲ ਇਕੱਲਾ ਹੀ ਜੂਝ ਕੇ, ਸਿਰਫ਼ ਜਿਊਂਦਾ ਹੀ ਵਾਪਸ ਨਹੀਂ ਸੀ ਪਰਤਿਆ, ਕਈ ਕੁਝ ਅਣਮੁੱਲਾ ਪ੍ਰਾਪਤ ਕਰਕੇ ਵੀ ਪਰਤਿਆ ਸੀ।

ਨਾਂ ਨੂੰ ਤਾਂ ਮੇਰਾ ਨਾਂ ਵੀ ਰਾਜਕੁਮਾਰ ਸੀ, ਪਰ ਮੈਂ ਬਾਤਾਂ ਵਾਲਾ ਰਾਜਕੁਮਾਰ ਥੋੜ੍ਹਾ ਸਾਂ! ਮੈਂ ਤਾਂ ਅੰਮ੍ਰਿਤਸਰ ਜ਼ਿਲ੍ਹੇ ਦੇ, ਦੂਰ ਬਾਰਡਰ ਦੇ, ਇਕ ਪਿੰਡ ਦੇ ਹਾਈ ਸਕੂਲ ਦਾ ਕਲਰਕ ਸਾਂ—ਜਿਸਦੇ ਮਨ ਵਿੱਚ ਸਿਰਫ਼ ਏਨੀ ਜਗਿਆਸਾ ਸੀ ਕਿ ਬੱਸ ਛੇਤੀ ਤੋਂ ਛੇਤੀ ਜਲੰਧਰ ਪਹੁੰਚੇ... ਘੱਟ-ਘੱਟ ਉਸ ਆਖ਼ਰੀ ਗੱਡੀ ਤੋਂ ਪਹਿਲਾਂ ਜੋ ਜਲੰਧਰੋਂ ਅੰਮ੍ਰਿਤਸਰ ਨੂੰ ਚੱਲਦੀ ਹੈ।



Sri Satguru Jagjit Singh Ji eLibrary NamdhariElibrary@gmail.com

ਤੇ ਬਹਾਦਰੀ!

...ਉਂਜ ਜਿਨ੍ਹਾਂ ਪਿੰਡਾਂ ਵਿੱਚ ਜਾ ਕੇ ਮੈਂ ਡਿਊਟੀ ਦਿੰਦਾਂ, ਉਥੇ ਡਿਊਟੀ ਦੇਣਾ ਵੀ ਸਾਡੀ ਦਿੱਖ ਦੇ ਬੰਦਿਆਂ ਲਈ ਬਹਾਦਰੀ ਤੋਂ ਘੱਟ ਨਹੀਂ। ਨਾਲੇ ਕਾਹਦੀ ਬਹਾਦਰੀ ਹੁਣ? ਪਤਾ ਨਹੀਂ ਤੁਹਾਡੇ ਸੱਜਿਓਂ ਖੱਬਿਓਂ ਕਦੋਂ ਕਿਸ ਨੇ, ਕਿਸ ਨੂੰ ਗੋਲੀ ਮਾਰ ਦੇਣੀ ਹੈ। ਤੁਹਾਨੂੰ ਦੁਸ਼ਮਣ ਦਾ, ਉਹਦੀ ਸਮਰੱਥਾ ਦਾ, ਉਹਦੇ ਹਮਲਾ ਕਰਨ ਦੇ ਵੇਲੇ ਦਾ ਕੁਝ ਵੀ ਤਾਂ ਪਤਾ ਨਹੀਂ।

ਮੇਰੇ ਐਨ ਸਿਰ ਦੇ ਉੱਤੇ ਬੱਸ ਦੀ ਬੱਤੀ ਜਗ ਪਈ ਤਾਂ ਉਸ ਦੇ ਨਾਲ ਹੀ ਛੱਤ 'ਤੇ ਲਿਖੀਆਂ ਲਾਈਨਾਂ ਉੱਘੜ ਆਈਆਂ।

'ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ ਹੋਵੇਗੀ।'

ਲਾਈਨਾਂ ਪੜ੍ਹ ਕੇ ਮੈਂ ਜੁਗਲ ਵੱਲ ਵੇਖ ਕੇ ਮੁਸਕਰਾਇਆ ਤੇ ਕਿਤਿਉਂ ਪੜ੍ਹੀ ਗੱਲ ਉਸ ਨੂੰ ਸੁਣਾਈ।

"ਏਥੇ ਹੁਣ ਇਹ ਵੀ ਲਿਖ ਛੱਡਣਾ ਚਾਹੀਦਾ ਐ...ਸਵਾਰੀ ਆਪਣੀ ਜਾਨ ਦੀ ਵੀ ਆਪ ਜ਼ਿੰਮੇਵਾਰ ਹੋਵੇਗੀ।"

ਜੁਗਲ ਹੱਸ ਪਿਆ ਤੇ ਉਸ ਛੱਤ ਦੇ ਦੂਜੇ ਪਾਸੇ ਲਿਖੀ ਇੱਕ ਹੋਰ ਸਤਰ ਵੱਲ ਇਸ਼ਾਰਾ ਕੀਤਾ ਤੇ ਫੇਰ ਪੜ੍ਹਨ ਲੱਗਾ, "ਸਿਰ ਅਤੇ ਬਾਜ਼ੂ ਬਾਹਰ ਨਾ ਕੱਢੋ ਜੀ।" ਤੇ ਉਹ ਫਿਰ ਬੱਸਾਂ ਵਿੱਚ ਆ ਵੜਨ ਵਾਲੇ ਪਿਸਤੌਲ-ਧਾਰੀਆਂ ਦੇ ਹਵਾਲੇ ਨਾਲ ਉਨ੍ਹਾਂ ਵੱਲੋਂ ਹੀ ਆਖਣ ਲੱਗਾ, "ਸਿਰ ਅਤੇ ਬਾਜ਼ੂ ਬਾਹਰ ਨਾ ਕੱਢੋ ਜੀ... ਅਸੀਂ ਅੰਦਰ ਹੀ ਆ ਜਾਂਦੇ ਹਾਂ..."

ਅਸੀਂ ਆਪਣੇ ਆਪ 'ਤੇ ਹੱਸਣ ਦਾ ਯਤਨ ਕੀਤਾ, ਪਰ ਸਾਡੇ ਹਾਸੇ ਵਿੱਚ ਵੀ ਸਹਿਮ ਰਲਿਆ ਹੋਇਆ ਸੀ।

ਚੰਡੀਗੜ੍ਹੋਂ ਡੀ.ਪੀ.ਆਈ. ਦੇ ਦਫ਼ਤਰੋਂ ਜੁਗਲ ਦਾ ਕੰਮ ਕਰਵਾ ਕੇ ਅੱਡੇ 'ਤੇ ਪਹੁੰਚੇ ਤਾਂ ਪੰਜ ਮਿੰਟ ਪਹਿਲਾਂ ਅੰਮ੍ਰਿਤਸਰ ਨੂੰ ਜਾਣ ਵਾਲੀ ਆਖ਼ਰੀ ਬੱਸ ਚੱਲ ਚੁੱਕੀ ਸੀ। ਆਖ਼ਰੀ ਬੱਸ ਲੰਘ ਜਾਵੇ ਤੇ ਰਹਿਣ ਲਈ ਕੋਈ ਠਾਹਰ ਨਾ ਹੋਵੇ ਤਾਂ ਸਾਡੇ ਵਰਗੇ ਲੋਕਾਂ ਲਈ ਜੋ ਮੁਸ਼ਕਿਲ ਬਣਦੀ ਹੈ, ਉਸਦਾ ਅਨੁਮਾਨ ਲਾਉਣਾ ਔਖਾ ਨਹੀਂ। ਖ਼ਾਸ ਤੌਰ 'ਤੇ ਅਜੋਕੇ ਸਮਿਆਂ ਵਿੱਚ, ਜਦੋਂ ਰਹਿਣ ਦੀ ਹੀ ਨਹੀਂ, ਜਾਨ ਬਚਾਉਣ ਦੀ ਸਮੱਸਿਆ ਵੀ ਸਿਰ 'ਤੇ ਆਣ ਖੜ੍ਹੀ ਹੁੰਦੀ ਹੈ।

ਰਾਤ ਨੂੰ ਅੰਮ੍ਰਿਤਸਰ ਪੁੱਜਣਾ ਲਾਜ਼ਮੀ ਸੀ। ਅੱਜ ਘਰ ਮੁੜ ਆਉਣ ਦੀ ਪੱਕੀ ਕਰਕੇ ਆਏ ਸਾਂ। ਰਾਤ ਘਰ ਨਾ ਪਹੁੰਚਣ ਦਾ ਮਤਲਬ ਸੀ, ਦੋਹਾਂ ਘਰਾਂ ਦੇ ਜੀਆਂ ਨੂੰ ਸਾਰੀ ਰਾਤ ਭੈਅ ਤੇ ਚਿੰਤਾ ਦੀ ਸੂਲੀ 'ਤੇ ਟੰਗੀ ਰੱਖਣਾ। ਸ਼ਾਦੀ ਗਮੀ 'ਤੇ ਜਾਣ ਤੋਂ ਬਿਨਾਂ ਮੈਂ ਤਾਂ ਹੁਣ ਕਦੀ ਰਾਤ ਬਾਹਰ ਹੀ ਨਹੀਂ ਸਾਂ ਠਹਿਰਦਾ। ਸੂਰਜ ਡੁੱਬਣ 'ਤੇ ਅੰਦਰ ਵੜ ਕੇ ਘਰ ਦੇ ਦਰਵਾਜ਼ੇ ਬੰਦ ਕਰ ਲਈਦੇ ਸਨ।... ਇਕ ਗੱਲ ਹੋਰ ਵੀ ਸੀ– ਸਵੇਰੇ ਹੀ ਮੇਰੇ ਕੁਲੀਗ ਮਾਸਟਰ ਹਰਚਰਨ ਦੀ ਕੁੜੀ ਦਾ ਵਿਆਹ ਵੀ ਸੀ। ਹਰਚਰਨ ਚੰਗਾ ਬੰਦਾ ਸੀ। ਮੇਰੀ ਭੈਣ ਸ਼ੀਲਾ ਦੇ ਵਿਆਹ 'ਤੇ ਉਸ ਨੇ ਦੱਸ ਹਜ਼ਾਰ ਰੁਪਏ ਮੈਨੂੰ ਹੱਥ ਹੁਦਾਰ ਦਿੱਤਾ ਸੀ, ਜੋ ਮੈਂ ਅਜੇ ਵੀ ਉਸ ਨੂੰ ਮੋੜਨਾ ਸੀ। ਉਂਜ ਵੀ ਉਸ ਤੋਂ ਤੇਲ ਕਢਾਉਣ ਲਈ ਤੋਰੀਆ, ਬਾਸਮਤੀ ਦੇ ਚੌਲ, ਗੁੜ-ਗੰਨੇ ਲੋੜ ਅਨੁਸਾਰ ਲੈ ਆਈਦੇ ਸਨ। ਆਪਾਂ ਵੀ ਕਦੀ ਉਸ ਨਾਲ ਬਾਊਆਂ ਵਾਲੀ ਗੱਲ ਨਹੀਂ ਕੀਤੀ। ਐਫੀਸ਼ੈਂਸੀ ਬਾਰ ਦਾ ਕੇਸ ਹੋਵੇ ਜਾਂ ਡੀ.ਈ.ਓ. ਦਫ਼ਤਰ ਕੋਈ ਕੰਮ ਹੋਵੇ, ਆਪ ਕਰਵਾ ਕੇ ਦਈਦਾ... ਬਿਨਾਂ ਪੈਸਿਆਂ ਤੋਂ। ਹੁਣ ਜੇ ਸਵੇਰੇ ਨਾ ਪਹੁੰਚਦਾ ਤਾਂ ਉਸ ਆਖਣਾ ਸੀ... ਉਸ ਕੀ ਆਖਣਾ ਸੀ! ਮੇਰਾ ਮਨ ਈ ਨਹੀਂ ਮੰਨਦਾ ਕਿ ਧੀ ਧਿਆਣੀ ਨੂੰ ਸ਼ਗਨ ਪਾਉਣ ਵੀ ਨਾ ਪਹੁੰਚਾ।... ਉਂਜ ਵੀ ਰਾਤ ਹੋਟਲਾਂ ਵਿੱਚ ਠਹਿਰਨ ਦੀ ਸਾਡੇ ਬਾਊ ਲੋਕਾਂ ਵਿੱਚ ਪਹੁੰਚ ਕਿੱਥੇ!

"ਰਾਜੂ! ਵੇਖ ਲੈ ਉਹ ਵੀ ਦਿਨ ਸਨ, ਜਦੋਂ ਕੰਮ ਮੁਕਾ ਕੇ ਹਲਕਾ ਜਿਹਾ ਪੈੱਗ ਲਾ ਕੇ ਫ਼ਿਲਮ ਵੇਖ ਕੇ ਰਾਤ ਚੰਡੀਗੜ੍ਹੋਂ ਬੱਸ 'ਤੇ ਚੱਲ ਕੇ ਅੰਮ੍ਰਿਤਸਰ ਪਹੁੰਚ ਜਾਈਦਾ ਸੀ ਤੇ ਘੜੀ ਪਲ ਠੌਂਕਾ ਲਾ ਕੇ ਵੀ ਸਵੇਰੇ ਡਿਊਟੀ 'ਤੇ ਜਾਣ ਲਈ ਤਿਆਰ-ਬਰ-ਤਿਆਰ ਹੋਈਦਾ ਸੀ।"

ਮੈਨੂੰ ਜਾਪਿਆ, ਉਹ ਪੰਜਾਬ ਤਾਂ ਹੁਣ ਬੀਤੇ ਦੀ ਕਹਾਣੀ ਹੋ ਕੇ ਰਹਿ ਗਿਆ ਸੀ। ਇੱਕ ਸੁਪਨੇ ਵਾਂਗ...ਦੂਰ...ਬਹੁਤ ਦੂਰ...ਕਿਧਰੇ ਪਿੱਛੇ ਵੱਲ।

ਕਿਸੇ ਦੱਸਿਆ ਜਲੰਧਰ ਨੂੰ ਆਖ਼ਰੀ ਬੱਸ ਅਜੇ ਜਾਣੀ ਸੀ, ਜੇ ਅਸੀਂ ਉਸ 'ਤੇ ਚੜ੍ਹ ਜਾਈਏ ਤਾਂ ਜਲੰਧਰੋਂ ਅੰਮ੍ਰਿਤਸਰ ਨੂੰ ਜਾਣ ਵਾਲੀ ਆਖ਼ਰੀ ਗੱਡੀ ਮਿਲ ਸਕਦੀ ਸੀ।

...ਤੇ ਸਾਰਾ ਰਾਹ ਮੇਰਾ ਮਨ ਬੱਸ ਦੀ ਸਪੀਡ ਦੇ ਨਾਲ-ਨਾਲ ਹੀ ਨਹੀਂ, ਸਗੋਂ ਉਸ ਤੋਂ ਵੀ ਕਿਤੇ ਤੇਜ਼ ਦੌੜਦਾ ਰਿਹਾ ਸੀ। ਮੈਂ ਬਾਰ-ਬਾਰ ਘੜੀ ਉੱਤੋਂ ਟਾਈਮ ਦੇਖਣ ਤੇ ਗੱਡੀ ਚੱਲਣ ਦੇ ਸਮੇਂ ਤੱਕ, ਬਾਕੀ ਬਚੇ ਸਮੇਂ ਨੂੰ ਤਕਸੀਮ ਕਰਕੇ, ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਤੱਕ ਖਰੜ, ਰੋਪੜ, ਨਵਾਂ ਸ਼ਹਿਰ, ਬੰਗਾ, ਫਗਵਾੜਾ-ਬੱਸ ਦੇ ਪਹੁੰਚਣ ਦਾ ਵਕਤ ਮਨ ਹੀ ਮਨ ਨਿਸ਼ਚਿਤ ਕਰਦਾ ਆ ਰਿਹਾ ਸਾਂ, ਪਰ ਹਰੇਕ ਥਾਂ 'ਤੇ ਬੱਸ ਮੇਰੇ ਅਨੁਮਾਨਤ ਸਮੇਂ ਤੋਂ ਪਛੜਕੇ ਹੀ ਪਹੁੰਚਦੀ ਰਹੀ ਸੀ। ਇੰਝ ਮੈਨੂੰ ਆਪਣੀ ਅਤੇ ਗੱਡੀ ਵਿਚਲੀ ਵਿੱਥ ਵਧਦੀ ਜਾਂਦੀ ਜਾਪਦੀ। ਮੈਨੂੰ ਘਬਰਾਹਟ ਹੋਣ ਲੱਗੀ ਸੀ, ਜੇ ਜਲੰਧਰ ਵੀ ਵੇਲੇ ਸਿਰ ਨਾ ਪਹੁੰਚ ਸਕੇ ਤਾਂ?

ਮੇਰੇ ਮਨ ਨੇ ਵਿਚੋਂ ਹੀ ਕਿਹਾ ਜਲੰਧਰ ਵੇਲੇ ਸਿਰ ਨਹੀਂ, ਸਗੋਂ ਸੁਖ ਸੁਖਾਂ ਨਾਲ ਪਹੁੰਚਣ ਦੀ ਗੱਲ ਸੋਚ। ਮੈਨੂੰ ਜਾਪਿਆ ਹੁਣੇ ਹੀ ਕੋਈ ਜਣਾ ਡਰਾਈਵਰ ਦੀ ਪੁੜਪੁੜੀ 'ਤੇ ਪਿਸਤੌਲ ਦੀ ਠੰਢੀ ਨਾਲੀ ਰੱਖੇਗਾ ਤੇ ਉਸ ਨੂੰ ਕਿਸੇ ਦੀ ਲਿੰਕ ਰੋਡ ਵੱਲ ਬੱਸ ਮੋੜਨ ਲਈ ਆਖੇਗਾ ਤੇ ਦੂਜੇ ਹੀ ਪਲ ਮੇਰੇ ਪਿੱਛੇ ਬੈਠਾ ਸਰਦਾਰ ਆਪਣਾ ਅੱਜ ਸ਼ਾਮ ਦਾ 'ਸਕੋਰ' ਸ਼ੁਰੂ ਕਰਨ ਲਈ ਮੇਰੇ ਤੋਂ ਹੀ ਆਪਣਾ 'ਖਾਤਾ' ਖੋਲ੍ਹੇਗਾ।

ਜੁਗਲ ਫੇਰ ਦਿਨਾਂ ਦਾ ਰੋਣਾ ਲੈ ਬੈਠਾ, "ਵੇਖ ਲੈ! ਇਹ ਵੀ



Sri Satguru Jagjit Singh Ji eLibrary NamdhariElibrary@gmail.com

ਦਿਨ ਸਨ ਜਦੋਂ ਬੱਸ ਲੰਘ ਜਾਵੇ ਤਾਂ ਲੋਕ ਜਿੱਥੇ ਜੀਅ ਕਰੇ ਸਿਰਹਾਣੇ ਬਾਂਹ ਦੇ ਕੇ ਸੌਂ ਜਾਂਦੇ ਸਨ। ਇਹ ਇਹਨਾਂ ਨੇ ਕੀ ਕਰ 'ਤਾ?"

ਮੈਂ ਉਸਦੀ ਹਾਂ ਵਿੱਚ ਹਾਂ ਮਿਲਾਈ। ਅਚਾਨਕ ਮੇਰੇ ਜ਼ਿਹਨ ਦੀ ਗਰਾਰੀ ਆਪਣੇ ਮਨ ਨੂੰ ਪੁੱਛਿਆ, "ਇਹ ਕੌਣ ਸਨ, ਜਿਨ੍ਹਾਂ ਨੇ ਇਹ ਸਭ ਕੁਝ ਕਰ ਦਿੱਤਾ ਸੀ?" ਪਰ ਮੇਰੇ ਮਨ ਤੋਂ ਪਹਿਲਾਂ ਹੀ ਸਾਡੇ ਸਕੂਲ ਦਾ ਅੰਮ੍ਰਿਤਧਾਰੀ ਡੀ.ਪੀ.ਈ. ਬੋਲ ਪਿਆ, "ਬਾਹਮਣ... ਹੋਰ ਕੌਣ?" ਉਹ ਹਿੰਦੂ ਵੀ ਨਹੀਂ ਆਖੇਗਾ। 'ਬਾਹਮਣ' ਆਖੇਗਾ- ਬੜਾ ਘਰੋੜਕੇ। ਫੇਰ ਆਖੇਗਾ, "ਲੁਟੇਰਾ ਕੌਮ, ਝੂਠੀ ਤੇ ਬੇਈਮਾਨ, ਮੀਸਣੀ ਤੇ ਧੋਖੇਬਾਜ਼, ਇਹਨਾਂ ਦਾ ਵਸਾਹ ਨਹੀਂ ਕੀਤਾ ਜਾ ਸਕਦਾ ਕਦੀ... ਪਹਿਲਾਂ ਆਂਹਦੇ ਸਨ ਸਾਡੇ ਨਾਲ ਰਹੋ... ਆਜ਼ਾਦ ਹੋ ਲਈਏ... ਤੁਹਾਡੇ ਰਹਿਣ ਲਈ ਇੱਕ ਖਿੱਤਾ ਦਿਆਂਗੇ ਆਜ਼ਾਦੀ ਦਾ ਨਿੱਘ ਮਾਨਣ ਲਈ... ਤੇ ਆਜ਼ਾਦ ਹੁੰਦਿਆਂ ਈ... ਅਖੇ ਤੁਸੀਂ ਤਾਂ ਜਰੈਮ-ਪੇਸ਼ਾ ਕੌਮ ਓ... ਤੇ ਨਿੱਘ ਦਿੱਤਾ ਨੇ ਬਲਦੇ ਟੈਰ ਗਲਾਂ 'ਚ ਪਾ ਕੇ... ਫੇਰ ਸਮਝੌਤੇ ਕਰਦੇ ਨੇ... ਮੁੱਕਰ ਜਾਂਦੇ ਨੇ... ਜੇ ਸਿੰਘ ਖੜਕਾ ਦੜਕਾ ਕਰਦੇ ਨੇ ਤਾਂ ਚੀਕਦੇ ਨੇ... ਸਾਰਾ ਹਿੰਦੁਸਤਾਨ ਸਿਰ 'ਤੇ ਚੁੱਕਣਾ ਲਿਆ।..."

ਸੱਚੀ ਗੱਲ ਹੈ, ਆਪਾਂ ਤਾਂ ਕਦੀ ਅੱਗੋਂ ਬੋਲੇ ਹੀ ਨਹੀਂ। ਜਿਹੜਾ ਬੋਲੇ ਅੱਗੋਂ 'ਜੀ ਜੀ' ਕਰ ਛੱਡੀਦਾ ਹੈ। ਗੁੱਸਾ ਤਾਂ ਆਉਂਦਾ ਹੈ, ਜਦੋਂ ਸਾਰੀ ਕੌਮ ਨੂੰ 'ਬੇਈਮਾਨ' ਆਖਦਾ ਹੈ। ਪਰ ਹੋਰ ਕੋਈ ਸਟਾਫ਼ ਮੈਂਬਰ ਵੀ ਤਾਂ ਨਹੀਂ ਬੋਲਦਾ। ਸਾਰੇ ਉਸਦੀ ਗੱਲ ਨੂੰ ਟਾਲਦੇ ਹੀ ਹਨ। ਨਾਲ ਬੋਲ ਕੇ ਕੌਣ ਮੌਤ ਨੂੰ ਸੱਦਾ ਦੇਵੇ। ਹੁਣ ਤਾਂ ਸਾਡੇ ਸਕੂਲੋਂ ਪੜ੍ਹ ਕੇ ਗਿਆ ਇੱਕ ਮੁੰਡਾ ਵੀ 'ਉਧਰ' ਰਲ ਗਿਆ ਸੀ। ਅਜੇ ਚਾਰ ਮਹੀਨੇ ਵੀ ਨਹੀਂ ਹੋਏ, ਸਾਡੇ ਸਕੂਲ ਦੇ ਲਾਗਲੇ ਪਿੰਡ ਦੇ ਹਾਈ ਸਕੂਲ 'ਚ ਦਨਦਨਾਉਂਦੇ ਆਏ ਸਨ ਤੇ ਮਿੰਟਾਂ ਵਿੱਚ ਹੀ ਤਿੰਨ ਮਾਸਟਰਾਂ ਨੂੰ ਗੋਲੀਆਂ ਨਾਲ ਦਿਨ-ਦਿਹਾੜੇ ਭੁੰਨ ਕੇ ਬਚ ਕੇ ਨਿਕਲ ਗਏ ਸਨ।

ਬੱਸ ਹੁਜਕੇ ਨਾਲ ਰੁਕੀ। ਇਹ ਜਲੰਧਰ ਕੈਂਟ ਸੀ। ਅਸੀਂ ਸੋਚਿਆ, ਇੱਥੋਂ ਗੱਡੀ ਫੜਨ ਵਿੱਚ ਸੌਖ ਅਤੇ ਸਮੇਂ ਦੀ ਬੱਚਤ ਹੋ ਜਾਵੇਗੀ। ਸਟੇਸ਼ਨ ਦੀਆਂ ਪੌੜੀਆਂ 'ਤੇ ਖੜ੍ਹਤੇ ਕਿਸੇ ਵਿਅਕਤੀ ਨੂੰ ਪੁੱਛਣ 'ਤੇ ਪਤਾ ਲੱਗਾ ਕਿ ਗੱਡੀ ਤਾਂ ਲੰਘ ਚੁੱਕੀ ਸੀ। ਉਸ ਨੇ ਕਿਹਾ, "ਥਰ੍ਹੀ ਵੀਲਰ ਲੈ ਲਓ। ਹਿੰਮਤ ਕਰੋ ਤਾਂ ਜਲੰਧਰੋਂ ਗੱਡੀ ਮਿਲ ਸਕਦੀ ਹੈ... ਅਜੇ ਥੋੜ੍ਹਾ ਚਿਰ ਹੋਇਆ ਏਥੋਂ ਲੰਘੀ ਨੂੰ..."

ਬੱਸ ਦੇ ਡਰਾਈਵਰ ਨੂੰ ਗਾਲ੍ਹਾਂ ਦਿੰਦੇ, ਕਾਹਲੀ-ਕਾਹਲੀ ਥਰ੍ਹੀ ਵੀਲਰ ਲੈ ਕੇ ਜਦੋਂ ਜਲੰਧਰ ਰੇਲਵੇ ਸਟੇਸ਼ਨ 'ਤੇ ਪਹੁੰਚੇ ਤਾਂ ਪਤਾ ਲੱਗਾ, ਗੱਡੀ ਉਥੋਂ ਵੀ ਤੁਰ ਚੁੱਕੀ ਸੀ।

ਮੈਂ ਨਿਰਾਸ਼ਾ ਵਿੱਚ ਮੱਥੇ 'ਤੇ ਹੱਥ ਮਾਰਿਆ।

"ਹੁਣ ਫਿਰ?"

ਜੁਗਲ ਦਾ ਇਹ ਸਹਿਮਿਆ ਹੋਇਆ ਸਵਾਲ ਤਾਂ ਪਹਿਲਾਂ ਹੀ ਮੇਰੇ ਅੰਦਰ ਬਰਛੇ ਵਾਂਗ ਖੁੱਭਿਆ ਪਿਆ ਸੀ ਜਿਸ ਦਾ ਜੁਆਬ ਲੱਭਣ ਲਈ ਮੈਂ ਆਪਣੇ ਅੰਦਰ ਦੌੜ-ਦੌੜ ਕੇ ਹਫ-ਥੱਕ ਚੁੱਕਾਂ ਸਾਂ।

"ਹੁਣ ਤਾਂ ਇਹੋ ਹੀ ਹੋ ਸਕਦਾ ਕਿ ਬਾਤਾਂ ਵਾਲੇ ਪਊਏ ਹੋਣ ਪੈਰੀਂ ਜਾਂ ਹੋਵੇ ਕੋਈ ਉੱਡਣ-ਖਟੋਲਾ-ਜਿਸ ਵਿੱਚ ਬੈਠ ਕੇ, ਅਸਮਾਨ ਰਾਹੀਂ ਉੱਡ ਕੇ ਪਹੁੰਚ ਜਾਈਏ ਅੰਮ੍ਰਿਤਸਰ..."

ਪਲੈਟਫਾਰਮ ਉਤਲੇ ਲੱਕੜ ਦੇ ਬੈਂਚ 'ਤੇ ਬੈਠਦਿਆਂ ਮੈਂ ਮਹਿਸੂਸ ਕੀਤਾ ਕਿ ਮੇਰੇ ਬੋਲਾਂ ਵਿੱਚ ਬੇਮਲੂਮੀ ਖਿੱਝ ਵੀ ਸੀ।

ਜੁਗਲ ਮੈਨੂੰ ਕੁਝ ਕਹਿਣ ਦੀ ਥਾਂ ਸਰਕਾਰ ਨੂੰ ਬੁਰਾ-ਭਲਾ ਕਹਿਣ ਲੱਗਾ, ਜਿਸ ਨੇ ਹਨ੍ਹੇਰਾ ਹੋਣ ਤੋਂ ਬਾਅਦ ਬੱਸਾਂ ਦੇ ਨਾਲ-ਨਾਲ, ਅੰਮ੍ਰਿਤਸਰ ਨੂੰ-ਇੱਕ ਨਿਸ਼ਚਿਤ ਸਮੇਂ ਤੋਂ ਬਾਅਦ-ਗੱਡੀਆਂ ਦਾ ਜਾਣਾ ਵੀ ਬੰਦ ਕਰ ਦਿੱਤਾ ਹੋਇਆ ਸੀ।

ਥੋੜ੍ਹੇ ਚਿਰ ਪਿਛੋਂ ਇੱਕ ਗੱਡੀ ਲੁਧਿਆਣੇ ਵੱਲੋਂ ਆਈ ਤੇ ਪਲੈਟਫਾਰਮ 'ਤੇ ਆ ਲਗੀ। ਮੈਂ ਆਸ ਜਿਹੀ ਵਿੱਚ ਬੈਂਚ ਤੋਂ ਉੱਠ ਕੇ ਖੜ੍ਹ ਗਿਆ। ਉਸ ਵਿਚੋਂ ਸਵਾਰੀਆਂ ਉੱਤਰਨੀਆਂ ਸ਼ੁਰੂ ਹੋ ਗਈਆਂ। ਮੇਰੇ ਤੋਂ ਪਹਿਲਾਂ ਹੀ ਜੁਗਲ ਨੇ ਇੱਕ ਸਵਾਰੀ ਨੂੰ ਪੁੱਛ ਲਿਆ, "ਇਹ ਅੰਮ੍ਰਿਤਸਰ ਜਾਣੀ ਐ?"

"ਨਹੀਂ ਜੀ-ਮੇਰਾ ਖਿਆਲ ਐ... ਇਹ ਇੱਥੋਂ ਤੱਕ ਈ ਐ..." ਸਵਾਰੀ ਅੱਗੇ ਨਿਕਲ ਗਈ ਤੇ ਸਾਡੇ ਅੰਦਰ ਚੱਲਣ ਲੱਗਾ ਅਨਾਰ ਇਕਦਮ ਬੁਝ ਗਿਆ।

ਗੱਡੀ ਵਿਚੋਂ ਉਤਰੀਆਂ ਸਵਾਰੀਆਂ ਹੌਲੀ-ਹੌਲੀ ਬਾਹਰ ਹੋ ਗਈਆਂ ਸਨ। ਅਸੀਂ ਨਿਰਾਸ਼, ਉਦਾਸ ਤੇ ਘਬਰਾਏ ਹੋਏ ਪਲੈਟਫਾਰਮ ਤੇ ਖੜ੍ਹੋਤੇ ਸਾਂ।

ਕੁਝ ਸੁਰੱਖਿਆ ਕਰਮਚਾਰੀ- ਜਿਨ੍ਹਾਂ ਵਿੱਚ ਰੇਲਵੇ ਪੁਲਸ, ਸੀ.ਆਰ.ਪੀ.ਐੱਫ਼ ਅਤੇ ਪੰਜਾਬ ਪੁਲਿਸ ਦੇ ਬੰਦੇ ਵੀ ਸਨ- ਖਾਲੀ ਹੋ ਚੁੱਕੀ ਗੱਡੀ ਦੇ ਡੱਬਿਆਂ ਵਿੱਚ ਵੜ ਕੇ ਉਨ੍ਹਾਂ ਦੀ ਚੈਕਿੰਗ ਕਰ ਰਹੇ ਸਨ। ਕਿਧਰੇ ਕੋਈ ਸਮਾਜ-ਦੁਸ਼ਮਣ ਅਨਸਰ ਵਿੱਚ ਵੜ ਕੇ ਨਾ ਬੈਠਾ ਹੋਵੇ! ਨਾਲ ਦੇ ਨਾਲ ਉਹ ਗੱਡੀ ਦੇ ਖਿੜਕੀਆਂ ਦਰਵਾਜ਼ੇ ਵੀ ਬੰਦ ਕਰਵਾ ਰਹੇ ਸਨ।

"ਅੰਮ੍ਰਿਤਸਰ ਜਾਣਾ ਜੇ ਬਾਊ ਜੀ?" ਇੱਕ ਅੱਧਖੜ ਉਮਰ ਦਾ ਸਰਦਾਰ, ਜਿਸਦੇ ਹੱਥ ਵਿੱਚ ਛੋਟਾ ਜਿਹਾ ਸੂਟਕੇਸ ਫੜ੍ਹਿਆ ਹੋਇਆ ਸੀ, ਸਾਡੇ ਕੋਲ ਆ ਕੇ ਖੜ੍ਹ ਗਿਆ। ਉਹ ਪਹਿਲਾਂ ਵੀ ਸਾਨੂੰ ਗੱਡੀ ਦੀ ਪੁੱਛ-ਪੜਤਾਲ ਕਰਦਿਆਂ ਵੇਖ ਚੁੱਕਾ ਸੀ।

ਮੈਂ ਉਸ ਸਰਦਾਰ ਨੂੰ ਸਿਰ ਤੋਂ ਪੈਰਾਂ ਤੱਕ ਗਹੁ ਨਾਲ ਵੇਖਿਆ। ਸੱਚੀ ਗੱਲ ਤਾਂ ਇਹ ਹੈ ਕਿ ਸ਼ੱਕ ਨਾਲ ਵੇਖਿਆ। ਪਰ ਦੂਜੇ ਪਲ ਹੀ ਮੇਰਾ ਸ਼ੱਕ ਦੂਰ ਹੋ ਗਿਆ।

"ਮੈਂ ਵੀ ਅੰਮ੍ਰਿਤਸਰ ਜਾਣਾ... ਪਛੜ ਗਿਆਂ... ਬੱਸ ਗ਼ਲਤੀ ਹੋ ਗਈ... ਆਹ ਗੱਡੀ ਉਂ ਅੰਮ੍ਰਿਤਸਰ ਨੂੰ ਈ ਜਾਣੀ ਆਂ। ਐਥੋਂ... ਅੱਗੇ ਖਾਲੀ ਹੀ ਜਾਂਦੀ ਐ... ਸਵਾਰੀ ਨ੍ਹੀ ਕੋਈ ਲਿਜਾਂਦੀ... ਜੇ ਭਲਾ ਤਰਲਾ ਮਿੰਨਤ ਕਰ ਵੇਖੀਏ ਕਿਸੇ ਦਾ..."



Sri Satguru Jagjit Singh Ji eLibrary NamdhariElibrary@gmail.com

ਉਹ ਕਿਸੇ ਹੋਰ ਪਾਸਿਓਂ ਆ ਰਹੇ ਪਾਣੀ ਦੇ ਵਹਿਣ ਵਾਂਗ, ਸਾਡੇ ਮਨ ਦੇ ਵਹਿਣ ਵਿੱਚ ਸੁਭਾਵਕ ਹੀ ਆ ਸ਼ਾਮਲ ਹੋਇਆ ਤੇ ਇਕ ਪਲ ਵਿੱਚ ਸਾਡੀ ਸਾਂਝੀ ਲੋੜ ਨੇ ਸਾਨੂੰ ਇੱਕ ਦੂਜੇ ਦੇ ਨੇੜੇ ਲੈ ਆਂਦਾ।

"ਕੀਹਨੂੰ ਪੁੱਛੀਏ ਫੇਰ?" ਮੈਂ ਉਸ ਨੂੰ ਸਵਾਲ ਕੀਤਾ।

"ਜਿਹੜੀ ਗਾਰਦ ਗੱਡੀ ਦੇ ਨਾਲ ਜਾਂਦੀ ਐ... ਉਹਨਾਂ 'ਚ ਕਿਸੇ ਨੂੰ ਪੁੱਛ ਵੇਖੀਏ... ਭਲਾ ਕਿਸੇ ਦੇ ਮਨ ਮਿਹਰ ਪੈ ਜਾਵੇ..."

ਸਾਹਮਣੇ ਡੱਬੇ ਦੇ ਬਾਹਰ ਪੰਜਾਬ ਪੁਲਸ ਦਾ ਇੱਕ ਹਵਾਲਦਾਰ ਖੜੋਤਾ ਸੀ ਤੇ ਅੰਦਰ ਵੜੇ ਸਿਪਾਹੀ ਨੂੰ ਆਖ ਰਿਹਾ ਸੀ।

"ਛਿੰਦਿਆ! ਸੀਟਾਂ ਦੇ ਹੇਠਾਂ ਉੱਤੇ ਚੰਗੀ ਤਰ੍ਹਾਂ ਦੇਖ ਲਈ ਉਏ!"

ਅਸੀਂ ਉਸ ਹਵਾਲਦਾਰ ਨਾਲ ਗੱਲ ਕਰਨ ਦੀ ਸੋਚੀ। ਮੈਂ ਤੇ ਜੁਗਲ ਕਦਮ ਪਿੱਛੇ ਖੜੋਤੇ ਰਹੇ। ਸਰਦਾਰ ਹਵਾਲਦਾਰ ਨੂੰ ਪੁੱਛਣ ਲਈ ਸਰਦਾਰ ਹੀ ਢੁਕਵਾਂ ਬੰਦਾ ਸੀ।

"ਸਾਅਬ ਬਹਾਦਰ.. ਅਸੀਂ ਤਿੰਨ ਸਵਾਰੀਆਂ...ਅੰਮ੍ਰਿਤਸਰ ਜਾਣਾਂ... ਜਿਵੇਂ ਵੀ ਹੋਵੇ ਸਾਡੀ ਮਦਦ ਕਰੋ... ਤੁਹਾਡੀ ਸਰਦੀ ਬਣਦੀ ਸੇਵਾ ਵੀ ਕਰ ਦਿਆਂਗੇ..."

ਮੈਨੂੰ ਲੱਗਾ, 'ਸੇਵਾ' ਵਾਲੀ ਗੱਲ ਸਰਦਾਰ ਨੇ ਬਹੁਤ ਢੁੱਕਵੀਂ ਕੀਤੀ ਸੀ।

ਅਸੀਂ ਹਵਾਲਦਾਰ ਦੇ ਮੂੰਹ ਵੱਲ ਵੇਖ ਰਹੇ ਸਾਂ।

"...ਨਾ ਓ ਨਾ...ਭਾ...ਅਸੀਂ ਪੰਜਾਬ ਪੁਲਿਸ ਵਾਲੇ ਤਾਂ ਅੱਗੇ ਈ ਬੜੇ ਬਦਨਾਮ ਆਂ... ਅਖੇ... ਇਹ ਪੈਸੇ ਲੈ ਕੇ ਸਵਾਰੀਆਂ ਲੈ ਜਾਂਦੇ ਆ... ਕਿਸੇ ਹੋਰ ਨੂੰ ਪੁੱਛੋ ਜੀ..." ਤੇ ਫਿਰ ਉਹ ਸਾਡੇ ਵੱਲ ਬਿਨਾਂ ਧਿਆਨ ਦਿੱਤਿਆਂ ਡੱਬੇ ਵਿਚੋਂ ਉਤਰਦੇ ਸਿਪਾਹੀ ਨੂੰ ਪੁੱਛਣ ਲੱਗਾ, "ਠੀਕ ਠਾਕ ਐ ਨਾ ਸਭ?"

"ਬੱਸ ਐਂ...ਫੀ ਆਈ ਟੀ-ਫਿੱਟ ਆ..." ਸਿਪਾਹੀ ਨੇ ਮੋੜਵਾਂ ਜਵਾਬ ਦਿੱਤਾ ਤੇ ਉਹ ਹੱਸਦੇ ਹੋਏ ਪਰ੍ਹਾਂ ਖੜੋਤੇ ਇੱਕ ਹੋਰ ਸਿਪਾਹੀ ਵੱਲ ਤੁਰ ਗਏ।

ਅਸੀਂ ਤਿੰਨੋਂ ਇੱਕ-ਦੂਜੇ ਦੇ ਮੂੰਹ ਵੱਲ ਦੇਖਣ ਲੱਗੇ।

"ਮੈਂ ਪਤਾ ਕਰਦਾਂ..." ਇਹ ਕਹਿੰਦਿਆਂ ਹੋਇਆ ਜੁਗਲ ਰੇਲਵੇ ਪੁਲਿਸ ਦੇ ਇੱਕ ਕਰਮਚਾਰੀ ਵੱਲ ਗਿਆ। ਥੋੜੀ ਦੇਰ ਪਿਛੋਂ ਵਾਪਸ ਆਇਆ ਤਾਂ ਸਾਡੇ ਪੁੱਛਣ ਤੋਂ ਪਹਿਲਾਂ ਆਪ ਹੀ ਹੱਸਦਾ ਹੋਇਆ ਆਖਣ ਲੱਗਾ, "ਸਭ ਕੰਜਰਦੀਨ ਨੇ... ਕੋਈ ਪੱਲਾ ਨਹੀਂ ਫੜਾਉਂਦਾ... ਬੁਰੇ ਫਸੇ!"

ਉਹੋ ਹਵਾਲਦਾਰ ਫੇਰ ਸਾਡੇ ਕੋਲ ਦੀ ਲੰਘਿਆ। ਐਤਕੀਂ ਮੈਂ ਤਰਲਾ ਜਿਹਾ ਲਿਆ, "ਕਰੋ ਸਰਦਾਰ ਜੀ ਕਿਰਪਾ ਸਾਡੇ 'ਤੇ।"

"ਕਿਰਪਾ ਨੂੰ...ਬਾਊ ਜੀ...ਗੱਡੀ ਕਿਹੜੀ ਮੇਰੇ ਪਿਉ ਦੀ ਆ..." ਉਹ ਥੋੜ੍ਹਾ ਜਿਹਾ ਖਿਝ ਗਿਆ ਸੀ। ਪਰ ਥੋੜ੍ਹਾ ਜਿਹਾ ਅੱਗੇ ਜਾ ਕੇ ਉਸਨੇ ਆਖਿਆ, "ਗਾਰਡ ਨਾਲ ਗੱਲ ਕਰ ਵੇਖੋ..."

ਅਸੀਂ ਆਸ ਨਾਲ ਗਾਰਡ ਦੇ ਡੱਬੇ ਵੱਲ ਤੁਰ ਪਏ। ਉਹ ਬਾਹਰ ਕਿਸੇ ਬੰਦੇ ਨਾਲ ਗੱਲੀਂ ਲੱਗਾ ਹੋਇਆ ਸੀ। ਅਸੀਂ ਕੁਝ ਕਦਮ ਉਰ੍ਹਾਂ ਖਲੋ ਗਏ। ਸ਼ਿਸ਼ਟਾਚਾਰ ਵਜੋਂ। ਉਹ ਬੰਦਾ ਤਾਂ ਉਸ ਨਾਲ ਗੱਲਾਂ ਕਰਨੋਂ ਹਟ ਹੀ ਨਹੀਂ ਸੀ ਰਿਹਾ। ਇੰਜ ਕਿੰਨਾ ਕੁ ਚਿਰ ਖੜੋਤੇ ਰਹਾਂਗੇ। ਕਿਤੇ ਉਹ ਨਾ ਹੋਵੇ ਕਿ ਗੱਡੀ ਤੁਰਨ ਦਾ ਵੇਲਾ ਹੋ ਜਾਵੇ ਤੇ ਅਸੀਂ ਅਜੇ ਗੱਲ ਵੀ ਨਾ ਕਰ ਸਕੀਏ।

"ਬਾਊ ਜੀ ਤੁਸੀਂ ਕਰੋ ਗੱਲ..." ਗਾਰਡ ਦੀ ਬਾਹਰੀ ਦਿੱਖ ਦੇਖ ਕੇ ਹੀ ਸ਼ਾਇਦ ਸਰਦਾਰ ਨੇ ਮੈਨੂੰ ਪ੍ਰੇਰਨਾ ਦਿੱਤੀ।

ਮੈਂ ਅੱਗੇ ਵਧ ਕੇ ਝਿਜਕਦਿਆਂ ਗੱਲ ਸ਼ੁਰੂ ਕੀਤੀ, "ਸਰ! ਬੜੀ ਪਰੋਬਲਮ 'ਚ ਫਸ ਗਏ ਆਂ। ਚੰਡੀਗੜ੍ਹੋਂ ਬੱਸ 'ਤੇ ਤੁਰੇ ਸਾਂ! ਸੋਚਿਆ ਜਲੰਧਰੋਂ ਗੱਡੀ ਫੜ ਲਾਂਗੇ। ਪਰ ਗੱਡੀ ਪਹਿਲਾਂ ਹੀ ਲੰਘ ਗਈ... ਅੰਮ੍ਰਿਤਸਰ ਲੈ ਜਾਵੋ... ਬੜੀ ਮਿਹਰਬਾਨੀ ਹੋਵੇਗੀ ਤੁਹਾਡੀ... ਮੁਸ਼ਕਲ 'ਚ ਬੰਦਾ ਈ ਬੰਦੇ ਦੀ ਦਾਰੂ ਹੁੰਦਾ... ਤੁਹਾਡੇ ਡੱਬੇ 'ਚ ਖੜੋ ਖੜ੍ਹਾ ਕੇ ਚਲੇ ਜਾਂਗੇ।"

ਵੇਖਣ ਨੂੰ ਤਾਂ ਗਾਰਡ ਚਿਹਰੇ ਤੋਂ ਸਾਊ ਬੰਦਾ ਜਾਪਦਾ ਸੀ। ਮੈਂ ਉਸਦੇ ਮਿਹਰਬਾਨ ਬੁੱਲ੍ਹ ਖੁੱਲ੍ਹਣ ਦੀ ਉਡੀਕ ਕਰ ਰਿਹਾ ਸਾਂ।

"ਸ੍ਰੀਮਾਨ ਜੀ... ਉਤੋਂ ਮਾਹੌਲ ਤਾਂ ਵੇਖੋ ਕਿਹੋ ਜਿਹਾ... ਵਾਧੂ ਬੰਦਾ ਲਿਜਾਣਾ... ਆਪਣੀ ਜਾਨ ਹੀ ਖ਼ਤਰੇ ਵਿੱਚ ਪਾਉਣਾ...ਗਾਰਦ... ਆਪਣੀ ਜਾਨ ਖ਼ਤਰੇ ਵਿੱਚ ਪਾਉਣਾ... ਪਤਾ ਨਹੀਂ ਕਿਹੜਾ ਬੰਦਾ ਕੌਣ ਐ... ਕਿਸੇ ਦਾ ਕੀ ਭਰੋਸਾ... ਜੇ ਮਾਹੌਲ ਠੀਕ ਹੁੰਦਾ ਤਾਂ ਗੱਡੀ ਖ਼ਾਲੀ ਕਿਉਂ ਲਿਜਾਣੀ ਪੈਂਦੀ। ਅਕਸਰ ਕੁਝ ਸੋਚ ਕੇ ਹੀ ਤਾਂ ਅਗਲਿਆਂ ਨੇ ਬੰਦ ਕੀਤੀਆਂ ਨੇ... ਮੈਂ ਤੁਹਾਡੀ ਤਕਲੀਫ਼ ਸਮਝਦਾਂ... ਹਮਦਰਦੀ ਐ ਮੈਨੂੰ... ਪਰ ਮੈਂ ਜ਼ਿੰਮੇਵਾਰੀ ਨਹੀਂ ਲੈ ਸਕਦਾ... ਮਾਹੌਲ ਕਰਕੇ...ਆਈ ਐਮ ਸੌਰੀ..." ਉਹ ਕੋਲ ਖੜੋਤੇ ਬੰਦੇ ਨਾਲ ਹੱਥ ਮਿਲਾ ਕੇ ਡੱਬੇ ਵਿੱਚ ਵੜ ਗਿਆ।

"ਮਾਮਾ ਮਾਹੌਲ ਦਾ" ਜੁਗਲ ਹੱਸਿਆ ਤੇ ਫਿਰ ਉਹ ਸਾਡੀ ਗਲੀ ਦੇ ਪੰਡਤ ਰਾਮ ਚੰਦ ਦੇ ਹਵਾਲੇ ਨਾਲ ਗੱਲ ਕਰਨ ਲੱਗਾ, ਜਿਹੜਾ ਅੱਜ-ਕੱਲ੍ਹ ਅਕਸਰ ਕਹਿੰਦਾ ਰਹਿੰਦਾ ਸੀ, "ਮਾਹੌਲ ਬੜਾ ਖ਼ਰਾਬ ਐ ਜੀ... ਏਸ ਮਾਹੌਲ 'ਚ ਤਾਂ ਸੋਚਵਾਨ ਬੰਦੇ ਦਾ ਜੀਣਾ ਮੁਸ਼ਕਲ ਹੋਇਆ ਪਿਐ... ਉਹ ਮਾਹੌਲ ਈ ਨਹੀਂ ਰਹਿ ਗਿਆ, ਜਦੋਂ ਲੋਕ ਭਰਾਵਾਂ ਵਾਂਗ ਇਕ ਦੂਜੇ ਦੇ ਕੰਮ ਆ ਕੇ ਗਲੇ ਮਿਲ ਕੇ ਖ਼ੁਸ਼ ਹੁੰਦੇ ਸਨ। ਲੀਡਰਾਂ ਨੇ, ਕੁਰਸੀ ਦੇ ਭੁੱਖਿਆ ਨੇ ਮਾਹੌਲ ਵਿੱਚ ਜ਼ਹਿਰ ਘੋਲ ਦਿੱਤਾ ਹੈ... ਕੋਈ ਕਿਸੇ 'ਤੇ ਯਕੀਨ ਨਹੀਂ ਕਰਦਾ... ਬੰਦਾ ਬੰਦੇ ਦੇ ਲਹੂ ਦਾ ਤਿਹਾਇਆ ਫਿਰਦਾ... ਉਹ ਮਾਹੌਲ ਈ ਨਹੀਂ ਰਹਿ ਗਿਆ ਜੀ...!"

ਲੋਕਾਂ ਨੇ ਪੰਡਤ ਰਾਮ ਚੰਦ ਦਾ ਨਾਂ 'ਪੰਡਤ ਮਾਹੌਲ' ਰੱਖ ਦਿੱਤਾ ਸੀ। ਉਹ ਉਸ ਨੂੰ ਛੇੜਦੇ, "ਪੰਡਤ ਮਹੌਲ ਜੀ... ਇਹ ਮਹੌਲ ਕਦੋਂ



Sri Satguru Jagjit Singh Ji eLibrary NamdhariElibrary@gmail.com

ਬਦਲੂਗਾ ਹੁਣ?"

ਜੁਗਲ ਕਹਿਣ ਲੱਗਾ, "ਇਹ 'ਗਾਰਡ ਮਹੌਲ' ਕਿੱਥੋਂ ਆ ਗਿਆ?"

ਉਸੇ ਹਵਾਲਦਾਰ ਨੇ ਗਾਰਡ ਨੂੰ ਆ ਕੇ ਸੂਚਨਾ ਦਿੱਤੀ, "ਓ.ਕੇ.ਸਰ... ਰੈਡੀ"

"ਬੰਦੇ ਬੈਠ ਗਏ ਤੁਹਾਡੇ?"

"ਜੀ ਜੀ...", ਹੌਲਦਾਰ ਨੇ ਸੁਭਾਵਕ ਹੀ ਸਲੂਟ ਦੇ ਅੰਦਾਜ਼ ਵਿੱਚ ਹੱਥ ਚੁੱਕਿਆ।

ਗਾਰਡ ਨੇ ਬਾਰੀ 'ਚ ਖੜੋ ਕੇ ਹਰੀ ਬੱਤੀ ਹਿਲਾਈ। ਗੱਡੀ ਨੇ ਵਿਸਲ ਦਿੱਤੀ ਤੇ ਫੇਰ ਗੱਡੀ ਹੁਜਕਾ ਮਾਰ ਕੇ ਹਿੱਲੀ।

ਹੁਣ ਕੀ ਚਾਰਾ ਹੋ ਸਕਦਾ ਸੀ?

ਮੈਂ ਫਟਾਫਟ ਬਾਰੀ ਨੂੰ ਜਾ ਹੱਥ ਪਾਇਆ। ਗਾਰਡ ਅੱਗੇ ਖੜੋਤਾ ਸੀ।

"ਕੀ ਕਰਦੇ ਓ ਬਾਊ ਜੀ... ਪਿੱਛੇ ਹਟੋ..."

ਮੈਂ ਦੋ ਕਦਮ ਨਾਲ ਤੁਰਦਿਆਂ ਤਰਲਾ ਲਿਆ, "ਸਰ ਪਲੀਜ਼! ਤੁਹਾਡੇ ਹਿੰਦੂ ਭਰਾ ਆਂ... ਤੁਸੀਂ ਨਾ ਕਰੋ ਹਮਦਰਦੀ ਤਾਂ ਹੋਰ ਕੌਣ ਕਰੂ... ਤਰਸ ਕਰੋ ਸਾਡੇ 'ਤੇ..."

ਮੈਂ ਮਹਿਸੂਸ ਕੀਤਾ, ਉਸ ਦੇ ਵਤੀਰੇ ਵਿੱਚ ਥੋੜ੍ਹੀ ਜਿਹੀ ਲਚਕ ਆ ਗਈ ਸੀ। ਮੈਂ ਪਾਇਦਾਨ 'ਤੇ ਪੈਰ ਧਰਿਆ ਤੇ ਡੱਬੇ ਦੇ ਅੰਦਰ ਹੋ ਗਿਆ। ਮੇਰੇ ਪਿੱਛੇ ਹੀ ਅੰਦਰ ਆ ਵੜੇ ਜੁਗਲ ਨੂੰ ਗਾਰਡ ਹਰਖ ਕੇ ਆਖ ਰਿਹਾ ਸੀ :

"ਵੇਖੋ ਓਏ ਕੀ ਕਰਦੇ ਓ... ਅਕਲ ਕਰੋ ਕੋਈ..."

ਏਨੇ ਚਿਰ ਵਿੱਚ ਗੱਡੀ ਹੌਲੀ-ਹੌਲੀ ਤੁਰ ਪਈ ਸੀ। ਸੂਟਕੇਸ ਵਾਲਾ ਅੱਧਖੜ ਸਰਦਾਰ ਨਾਲ-ਨਾਲ ਦੌੜ ਰਿਹਾ ਸੀ ਤੇ ਤਰਲੇ ਵੀ ਕਰ ਰਿਹਾ ਸੀ। ਗਾਰਡ ਨੇ ਬਾਰੀ ਰੋਕੀ ਹੋਈ ਸੀ।

"ਨਹੀਂ ਜੀ... ਸਰਦਾਰ ਜੀ..."

"ਰੱਬ ਦਾ ਵਾਸਤਾ ਈ... ਮੇਰੇ ਨਾਲ ਭਾਰ ਤਾਂ ਨਹੀਂ ਲੱਗਣ ਲੱਗਾ ਗੱਡੀ ਨੂੰ... ਤੇਰੇ ਬੱਚੇ ਜਿਊਣ..."

ਪਹਿਲਾਂ ਤਾਂ ਮੈਂ ਡਰਦਾ ਚੁੱਪ ਰਿਹਾ ਕਿ ਕਿਧਰੇ ਗਾਰਡ ਸਾਨੂੰ ਵੀ ਨਾ ਉਤਾਰ ਦਵੇ। ਪਰ ਫੇਰ ਮੈਨੂੰ ਉਸ ਸਰਦਾਰ ਦੀ ਆਪਨੀ ਪ੍ਰਤੀ ਅਪਣੱਤ ਦਾ ਖਿਆਲ ਆਇਆ।

"ਕੋਈ ਨਹੀਂ...ਆਪਨਾ ਬੰਦਾ...ਆ ਲੈਣ ਦਿਓ..." ਅੰਦਰ ਹੋ ਕੇ ਮੈਨੂੰ ਜਾਪਦਾ ਸੀ ਜਿਵੇਂ ਮੇਰਾ ਵੀ ਗੱਡੀ 'ਤੇ ਕੋਈ ਹੱਕ ਬਣਦਾ ਸੀ ਤੇ ਗਾਰਡ 'ਤੇ ਵੀ।

"ਬਹੁਤੀ ਹਮਦਰਦੀ ਐ ਤਾਂ ਤੁਸੀਂ ਵੀ ਥੱਲੇ ਹੋ ਜੋ..." ਗਾਰਡ ਮੇਰੇ ਵੱਲ ਮੂੰਹ ਕਰਕੇ ਝਿੜਕ ਕੇ ਪਿਆ। ਏਨੇ ਚਿਰ ਵਿੱਚ ਸਰਦਾਰ ਉਹਦੀ ਬਾਂਹ ਹੇਠੋਂ ਧੌਣ ਕੱਢ ਕੇ, ਬਦੋ-ਬਦੀ ਅੰਦਰ ਆ ਵੜਿਆ ਸੀ।

ਗਾਰਡ ਵਿਚਾਰਗੀ ਵਿੱਚ ਕਹਿ ਰਿਹਾ ਸੀ, "ਹੱਦ ਹੋ ਗਈ ਯਾਰ! ਕਮਾਲ ਐ ਤੁਹਾਡੀ... ਇਹ ਕੋਈ ਤਰੀਕਾ..." ਉਹ ਸਾਡੇ ਤਿੰਨਾਂ 'ਤੇ ਬੁੜਬੁੜਾ ਰਿਹਾ ਸੀ।

ਏਨੇ ਚਿਰ ਵਿੱਚ ਗੱਡੀ ਪਲੇਟਫ਼ਾਰਮ ਤੋਂ ਅੱਗੇ ਨਿਕਲ ਚੁੱਕੀ ਸੀ।

"ਤਰੀਕਾ ਤਾਂ ਇਹ ਹੈ ਕਿ ਬੁਟਾਰੀ ਵਰਗੇ ਸਟੇਸ਼ਨ ਕੋਲ ਗੱਡੀ ਰੋਕ ਕੇ ਤੁਹਾਡੇ ਵਰਗਿਆਂ ਨੂੰ ਰਾਹ 'ਚ ਉਤਾਰ ਦਿੱਤਾ ਜਾਵੇ। ਆਪਨਾ ਤਾਂ ਇਹਨਾਂ ਨੂੰ ਹੈ ਈ ਨਹੀਂ ਕਿਸੇ ਦਾ ਵੀ ਕੋਈ ਖਿਆਲ ਨਹੀਂ। ਇੱਕ ਨੂੰ ਰਾਹ ਦਿੱਤਾ ਤਾਂ ਤਿੰਨ ਅੰਦਰ ਆ ਵੜੇ... ਲਿਹਾਜ਼ ਨੂੰ ਕੋਈ ਥਾਂ ਈ ਨਹੀਂ। ਚਲੋ ਰਤਾ ਅੱਗੇ...ਵੇਖਦੇ ਆਂ..."

ਉਹਦੇ 'ਚਲੋ ਰਤਾ ਅੱਗੇ...ਵੇਖਦੇ ਆਂ' ਸ਼ਬਦਾਂ ਵਿੱਚ ਬੜੀ ਭਿਆਨਕ ਚਿਤਾਵਨੀ ਸੀ। ਮੈਨੂੰ ਜਾਪਿਆ ਜਿਵੇਂ ਉਹ ਬਿਆਸ ਦਰਿਆ ਦੇ ਕੰਢੇ 'ਤੇ ਗੱਡੀ ਖੜੀ ਕਰੇਗਾ ਤੇ ਸਾਨੂੰ ਧੱਕੇ ਦੇ ਕੇ ਹੇਠਾਂ ਉਤਾਰ ਦਵੇਗਾ। ਉੱਚੇ ਲੰਮੇ ਬੂਝਿਆਂ ਵਿੱਚ ਜਿੱਥੇ ਅੱਤਵਾਦੀ ਲੁਕੇ ਹੁੰਦੇ ਨੇ ਜਾਂ ਜਿਥੇ ਪੁਲਿਸ ਤੋਂ ਪਿਸ਼ਾਬ ਕਰਨ ਦੇ ਬਹਾਨੇ 'ਬਚ' ਕੇ ਭੱਜ ਜਾਂਦੇ ਨੇ।

"ਕੋਈ ਨਹੀਂ ਭਾਪੇ...ਕੋਈ ਨਹੀਂ..." ਜੁਗਲ ਨੇ ਉਹਦੇ ਗੋਡਿਆਂ ਨੂੰ ਹੱਥ ਲਾਇਆ।

"ਉਹ" ਉਹਨੇ ਗੁੱਸੇ ਅਤੇ ਨਫ਼ਰਤ ਵਿੱਚ ਸਿਰ ਹਿਲਾਇਆ।

ਹਰਫਲਿਆ ਤੇ ਘਬਰਾਇਆ ਹੋਇਆ ਜਦੋਂ ਮੈਂ ਥੋੜ੍ਹਾ ਆਪਨੇ ਆਪ ਵਿੱਚ ਆਇਆ ਤਾਂ ਨਿੱਕੇ ਜਿਹੇ ਡੱਬੇ ਵਿੱਚ ਚਾਰ ਚੁਫ਼ੇਰੇ ਵੇਖਿਆ। ਚਾਰ ਜਣੇ ਡੱਬੇ ਵਿੱਚ ਹੋਰ ਸਨ। ਦੋ ਜਣੇ ਤਾਂ ਸਾਮਾਨ ਰੱਖਣ ਵਾਲੀ ਸੀਟ ਵਿੱਚ ਅੜ ਕੇ ਬੈਠੇ ਹੋਏ ਸਨ ਤੇ ਦੋ ਜਣੇ ਪਰ੍ਹੇ ਪਈ ਇੱਕ ਲੱਕੜ ਦੀ ਪੇਟੀ ਉੱਤੇ। ਉਹਨਾਂ ਵਿਚੋਂ ਸਾਡੀ ਗੱਲਬਾਤ ਵਿੱਚ ਕੋਈ ਨਹੀਂ ਬੋਲਿਆ। ਸ਼ਾਇਦ ਉਹ ਵੀ ਸਾਡੇ ਵਰਗੇ ਸਨ। ਉਹਨਾਂ ਦੀ ਚੁੱਪ ਦੱਸਦੀ ਸੀ ਜਿਵੇਂ ਆਪਨੇ ਆਪ ਨੂੰ ਕਹਿ ਰਹੇ ਹੋਣ।

'ਤੂੰ ਆਪਨੀ ਨਿਬੇੜ...ਤੈਨੂੰ ਕਿਸੇ ਨਾਲ ਕੀ?'

ਲੌਢੇ ਵੇਲੇ ਤੋਂ ਹੀ ਕਾਹਲੀ, ਹਫ਼ੜਾ-ਦਫ਼ੜੀ, ਭੈਅ ਅਤੇ ਸਹਿਮ ਦੇ ਸੰਗ-ਸੰਗ ਚੱਲਦੇ ਰਹਿਣ ਕਰਕੇ ਮੇਰਾ ਸਿਰ ਸੁੰਨ ਜਿਹਾ ਹੋਇਆ ਪਿਆ ਸੀ। ਮੈਂ ਡੱਬੇ ਵਿਚਲੇ ਹਰੇਕ ਬੰਦੇ ਦੇ ਚਿਹਰੇ ਵੱਲ ਬੜੇ ਗਹੁ ਨਾਲ ਝਾਕਣਾ ਸ਼ੁਰੂ ਕੀਤਾ। ਸਾਮਾਨ ਵਾਲੀ ਸੀਟ ਵਿੱਚ ਧੌਣਾਂ ਨੀਵੀਆਂ ਕੀਤੀ ਬੈਠੇ ਦੋਵੇਂ ਹਿੰਦੂ ਸੱਜਣ ਸ਼ਾਇਦ ਰੇਲਵੇ ਦੇ ਹੀ ਕੋਈ ਕਰਮਚਾਰੀ ਸਨ। ਗਾਰਡ ਨਾਲ ਉਹਨਾਂ ਦੀ ਗੱਲ-ਬਾਤ ਤੋਂ ਇਹੋ ਹੀ ਪ੍ਰਗਟ ਹੁੰਦੀ ਸੀ। ਪਰ੍ਹੇ ਲੱਕੜੀ ਦੀ ਪੇਟੀ 'ਤੇ ਜੁੜ ਕੇ ਬੈਠੇ ਦੋ ਸਿੱਖ ਨੌਜਵਾਨ ਸਨ। ਇੱਕ ਮੁੱਛ ਫੁੱਟਦੀ ਤੇ ਨਿੱਕੀ-ਨਿੱਕੀ ਉੱਤਰਦੀ ਦਾੜ੍ਹੀ ਵਾਲਾ ਪਤਲਾ ਜਿਹਾ ਮੁੰਡਾ, ਜਿਸਦੇ ਸਿਰ 'ਤੇ ਪੋਚ ਕੇ ਬੱਝੀ ਹੋਈ ਉਨ੍ਹਾਬੀ ਪੱਗ ਸੀ। ਕਾਲਜੀਏਟਾਂ ਵਰਗੀ। ਦੂਸਰਾ ਉਸ ਤੋਂ ਪੰਜ ਸੱਤ ਸਾਲ ਵੱਡਾ ਸੀ। ਭਾਰੇ ਜੁੱਸੇ ਦਾ। ਸਿਰ 'ਤੇ ਬੱਝੀ ਨੀਲੀ ਪੱਗ ਤੇ ਭਰਵੀਂ ਖੁੱਲ੍ਹੀ ਦਾੜ੍ਹੀ। ਉਹ ਕੋਈ ਗੱਲਬਾਤ ਨਹੀਂ ਸਨ ਕਰ ਰਹੇ। ਇੱਕ



Sri Satguru Jagjit Singh Ji eLibrary NamdhariElibrary@gmail.com

ਦੂਜੇ ਨਾਲ ਲੱਗ ਕੇ ਚੁੱਪ-ਚਾਪ ਬੈਠੇ ਸਨ।

ਮੈਨੂੰ ਉਹਨਾਂ ਦੀ ਚੁੱਪ ਵੀ ਸਾਜ਼ਸ਼ੀ ਜਿਹੀ ਜਾਪੀ। ਇੰਜ ਚੁੱਪ ਕੀਤੇ ਹੀ ਇਹੋ ਜਿਹੇ ਲੋਕ ਚੀਤੇ ਵਾਂਗ ਸ਼ਹਿ ਲਾ ਕੇ ਬੈਠੇ ਰਹਿੰਦੇ ਹਨ ਤੇ ਫੇਰ ਯੋਗ ਮੌਕਾ ਵੇਖ ਕੇ ਘਾਤਕ ਹਮਲਾ ਕਰਨ ਲਈ ਝਪਟ ਪੈਂਦੇ ਹਨ।

ਮੈਂ ਰਤਾ ਹੋਰ ਧਿਆਨ ਨਾਲ ਵੇਖਿਆ ਤਾਂ ਵੱਡਾ ਜੁਆਨ ਮੈਨੂੰ ਆਪਣੇ ਸਕੂਲ ਦੇ ਡੀ.ਪੀ.ਈ. ਵਰਗਾ ਲੱਗਾ। ਉਹ ਵੀ ਮੇਰੇ ਵੱਲ ਘੂਰ-ਘੂਰ ਵੇਖ ਰਿਹਾ ਸੀ। ਘੱਟੋ-ਘੱਟ ਮੈਨੂੰ ਤਾਂ ਇੰਜ ਹੀ ਲੱਗਾ ਸੀ।

ਉਹਦੇ ਚਿਹਰੇ ਵੱਲ ਵੇਖਿਆ ਮੈਨੂੰ ਜਾਪਿਆ ਜਿਵੇਂ ਉਹ ਕੋਈ ਗੱਲ ਕਰਨ ਲਈ ਅਹੁਲਦਾ ਹੋਵੇ। ਸ਼ਾਇਦ ਉਹ ਹੁਣੇ ਆਖੇਗਾ ਡੀ.ਪੀ.ਈ. ਦੇ ਬੋਲਾਂ ਵਿੱਚ।

"ਆ ਗਈ ਗੰਗੂ ਬ੍ਰਾਹਮਣ ਦੀ ਔਲਾਦ ਕਾਬੂ... ਅੱਜ ਬਚ ਕੇ ਜਾਓ ਕਿੱਥੇ ਜਾਣਾ ਜੇ ਪੁੱਤ...ਹਰਮੰਦਰ ਦੀ ਵਾਰਤਾ ਸੀਨੇ ਵਿੱਚ ਰੜਕੇ... ਕੋਈ ਨਾ ਅੱਜ ਤੱਕ ਜਿੱਤਿਆ ਸਿੰਘਾਂ ਨਾਲ ਲੜ ਕੇ..."

ਤੇ ਮੈਂ ਇਕਵਾਰਗੀ ਕੰਬ ਹੀ ਤਾਂ ਗਿਆ, ਜਦੋਂ ਉਸ ਨੌਜਵਾਨ ਨੇ ਮੈਨੂੰ ਹੀ ਉੱਚੀ ਆਵਾਜ਼ ਵਿੱਚ ਕਿਹਾ, "ਬਾਊ ਜੀ..."

ਮੈਂ ਬੱਚਿਆਂ ਵਾਂਗ ਪੁੱਛਣ ਦੇ ਅੰਦਾਜ਼ ਵਿੱਚ ਸਿਰ ਹਿਲਾਇਆ।

"ਐਥੇ ਇੱਕ ਜਣਾ ਸਾਡੇ ਕੋਲ ਆ ਜਾਓ...ਅੜ ਉੜ ਕੇ ਬਹਿ ਜਾਂਦੇ ਆਂ... ਦੋ ਜਣੇ ਹਾਅ ਟਰੰਕ ਪਿਆ ਤੁਹਾਡੇ ਕੋਲ...ਉਹਦੇ 'ਤੇ ਬੈਠ ਜਾਓ। ਪੈਂਡਾ ਵਾਹਵਾ...ਘੰਟਾ ਸਵਾ ਘੰਟਾ ਲੱਗ ਜਾਣਾ ਅਜੇ...ਖਲੋਤੇ-ਖਲੋਤੇ ਤਾਂ ਥੱਕ ਜਾਓਗੇ..."

ਇਕ ਪਲ ਤਾਂ ਮੈਨੂੰ ਜਾਪਿਆ, ਮੈਂ ਐਵੇਂ ਡਰਿਆ ਹੋਇਆ ਰੱਸੀਆਂ ਦੇ ਸੱਪ ਬਣਾਈ ਜਾ ਰਿਹਾ ਸਾਂ। ਉਸ ਨੌਜਵਾਨ ਦੇ ਬੋਲਾਂ ਵਿਚਲੀ ਅਪਣੱਤ ਵੇਖ ਕੇ ਮੈਨੂੰ ਸ਼ਰਮ ਜਿਹੀ ਵੀ ਆਈ, ਪਰ ਫੇਰ ਵੀ ਮੇਰਾ ਉਸ ਕੋਲ ਜਾਣ ਨੂੰ ਜੀਅ ਨਾ ਕੀਤਾ। ਮੈਂ ਉਸ ਅਧਖੜ ਸਰਦਾਰ ਨੂੰ ਉਹਨਾਂ ਕੋਲ ਜਾਣ ਲਈ ਆਖਿਆ।

"ਜਿਉਂਦੇ ਰਹੋ! ਜਿਉਂਦੇ ਰਹੋ...ਸ਼ਾਵਾ ਸ਼ੇ..." ਸਰਦਾਰ ਨੇ ਉਹਨਾਂ ਨਾਲ ਅੜਕੇ ਬੈਠਦਿਆਂ ਉਨ੍ਹਾਬੀ ਪੱਗ ਵਾਲੇ ਨੌਜਵਾਨ ਦੀ ਪਿੱਠ ਥਾਪੜੀ।

ਮੈਂ ਜੁਗਲ ਨੂੰ ਟਰੰਕ ਉੱਤੇ ਬੈਠਣ ਦਾ ਇਸ਼ਾਰਾ ਕੀਤਾ। ਜੁਗਲ ਨੇ ਗਾਰਡ ਵੱਲ ਇਸ਼ਾਰਾ ਕੀਤਾ ਜਿਹੜਾ ਬਾਰੀ ਤੋਂ ਬਾਹਰ ਸੰਘਣੇ ਹੋ ਗਏ ਹਨ੍ਹੇਰੇ ਅਤੇ ਦੂਰ ਜਗ ਰਹੀਆਂ ਬੱਤੀਆਂ ਨੂੰ ਘੂਰ-ਘੂਰ ਵੇਖ ਰਿਹਾ ਸੀ। ਮੈਂ ਉਸਨੂੰ ਬੈਠਣ ਲਈ ਅੱਖ ਦੱਬੀ। ਅਸੀਂ ਬੈਠੇ ਹੀ ਸਾਂ ਕਿ ਦੋਵਾਂ ਕਰਮਚਾਰੀ ਜਾਪਦੇ ਬੰਦਿਆਂ 'ਚੋਂ ਇੱਕ ਬੋਲ ਪਿਆ, "ਵੇਖਿਓ ਕਿਤੇ ਭਾਰ ਨਾਲ ਟਰੰਕ ਨਾ ਤੋੜ ਦਿਓ..."

ਟਰੰਕ ਕਾਫ਼ੀ ਭਾਰੀ ਅਤੇ ਮਜ਼ਬੂਤ ਸੀ। ਪਰ ਉਸ ਨੇ ਸਾਡੇ ਪ੍ਰਤੀ ਗਾਰਡ ਦਾ ਰੁਖ਼ ਵੇਖ ਕੇ ਉਹਨੂੰ ਖ਼ੁਸ਼ ਕਰਨਾ ਚਾਹਿਆ। ਗਾਰਡ ਨੇ ਸਾਨੂੰ ਟਰੰਕ 'ਤੇ ਬੈਠਿਆਂ ਵੇਖ ਕੇ ਫਿਟਕਾਰਨ ਦੇ ਲਹਿਜੇ ਵਿੱਚ ਆਖਿਆ।

"ਤੋੜ ਦਿਓ...ਤੋੜ ਦਿਓ...ਕੋਈ ਭਲਾ ਨਾ ਕਰਿਓ..."

ਜਿਵੇਂ ਅਧਿਆਪਕ ਦੇ ਦਬਕੇ ਤੋਂ ਸਹਿਮ ਕੇ ਵਿਦਿਆਰਥੀ ਖੜੇ ਹੋ ਜਾਂਦੇ ਸਨ, ਮੈਂ ਇਕਦਮ ਉੱਠ ਕੇ ਖੜ੍ਹੋ ਗਿਆ।

"ਬਹਿ ਜਾਹ...ਬਹਿ ਜਾਹ...ਹੁਣ..." ਉਸ ਨੇ ਫੈਸਲਾ ਸੁਣਾਉਂਦਿਆਂ ਹੱਥ ਹੇਠਾਂ ਨੂੰ ਕੀਤਾ। ਮੈਂ ਸਿਖਾਏ ਹੋਏ ਪਾਲਤੂ ਵਾਂਗ ਫੇਰ ਚੁਪਕੇ ਜਿਹੇ ਟਰੰਕ ਉੱਤੇ ਬੈਠ ਗਿਆ। ਮੈਨੂੰ ਜਾਪਿਆ ਜਿਵੇਂ ਮੈਂ ਤਾਂ ਚਾਬੀ ਵਾਲਾ ਕੋਈ ਖਿਡੌਣਾ ਸਾਂ। ਦਿਲ-ਦਿਮਾਗ਼ ਤੋਂ ਬਿਨਾਂ। ਲਹੂ ਮਾਸ ਤੋਂ ਬਿਨਾਂ...ਰਬੜ ਦੀ ਇੱਕ ਮਸ਼ੀਨ ਜਿਹੀ।

ਇਸ ਤਰ੍ਹਾਂ ਦੀਆਂ ਭਿਆਨਕ ਅਤੇ ਸਹਿਮ ਦਾ ਫ਼ੰਨ ਫੈਲਾਈ ਸਿਰ 'ਤੇ ਖੜੋਤੀਆਂ ਰਾਤਾਂ ਮੇਰੀ ਜ਼ਿੰਦਗੀ ਵਿੱਚ ਬਹੁਤ ਘੱਟ ਆਈਆਂ ਸਨ। ਲਾ-ਪਾ ਕੇ ਇਕ ਰਾਤ ਮੇਰੇ ਚੇਤੇ ਵਿੱਚ ਉੱਤਰ ਆਈ ਸੀ। ਦਸ ਕੁ ਸਾਲ ਪਹਿਲਾਂ ਮੇਰੀ ਪਤਨੀ ਦੇ ਪੇਕੇ, ਉਹਦੀ ਭੈਣ ਦੇ ਵਿਆਹ, ਰਾਮਪੁਰ ਗਏ ਸਾਂ। ਉਸ ਦਿਨ ਹੈਡਮਾਸਟਰ ਨਾਲ ਤਨਖਾਹ ਕਢਵਾਉਣ ਚਲਾ ਗਿਆ ਸਾਂ। ਫੇਰ ਮਾਸਟਰਾਂ ਨੂੰ ਤਨਖਾਹ ਵੰਡਦਿਆਂ ਕਵੇਲਾ ਹੋ ਗਿਆ। ਮੈਨੂੰ ਵੀ ਤਾਂ ਤਨਖਾਹ ਚਾਹੀਦੀ ਸੀ। ਤਨਖਾਹ ਤੋਂ ਬਿਨਾਂ ਵਿਆਹ ਕਾਹਦਾ! ਜਦੋਂ ਸ਼ਹਿਰ ਪਹੁੰਚ ਕੇ ਪਤਨੀ ਅਤੇ ਛੋਟੇ ਨੀਟੂ ਨੂੰ ਨਾਲ ਲੈ ਕੇ ਬੱਸ 'ਤੇ ਚੜ੍ਹਿਆ ਤਾਂ ਸਿਆਲੀ ਦਿਨਾਂ ਦੇ ਸਾਢੇ ਪੰਜ ਵੱਜ ਚੁੱਕੇ ਸਨ। ਪਰ ਉਦੋਂ ਦਿਨ ਚੰਗੇ ਸਨ। ਅੱਡੇ 'ਤੇ ਉਤਰੇ ਤਾਂ ਸੂਰਜ ਕਾਫ਼ੀ ਦੂਰ ਦਾ ਡੁੱਬ ਚੁੱਕਾ ਸੀ। ਰਾਮਪੁਰ ਨੂੰ ਜਾਣ ਵਾਲੀ ਸੜਕ ਮੀਲ ਕੁ ਦਾ ਫ਼ਰਕ ਪਾ ਕੇ ਕਿਸੇ ਹੋਰ ਪਿੰਡ ਵਿਚੋਂ ਦੀ ਵਲ ਪਾ ਕੇ ਲੰਘਦੀ ਸੀ। ਦੂਜਾ ਰਾਹ ਸੀ, ਏਸ ਦੂਜੇ ਪਿੰਡ ਦੇ ਖੇਤਾਂ ਵਿਚੋਂ ਦੀ ਪੰਜੀ ਤੀਹ ਕਿੱਲੇ ਅੱਗੇ ਜਾ ਕੇ ਰਾਮਪੁਰ ਦੀ ਜ਼ਮੀਨ ਵਿਚੋਂ ਨਿਕਲਦੀ ਕੱਚੀ ਸੜਕ... ਜੋ ਸਿੱਧੀ ਰਾਮਪੁਰ ਦੀ ਫਿਰਨੀ 'ਤੇ ਜਾ ਚੜ੍ਹਦੀ ਸੀ। ਏਧਰ ਪੈਂਡਾ ਘੱਟ ਹੋਣ ਕਰਕੇ ਮੈਂ ਨੀਟੂ ਨੂੰ ਚੁੱਕੀ ਪਤਨੀ ਨੂੰ ਪਿੱਛੇ ਆਉਣ ਲਈ ਆਖ ਕੇ ਖੇਤਾਂ ਵਿਚੋਂ ਦੀ ਵੱਟੋ-ਵੱਟ ਤੁਰ ਪਿਆ। ਹਨ੍ਹੇਰੀ ਰਾਤ ਸੀ। ਵੱਟਾਂ 'ਤੇ ਤਿਲਕਦੇ, ਡਿੱਗਦੇ ਅਸੀਂ ਇੱਕ ਸੇਧ ਵਿੱਚ ਤੁਰੇ ਜਾ ਰਹੇ ਸਾਂ। ਮੇਰੀ ਪਤਨੀ ਮੇਰੇ 'ਤੇ ਖਿਝ ਰਹੀ ਸੀ ਜਿਸ ਨੇ ਏਨਾ ਕੁਵੇਲਾ ਕਰ ਦਿੱਤਾ ਸੀ। ਉਹਦੇ ਗਲ ਗਹਿਣਾ ਸੀ। ਸਾਡੇ ਕੋਲ ਪੈਸੇ ਸਨ। ਜੇ ਕੋਈ ਉਹੋ ਜਿਹਾ ਬੰਦਾ ਟੱਕਰ ਜਾਏ ਤਾਂ ਜਾਹ ਜਾਂਦੀਏ ਹੋ ਜਾਵੇ। ਪਰ ਮੈਂ ਉਸਨੂੰ ਹੌਂਸਲਾ ਦੇ ਰਿਹਾ ਸਾਂ। ਮੇਰੇ ਮਨ ਵਿੱਚ ਸੀ ਕਿ ਸਾਹਮਣੇ ਜਿਹੜਾ ਬਲਬ ਜਗ ਰਿਹਾ ਸੀ, ਉਹ ਉਸ ਬਹਿਕ ਦਾ ਸੀ, ਜਿਸ ਦੇ ਐਨ ਕੋਲੋਂ ਰਾਮਪੁਰ ਨੂੰ ਕੱਚੀ ਸੜਕ ਨਿਕਲਦੀ ਸੀ।

ਜਦੋਂ ਮੈਂ ਉਸ ਬਲਬ ਕੋਲ ਪਹੁੰਚਿਆ ਤਾਂ ਉੱਥੇ ਉਹ ਮਕਾਨ ਹੈ ਹੀ ਨਹੀਂ ਸੀ, ਜਿਸ ਦੇ ਬਾਹਰਵਾਰ ਦੋ ਵੱਡੀਆਂ ਕਿੱਕਰਾਂ ਸਨ, ਜਿਨ੍ਹਾਂ ਦੇ ਕੋਲੋਂ ਰਾਮਪੁਰ ਨੂੰ ਕੱਚੀ ਸੜਕ ਸ਼ੁਰੂ ਹੁੰਦੀ ਸੀ। ਇਹ ਤਾਂ ਬੰਬੀ ਦਾ ਇਕੋ ਇੱਕ ਪੱਕਾ ਕੋਠਾ ਸੀ, ਜਿਸ ਦੇ ਸਿਰ 'ਤੇ ਬਲਬ ਜਗ ਰਿਹਾ ਸੀ। ਕੋਠੇ ਵਿਚੋਂ ਗੱਲਾਂ ਕਰਨ ਦੀ ਆਵਾਜ਼ ਆ ਰਹੀ ਸੀ। ਬਲਬ ਦੀ ਮੱਧਮ ਰੋਸ਼ਨੀ ਵਿੱਚ ਸਲੇਟੀ ਧੂੰਆਂ ਹਵਾ ਵਿੱਚ ਉੱਠ ਰਿਹਾ ਸੀ ਤੇ



Sri Satguru Jagjit Singh Ji eLibrary NamdhariElibrary@gmail.com

ਤਾਜ਼ਾ ਨਿਕਲ ਰਹੀ ਸ਼ਰਾਬ ਦੀ ਬੂ ਸਾਰੇ ਮਾਹੌਲ ਵਿੱਚ ਫੈਲੀ ਹੋਈ ਸੀ। ਸ਼ਰਾਬੀ ਬੰਦੇ... ਮੇਰੇ ਨਿਹੱਥੇ ਦੇ ਨਾਲ ਇਕੱਲੀ ਜ਼ਨਾਨੀ... ਮੇਰੇ ਮਨ ਵਿੱਚ ਇਕਦਮ ਕਈ ਸੈਂਕੜੇ ਭੈੜੇ-ਭੈੜੇ ਖ਼ਿਆਲ ਆਉਣ ਲੱਗੇ। ਮੈਂ ਕੰਬ ਗਿਆ।

ਅਸੀਂ ਰਾਹ ਭੁੱਲ ਗਏ ਸਾਂ। ਮੈਂ ਪਤਨੀ ਦੇ ਬੁੱਲ੍ਹਾਂ 'ਤੇ ਉਂਗਲਾਂ ਰੱਖ ਕੇ ਉਹਨੂੰ ਚੁੱਪ ਰਹਿਣ ਲਈ ਕਿਹਾ। ਦੂਰ ਪਰ੍ਹੇ ਅੱਠ ਦਸ ਕਿੱਲਿਆਂ ਦੀ ਵਿੱਥ 'ਤੇ ਇੱਕ ਸੱਜੇ ਹੱਥ ਤੇ ਇੱਕ ਖੱਬੇ ਹੱਥ ਬਲਬ ਜਗ ਰਹੇ ਸਨ। ਸ਼ਾਇਦ ਅਸਲੀ ਬਹਿਕ ਉਹਨਾਂ ਵਿਚੋਂ ਹੀ ਕੋਈ ਹੋਵੇਗੀ। ਮੈਂ ਪਿੱਛੇ ਬੱਸਾਂ ਦੇ ਅੱਡੇ ਵੱਲ, ਫੇਰ ਸੱਜੇ ਅਨੁਮਾਨ ਲਗਾ ਕੇ ਸੋਚਿਆ ਕਿ ਖੱਬੇ ਹੱਥ ਵਾਲਾ ਬਲਬ ਉਸ ਬਹਿਕ ਦਾ ਹੋਵੇਗਾ।

ਖੇਤਾਂ ਦੇ ਵੱਟੇ ਬੰਨਿਆਂ ਤੋਂ ਹੁੰਦੇ, ਡਿਗਦੇ-ਢਹਿੰਦੇ, ਡਰੇ ਤੇ ਸਹਿਮੇ ਅਸੀਂ ਉਸ ਬਲਬ ਦੀ ਸੇਧ ਵਿੱਚ ਤੁਰੇ ਜਾ ਰਹੇ ਸਾਂ ਤੇ ਆਸੇ-ਪਾਸੇ ਖੁੜਕ ਵੀ ਰੱਖ ਰਹੇ ਸਾਂ। ਸਾਨੂੰ ਹੌਲੀ-ਹੌਲੀ ਡਰੀ ਆਵਾਜ਼ ਵਿੱਚ ਗੱਲਾਂ ਕਰਦਿਆਂ ਸੁਣ ਕੇ ਨੀਟੂ ਵੀ ਡਰ ਕੇ ਹਟਕੋਰੇ ਭਰਨ ਲੱਗਾ। ਉਹ ਬਹਿਕ 'ਤੇ ਪਹੁੰਚੇ ਤਾਂ ਉੱਥੇ ਵੀ ਕੋਈ ਕਿੱਕਰ ਦਾ ਰੁੱਖ ਨਜ਼ਰ ਨਹੀਂ ਸੀ ਆ ਰਿਹਾ। ਅਸੀਂ ਇਹ ਕਿਹੜੇ ਰਸਤੇ ਪੈ ਗਏ ਸਾਂ? ਮੇਰੀ ਪਤਨੀ ਰੋਣਹਾਕੀ ਹੋ ਗਈ। ਖ਼ਾਲ ਵਿੱਚ ਡਿੱਗ ਪੈਣ ਕਰਕੇ ਉਹਦੇ ਸੈਂਡਲ ਅਤੇ ਪੈਰ ਗਾਰੇ ਨਾਲ ਲੇਥੂ-ਪੇਥੂ ਹੋ ਗਏ ਸਨ।

"ਅਜ ਮੈਨੂੰ ਖੁਹਾ ਕੇ ਜਾਉਗੇ ਤੁਸੀਂ..." ਉਸ ਨੇ ਹਿਰਖ ਕੇ ਆਖਿਆ ਤੇ ਬੁਸਕਣ ਲੱਗ ਪਈ। ਮੇਰੇ ਅੰਦਰ ਡਰ ਤੇ ਸਹਿਮ ਨਾਲ ਝਰਨਾਹਟ ਛਿੜ ਗਈ। ਪਰ ਹੌਂਸਲਾ ਕਰਕੇ ਉਸ ਨੂੰ ਆਖਿਆ, "ਕਮਲ ਨਾ ਕੁਦਾ..."

"ਏਥੇ ਘਰ 'ਚ 'ਵਾਜ ਮਾਰ ਕੇ ਵੇਖਾਂ. .ਪਸ਼ੂ ਡੰਗਰ ਹੈਗੇ ਨੇ... ਪਰਿਵਾਰ ਰਹਿੰਦਾ ਹੋਊ ਕੋਈ..."

"ਨਾ...ਨਾ...ਨਾ...ਵੇਖਿਓ ਕਿਤੇ..." ਪਤਨੀ ਨੇ ਚਿਤਾਵਨੀ ਦਿੱਤੀ। ਉਹ ਡਰ ਰਹੀ ਸੀ।

"ਕੋਈ ਨਹੀਂ...ਤੂੰ ਨੀਟੂ ਨੂੰ ਫੜ ਜ਼ਰਾ। ਮੈਂ 'ਕੱਲਾ ਵੇਖ ਕੇ ਆਉਂਦਾ ਪਹਿਲਾਂ..." ਮੈਂ ਬਾਹਰੋਂ ਆਵਾਜ਼ ਦਿੱਤੀ ਤਾਂ ਅੰਦਰੋਂ ਕੁੱਤਾ ਭੌਂਕਿਆ ਤੇ ਨਾਲ ਹੀ ਕੋਈ ਅੰਦਰੋਂ ਬੋਲਿਆ।

"ਕਿਹੜੈ ਬਈ?"

ਇਕ ਤੀਹ ਪੈਂਤੀ ਸਾਲ ਦਾ ਜੁਆਨ ਦਰਵਾਜ਼ੇ 'ਚ ਆਇਆ।

"ਭਾ ਜੀ...ਅਸਲ 'ਚ ਗੱਲ ਇਹ ਹੈ ਕਿ ਮੈਂ ਰਾਮਪੁਰ ਜਾਣਾਂ ਪੰਡਤ ਰਾਮਨਾਥ ਦੇ ਘਰ...ਮੈਂ ਉਹਨਾਂ ਦਾ ਜੁਆਈ ਆਂ। ਸੜਕੇ ਜਾਣ ਦੀ ਥਾਂ ਵੱਟੇ-ਵੱਟ ਕੱਚੀ ਸੜਕ ਦਾ ਰੁਖ਼ ਕਰ ਬੈਠਾ ਆਪਣੇ ਵੱਲੋਂ। ਪਰ ਰਾਹ ਭੁੱਲ ਗਿਆ..."

"ਹੱਛਾ! ਉਹ ਸੜਕ ਤਾਂ ਔਹ ਪਾਸੇ ਰਹਿ ਗਈ ਚੜ੍ਹਦੇ ਵੱਲ। ਤੁਸੀਂ ਤਾਂ ਐਧਰ ਲਹਿੰਦੇ ਨੂੰ ਆ ਗਏ..." ਨੌਜਵਾਨ ਦਰਵਾਜ਼ੇ 'ਚ ਹੀ ਖੜਾ ਸੀ।

"ਵੇ ਕੌਣ ਐ ਸੁਰਜੀਤ?" ਅੰਦਰੋਂ ਕੋਈ ਜ਼ਨਾਨਾ ਆਵਾਜ਼ ਆਈ।

ਨੌਜਵਾਨ ਨੇ ਮੇਰੇ ਬਾਰੇ ਦੱਸਿਆ ਤਾਂ ਪੰਜਾਹ-ਪਚਵੰਜਾ ਸਾਲ ਦੀ ਜ਼ਨਾਨੀ ਵਿਹੜੇ ਵਿੱਚ ਆ ਗਈ, "ਪੁੱਤ! ਇਹਨੂੰ ਅੰਦਰ ਲੈ ਆ ਰਾਮ ਨਾਥ ਦਾ ਜਵਾਈ ਕੀ ਤੇ ਸਾਡਾ ਜਵਾਈ ਕੀ। ਪੁੱਤ ਸਾਡਾ ਪਿੰਡ ਵੀ ਰਾਮਪੁਰ ਈ ਆ...ਦੂਰ ਜ਼ਮੀਨ ਹੋਣ ਕਰਕੇ ਏਥੇ ਹੀ ਆ ਵੱਸੇ ਆਂ। ਤੂੰ ਵੱਡੀ ਦੁਲਾਰੀ ਦਾ ਪ੍ਰਾਹੁਣੈ?"

"ਨਹੀਂ ਜੀ...ਛੋਟੀ ਪਾਰਵਤੀ ਦਾ...ਜਿਹੜੀ ਸ਼ਹਿਰ ਵਿਆਹੀ ਆ..."

"ਤੇ ਲੰਘ ਆ ਨਾ ਅੰਦਰ। ਵੇ ਸੁਰਜੀਤ! ਤੂੰ ਤਾਂ ਉਹਦਾ ਰਾਹ ਰੋਕ ਕੇ ਖੜਾ ਏਂ...ਪਾਸੇ ਹੋ ਵੇ.."

ਸੁਰਜੀਤ ਹੱਸ ਕੇ ਪਾਸੇ ਹੋ ਗਿਆ। ਕੋਈ ਖ਼ਤਰਾ ਨਾ ਜਾਣ ਕੇ ਮੈਂ ਪਿੱਛੇ ਆ ਖੜੋਤੀ ਪਾਰਵਤੀ ਨੂੰ ਪਹਿਲਾਂ ਅੰਦਰ ਲੰਘਣ ਲਈ ਕਿਹਾ।

"ਲੈ ਕੁੜੇ ਪਾਰੋ! ਤੇਰੇ ਤਾਏ ਦਾ ਘਰ...ਕਮਲੋ! ਬਾਹਰ ਖਲੋਤੀ ਏਂ..." ਉਹਨੇ ਅੱਗੇ ਵਧ ਕੇ ਪਾਰਵਤੀ ਦਾ ਸਿਰ ਪਲੋਸਿਆ।

ਤੇ ਫਿਰ ਸਾਨੂੰ ਮੰਜਿਆਂ 'ਤੇ ਬਿਠਾ, ਪਾਣੀ ਗਰਮ ਕਰਕੇ ਤਾਈ ਕਰਤਾਰ ਕੌਰ ਨੇ ਪਾਰਵਤੀ ਦੇ ਲਿੱਬੜੇ ਪੈਰ ਧੁਆਏ।

"ਹਾਏ ਕਮਲੀ! ਪੁੱਤ ਸੁਵੱਖਤੇ ਨਹੀਂ ਤੁਰੀਦਾ? ਚੰਗਾ ਭੈਣ ਦਾ ਵਿਆਹ ਵੇਖਣ ਆਈ ਏਂ। ਕੁੜੀਆਂ ਦੋ-ਚਾਰ ਦਿਨ ਪਹਿਲਾਂ ਆਉਂਦੀਆਂ, ਸਗੋਂ ਕੰਮ ਧੰਦਾ ਕਰਨ...ਪਰ ਭੈਣਾਂ! ਤੂੰ ਤਾਂ ਸ਼ਹਿਰਨ ਹੋਈ ਹੁਣ...ਤੈਨੂੰ ਟੈਮ ਕਾਹਨੂੰ ਲੱਗਦਾ..."

ਤੇ ਫੇਰ ਸਾਡੇ ਰੋਕਦਿਆਂ-ਰੋਕਦਿਆਂ ਵੀ ਤਾਈ ਨੇ ਆਪਣੀ ਨੂੰਹ ਨੂੰ ਸਾਡੇ ਲਈ ਦੁੱਧ ਗਰਮ ਕਰਨ ਦਾ ਆਦੇਸ਼ ਦੇ ਦਿੱਤਾ।

ਦੁੱਧ ਪਿਆ ਕੇ ਉਸ ਨੇ ਸੁਰਜੀਤ ਨੂੰ ਸਾਡੇ ਨਾਲ ਜਾਣ ਲਈ ਕਿਹਾ, "ਮੈਂ ਤਾਂ ਆਂਹਦੀ ਸੀ ਪੁੱਤ! ਏਥੇ ਹੀ ਪਏ ਰਹਿੰਦਿਓ। ਪਰ ਅੱਜ ਮੇਲ ਦਾ ਦਿਨ ਕਰਕੇ, ਤੁਹਾਡੇ ਨਾ ਪੁੱਜਣ 'ਤੇ ਮਿਸਰ ਹੁਣੀਂ ਫ਼ਿਕਰ ਕਰਨਗੇ...ਜਾਹ ਵੇ ਸੁਰਜੀਤ! ਪਿੰਡ ਤੱਕ ਕਰ ਆ ਇਹਨਾਂ ਨੂੰ..."

ਸੁਰਜੀਤ ਇੱਕ ਹੱਥ ਡਾਂਗ ਅਤੇ ਇੱਕ ਹੱਥ ਬੈਟਰੀ ਲੈ ਕੇ ਸਾਡੇ ਕੋਲ ਆਣ ਖੜੋਤਾ, "ਲਿਆ ਭੈਣਾਂ! ਭਣੇਵਾਂ ਸਾਡਾ ਮੈਨੂੰ ਚੁਕਾ ਦੇਹ...ਆ ਉਏ ਸ਼ਹਿਰੀ ਬਾਬੂ" ਉਹਨੇ ਨੀਟੂ ਵੱਲ ਹੱਥ ਵਧਾਏ। ਓਪਰਾ ਬੰਦਾ ਅਤੇ ਡਾਂਗ ਵਾਲਾ ਹੱਥ ਅੱਗੇ ਵਧਿਆ ਵੇਖ ਨੀਟੂ ਡਰ ਗਿਆ ਤੇ ਮਾਂ ਦੇ ਮੋਢੇ ਨਾਲ ਲੱਗ ਗਿਆ।

"ਕੋਈ ਨਹੀਂ ਭਰਾ ਜੀ..." ਪਾਰਵਤੀ ਨੇ ਕਿਹਾ।

"ਗੰਦੂ! ਇਹ ਡਾਂਗ ਕਿਤੇ ਤੈਨੂੰ ਡਰਾਉਣ ਲਈ ਥੋੜ੍ਹੀ ਐ ਇਹ ਤਾਂ..." ਸੁਰਜੀਤ ਨੇ ਗੱਲ ਵਿਚੇ ਹੀ ਛੱਡ ਦਿੱਤੀ।

ਤੇ ਫਿਰ ਸੁਰਜੀਤ ਨੇ ਬੈਟਰੀ ਜਗਾਈ ਤੇ ਸਾਡੇ ਅੱਗੇ-ਅੱਗੇ, ਵੱਟਾਂ ਖ਼ਾਲਾਂ 'ਤੇ ਖਲੋ ਕੇ ਚਾਨਣ ਕਰਦਾ, ਰਾਹ ਵਿਖਾਉਂਦਾ ਤੁਰਿਆ ਗਿਆ ਤੇ ਸਾਨੂੰ ਪਿੰਡ ਦੀ ਫਿਰਨੀ 'ਤੇ ਚੜ੍ਹਾ ਕੇ ਵਾਪਸ ਮੁੜਿਆ।



Sri Satguru Jagjit Singh Ji eLibrary NamdhariElibrary@gmail.com

ਖੜੱਕ...ਧੜੱਚ...ਖੜੱਕ,

ਗੱਡੀ ਬਿਆਸ ਦੇ ਪੁਲ ਉਪਰੋਂ ਦੀ ਲੰਘ ਰਹੀ ਸੀ ਤੇ ਉਸ ਦੇ ਖੜਾਕੇ ਨੇ ਮੇਰੀ ਸੋਚ ਪਰਤਾਈ।

"ਤੁਸੀਂ ਇਹ ਬਹੁਤ ਗ਼ਲਤ ਬਾਤ ਕੀਤੀ...ਜ਼ਬਰਦਸਤੀ ਗੱਡੀ ਵਿੱਚ ਚੜ੍ਹਨ ਵਾਲੀ..." ਗਾਰਡ ਫੇਰ ਮੈਨੂੰ ਮੁਖ਼ਾਤਬ ਸੀ।

"ਮੈਂ ਤੁਹਾਨੂੰ ਗੱਡੀ 'ਚੋਂ ਉਤਾਰ ਦਿਆਂ ਜਾਂ ਗ੍ਰਿਫ਼ਤਾਰ ਕਰਵਾ ਦਿਆਂ?" ਉਸਨੇ ਇੱਕ ਹੋਰ ਹਥੌੜਾ ਸਿਰ ਵਿੱਚ ਦੇ ਮਾਰਿਆ। ਇਸਦੀ ਅਜੇ ਕਸਰ ਬਾਕੀ ਸੀ!

"ਸਰ! ਮਾਫ਼ੀ ਦਿਓ, ਸਾਡੀ ਮਜਬੂਰੀ ਸੀ..." ਉਹਦੇ ਰੁੱਖੇ ਤੇ ਖ਼ੁਸ਼ਕ ਹੋਏ ਵਤੀਰੇ ਤੋਂ ਜਾਪਦਾ ਸੀ ਕਿ ਉਹ ਕੁਝ ਵੀ ਕਰ ਸਕਦਾ ਸੀ।

"ਤੁਹਾਨੂੰ ਆਪਣੀ ਮਜਬੂਰੀ ਦਾ ਤਾਂ ਅਹਿਸਾਸ ਹੈ, ਪਰ ਸਾਡੀ ਦਾ ਕੋਈ ਨਹੀਂ... ਜੇ ਮੈਂ ਫੜਿਆ ਜਾਵਾਂ ਤੁਹਾਨੂੰ ਲਿਜਾਂਦਾ ਹੋਇਆ... ਮੇਰੀ ਤਾਂ ਨੌਕਰੀ ਗਈ ਨਾ? ਫੇਰ ਉਤੋਂ ਦਿਨ ਕਿਹੋ ਜਿਹੇ ਨੇ? ਮਾਹੌਲ ਕਿਹੋ ਜਿਹਾ ਏ?... ਕੀ ਪਤਾ ਤੁਹਾਡੇ ਵਿਚੋਂ ਕੋਈ ਕੌਣ ਹੈ ਤੇ ਕਿਸ ਤਰ੍ਹਾਂ ਦਾ ਹੈ... ਨੇ ਜਾਣੀਏਂ ਕੋਈ ਉਹੋ ਜਿਹੀ ਗੱਲ ਹੋ ਜਾਵੇ... ਮੈਂ ਕੀਹਦੀ ਮਾਂ ਨੂੰ ਮਾਸੀ ਆਖੂੰ?"

ਉਹਦਾ ਆਪਣਾ ਤਰਕ ਠੀਕ ਸੀ। ਮੈਂ ਡੀ.ਪੀ.ਈ. ਨਾਲ ਮਿਲਦੇ ਚਿਹਰੇ ਵਾਲੇ ਨੌਜਵਾਨ ਵੱਲ ਵੇਖਿਆ। 'ਨੇ ਜਾਣੀਏ, ਕਿਤੇ ਇਹ ਹੀ ਉਹੋ ਜਿਹੇ ਨਾ ਹੋਣ...'

ਮੈਨੂੰ ਉਹਨਾਂ ਵੱਲ ਤੱਕਦਾ ਵੇਖ ਗਾਰਡ ਨੇ ਸ਼ਾਇਦ ਸਮਝਿਆ ਕਿ ਜਿਵੇਂ ਮੈਂ ਜਾਨਣਾ ਚਾਹ ਰਿਹਾ ਹੋਵਾਂ ਕਿ ਗਾਰਡ ਉਹਨਾਂ ਬਾਰੇ ਕਿਉਂ ਚੁੱਪ ਸੀ। ਉਹਨੇ ਤਰਕ ਦਾ ਪੱਲੜਾ ਸਾਵਾਂ ਕਰਨਾ ਚਾਹਿਆ।

"ਹੁਣ ਇਹਨਾਂ ਸਰਦਾਰਾਂ ਨੇ ਗੱਲ ਈ ਇਹੋ ਜਿਹੀ ਦੱਸੀ ਆ ਕਿ ਮੈਂ ਨਾਂਹ ਨਹੀਂ ਕਰ ਸਕਿਆ। ਇਕ ਅੱਧ ਬੰਦਾ ਤਾਂ ਚਲੋ ਹੋਇਆ..." ਤੇ ਗਾਰਡ ਚੁੱਪ ਕਰ ਗਿਆ।

ਵੱਡਾ ਨੌਜਵਾਨ ਬੋਲਿਆ, "ਬੜੀ ਮਿਹਰਬਾਨੀ ਤੁਹਾਡੀ... ਅਸੀਂ ਤੁਹਾਡੇ ਦੇਣਦਾਰ ਆਂ ਜੀ..."

ਫਿਰ ਕੁਝ ਚਿਰ ਡੱਬੇ ਵਿੱਚ ਚੁੱਪ ਵਰਤੀ ਰਹੀ। ਗੱਡੀ ਚੱਲਣ ਦਾ ਖੜਕਾ ਮੇਰੇ ਜ਼ਿਹਨ ਵਿੱਚ ਖੜਕ ਰਿਹਾ ਸੀ। ਮੈਂ ਹੋਰ ਵੀ ਸ਼ਸ਼ੋਪੰਜ ਵਿੱਚ ਪੈ ਗਿਆ ਸਾਂ। 'ਇਹਨਾਂ ਸਰਦਾਰਾਂ ਨੇ ਭਲਾ ਕਿਹੋ ਜਿਹੀ ਗੱਲ ਕੀਤੀ ਹੋਊ? ਕੀ ਆਖਿਆ ਹੋਊ ਗਾਰਡ ਨੂੰ?'

ਗਾਰਡ ਬਾਹਰ ਨੂੰ ਵੇਖ ਰਿਹਾ ਸੀ? ਸਾਡੇ ਨਾਲ ਚੜ੍ਹਨ ਵਾਲੇ ਅੱਧਖੜ ਸਰਦਾਰ ਨੇ ਹੌਲੀ ਜਿਹੀ, ਪਰ ਗਾਰਡ ਨੂੰ ਸੁਣਾ ਕੇ, ਅੱਧਾ ਕੋਲ ਬੈਠੇ ਜੁਆਨਾਂ ਨੂੰ ਤੇ ਅੱਧਾ ਸਾਡੇ ਵੱਲ ਵੇਖਦਿਆਂ ਕਿਹਾ, "ਆਪਾਂ ਨੂੰ ਥੋੜ੍ਹੀ ਬਹੁਤ ਸੇਵਾ ਤਾਂ ਕਰਨੀ ਬਣਦੀ ਹੈ। ਘੱਟੋ ਘੱਟ ਕਿਰਾਏ ਜੋਗੀ ਤਾਂ..."

ਉਸਨੇ ਜੇਬ ਵਿਚੋਂ ਦਸਾਂ ਦਾ ਨੋਟ ਕੱਢਿਆ। ਮੈਂ ਤੇ ਜੁਗਲ ਨੇ ਵੀ ਦੱਸ-ਦੱਸ ਰੁਪਏ ਕੱਢ ਕੇ ਸਰਦਾਰ ਨੂੰ ਫੜਾਏ। ਖੁੱਲ੍ਹੀ ਦਾਹੜੀ ਵਾਲੇ ਨੌਜਵਾਨ ਨੇ ਵੀਹ ਦਾ ਨੋਟ ਕੱਢ ਕੇ ਉਸ ਸਰਦਾਰ ਵੱਲ ਵਧਾਇਆ।

ਗਾਰਡ ਹੁਣ ਸਾਡੇ ਵੱਲ ਵੇਖ ਰਿਹਾ ਸੀ। ਨੌਜਵਾਨ ਨੂੰ ਨੋਟ ਫੜਾਉਂਦਿਆਂ ਵੇਖ ਉਸ ਨੇ ਕਿਹਾ, "ਰਹਿਣ ਦਿਓ ਇਹਨਾਂ ਦੇ...ਮੋੜ ਦਿਓ ਵੀਹ ਦਾ ਨੋਟ..."

ਸਰਦਾਰ ਤੀਹ ਰੁਪਏ ਫੜਾਉਣ ਗਾਰਡ ਵੱਲ ਵਧਣ ਹੀ ਲੱਗਾ ਸੀ ਕਿ ਗਾਰਡ ਨੇ ਦੋਹਾਂ ਕਰਮਚਾਰੀਆਂ ਵਿਚੋਂ ਇਕ ਨੂੰ ਆਖਿਆ, "ਮੁਰਾਰੀ ਫੜ ਲੈ..."

ਮੁਰਾਰੀ ਨੇ ਤੀਹ ਰੁਪਏ ਫੜ ਕੇ ਜੇਬ ਵਿੱਚ ਪਾ ਲਏ। ਉਸ ਦੀ ਜੇਬ ਵਿੱਚ ਪੈਸੇ ਪੈਂਦਿਆਂ ਹੀ ਇਕ ਪਲ ਲਈ ਮੈਂ ਤਣਾਉ-ਮੁਕਤ ਹੋਇਆ। ਅੱਖਾਂ ਮੀਟ ਕੇ ਨਿਸ਼ਚਿੰਤ ਹੋਣ ਦਾ ਯਤਨ ਕੀਤਾ। ਪਰ ਸ਼ੱਕ ਦੀ ਇਕ ਚੰਗਿਆੜੀ ਮੇਰੇ ਅੰਦਰ ਧੁਖਣ ਲੱਗ ਪਈ ਸੀ। ਕਿਤੇ ਇਹ ਗਾਰਡ ਇਹਨਾਂ ਤੋਂ ਡਰਦਾ ਤਾਂ ਨਹੀਂ...? ਕਿਤੇ ਇਹ...? ਪੈਸੇ ਵੀ ਮੋੜ ਦਿੱਤੇ ਨੇ... ਉਹਨਾਂ ਨੂੰ ਕਹਿੰਦਾ ਵੀ ਕੁਝ ਨਹੀਂ।

ਤੇ ਮੈਨੂੰ ਲੱਗਾ... ਉਸ ਨੌਜਵਾਨ ਨੇ ਡੀ.ਪੀ.ਈ. ਦਾ ਚਿਹਰਾ ਆਪਸ ਵਿੱਚ ਘੁਲਦਾ-ਮਿਲਦਾ ਤੇ ਫੈਲਦਾ ਜਾ ਰਿਹਾ ਤੇ ਵੱਡਾ ਹੁੰਦਾ ਜਾ ਰਿਹਾ ਸੀ ਤੇ ਉਸ ਚਿਹਰੇ ਨੇ ਸਾਰੇ ਡੱਬੇ ਨੂੰ ਮੱਲ ਲਿਆ ਸੀ। ਮੇਰੇ ਕੰਨਾਂ ਵਿੱਚ ਡੀ.ਪੀ.ਈ. ਦੇ ਬੋਲ ਗੂੰਜੇ, "ਸਾਡੇ ਵੀ ਹੋਣਗੇ ਬੋਲ-ਬਾਲੇ ਕਦੀ ਅਕਸਰ ਤਾਂ?"

ਹਰਚਰਨ ਤੇ ਦੂਜੇ ਸਿੱਖ ਮਾਸਟਰ ਘੱਟ ਹੀ ਕਿਸੇ ਨੂੰ ਚੁੱਭਵੀਂ ਗੱਲ ਆਖਦੇ ਸਨ। ਆਪਸ ਵਿੱਚ ਜੋ ਮਰਜ਼ੀ ਕਹਿੰਦੇ ਰਹਿੰਦੇ ਹੋਣ, ਪਰ ਸਾਂਝੀ ਮੇਜ਼ 'ਤੇ ਸਾਂਝੀਆਂ ਗੱਲਾਂ ਈ ਕਰਦੇ ਸਨ। ਆਪਸ ਵਿੱਚ ਤਾਂ ਸਾਰੇ ਈ ਕਰਦੇ ਸਨ। ਪਰ ਡੀ.ਪੀ.ਈ. ਵਾਂਗ ਸ਼ਰ੍ਹੇਆਮ ਕੋਈ ਘੱਟ ਹੀ ਬੋਲਦਾ ਸੀ। ਉਸ ਦਿਨ ਕਹਿ ਰਿਹਾ ਸੀ, "ਹੁਣ ਪੁਲਸ ਝੂਠੇ ਮੁਕਾਬਲੇ ਬਣਾ ਕੇ ਨੌਜਵਾਨਾਂ ਨੂੰ ਮਾਰ ਰਹੀ ਹੈ ਮੀਰ ਮਨੂੰ ਵਾਂਗ ਪਰ ਭਾ, ਜਿਉਂ-ਜਿਉਂ ਮਨੂੰ ਵੱਢਦਾ ਇਹ ਦੂਣੇ ਚੌਣੇ ਹੋਏ... ਕਾਨੂੰਨ ਤੇ ਅਦਾਲਤਾਂ ਕਿੱਧਰ ਗਈਆਂ?... ਪੁਲਸ ਹੀ ਵਿਧਾਨ... ਪੁਲਸ ਹੀ ਗਵਾਹ, ਪੁਲਸ ਈ ਜੱਜ... ਪੁਲਿਸ ਈ...ਜੱਲਾਦ, ਇਹ ਜੇ ਲੋਕ ਰਾਜ।"

ਉਸ ਦਿਨ ਡੀ.ਪੀ.ਈ. ਦੀ 'ਬੋਲ-ਬਾਲੇ' ਵਾਲੀ ਗੱਲ ਸੁਣ ਕੇ ਹਿਸਾਬ ਮਾਸਟਰ ਨਰੇਸ਼ ਮੈਨੂੰ ਵੱਖਰਾ ਹੋ ਕੇ ਕਹਿਣ ਲੱਗਾ, "ਇਹ ਐਵੇਂ ਪਿੱਟੀ ਜਾਂਦੇ ਆ... ਪੁਲਸ ਨੂੰ, ਗਵਾਹਾਂ ਨੂੰ... ਜੱਜਾਂ ਨੂੰ ਸਭ ਨੂੰ ਤਾਂ ਮਾਰੀ ਜਾਂਦੇ ਨੇ... ਇਹਨਾਂ ਨੂੰ ਅਦਾਲਤਾਂ 'ਚੋਂ ਤਾਂ ਸਜ਼ਾ ਹੋਣੋਂ ਰਹੀ ਫਿਰ... ਤੇ ਰਹੀ ਗੱਲ ਇਹਨਾਂ ਦੇ ਬੋਲਬਾਲਿਆਂ ਦੀ?... ਪੰਜਾਬ 'ਚ ਪਾਰਟੀ ਕੋਈ ਅੱਗੇ ਆਵੇ, ਮੁਖ ਮੰਤਰੀ ਇਹਨਾਂ ਦਾ ਬਣਦਾ... ਰਾਸ਼ਟਰਪਤੀ ਇਹਨਾਂ ਦਾ... ਸਦਾ ਸੈਂਟਰ ਵਿੱਚ ਇੱਕ ਦੋ ਮਹੱਤਵਪੂਰਨ ਮਨਿਸਟਰੀਆਂ ਇਹਨਾਂ ਕੋਲ ਰਹੀਆਂ। ਫ਼ੌਜਾਂ 'ਚ ਪੁਲਸ 'ਚ ਵੱਡੇ ਅਫ਼ਸਰ ਇਹਨਾਂ ਦੇ... ਇਹਨਾਂ ਦੀ ਗਿਣਤੀ ਵੇਖੋ ਤੇ ਅਹੁਦਿਆਂ ਦੀ ਪਰਸੈਂਟੇਜ ਵੇਖੋ..."



Sri Satguru Jagjit Singh Ji eLibrary NamdhariElibrary@gmail.com

ਉਹਦੀ ਗੱਲ ਮੁੱਕਦੀ ਨਾ ਵੇਖ ਕੇ ਮੇਰੇ ਮੂੰਹੋਂ ਹੱਸਦਿਆਂ ਨਿਕਲ ਗਿਆ, "ਹੁਣ ਤਾਂ ਭਰਾਵਾਂ ਦਿਨ ਰਾਤ ਬੋਲ-ਬਾਲਾ ਈ ਇਹਨਾਂ ਦਾ... ਕਿਤੇ ਔਹ ਮਾਰਤਾ... ਕਿਤੇ ਔਹ...ਠਾਹ...ਠੂਹ..."

ਸਾਹਮਣੇ ਬੈਠੇ ਦੋਵੇਂ ਨੌਜਵਾਨ ਚੁੱਪ-ਚਾਪ ਸਨ। ਛੋਟਾ ਤਾਂ ਸ਼ਾਇਦ ਸਾਰੇ ਸਫ਼ਰ ਦੌਰਾਨ ਇੱਕ ਅੱਧੀ ਵਾਰ ਹੀ ਬੋਲਿਆ ਸੀ। ਉਹਨਾਂ ਤੋਂ ਕਲਪਿਆ ਖ਼ਤਰਾ ਮੈਨੂੰ ਨਿਰਮੂਲ ਜਾਪਿਆ।

ਪਰ ਖ਼ਤਰਾ ਤਾਂ ਸਿਰ 'ਤੇ ਹੋਰ ਆ ਖੜਾ ਹੋਇਆ ਸੀ। ਜਦੋਂ ਮਾਨਾਂਵਾਲਾ ਲੰਘਦਿਆਂ ਹੀ ਗਾਰਡ ਨੇ ਆਖ ਦਿੱਤਾ।

"ਤੁਹਾਨੂੰ ਅਸੀਂ ਸਟੇਸ਼ਨ 'ਤੇ ਨਹੀਂ ਉਤਾਰ ਸਕਦੇ। ਉਰ੍ਹੇ ਉਤਾਰਨਾ ਪਵੇਗਾ। ਸਟੇਸ਼ਨ ਤੇ ਉਤਰਦਿਆਂ ਸਾਡੀ ਤੁਹਾਡੀ ਦੋਹਾਂ ਧਿਰਾਂ ਦੀ ਪੁੱਛ-ਗਿੱਛ ਹੋਊ... ਐਵੇਂ ਕਿਤੇ ਧਰ ਲਏ ਜਾਓਗੇ..."

ਅੰਮ੍ਰਿਤਸਰ ਦੀ ਜੂਹ ਵੜਦਿਆਂ ਹੀ ਗੱਡੀ ਹੌਲੀ ਹੋਣੀ ਸ਼ੁਰੂ ਹੋ ਗਈ। ਜਿਉਂ ਹੀ ਗੱਡੀ ਜੌੜੇ ਫਾਟਕ ਲੰਘ ਕੇ ਗੋਲਡਨ ਐਵੇਨਿਊ ਕੋਲ ਪਹੁੰਚੀ ਤਾਂ ਉਸਦੀ ਰਫ਼ਤਾਰ ਕਾਫ਼ੀ ਧੀਮੀ ਹੋ ਗਈ ਸੀ।

"ਚੱਲੋ ਜੀ ਚੱਲੋ... ਉੱਠੋ ਬਾਊ ਜੀ... ਉਤਰਨ ਲਈ ਐਹ ਥਾਂ ਵਧੀਆ ਪੱਧਰੀ ਐ..." ਭਾਵੇਂ ਨਿੰਮ੍ਹੀ ਜਿਹੀ ਚੰਨ ਚਾਨਣੀ ਵੀ ਪਸਰ ਰਹੀ ਸੀ, ਪਰ ਉਸਨੇ ਸਰਚ ਲਾਈਟ ਮਾਰ ਕੇ ਸਾਨੂੰ ਪੱਧਰੀ ਪਟੜੀ ਵਿਖਾਈ ਤੇ ਛਾਲ ਮਾਰਨ ਲਈ ਕਿਹਾ।

"ਛੇਤੀ ਕਰੋ...ਛੇਤੀ..."

ਬਾਰੀ ਕੋਲ ਸਭ ਤੋਂ ਅੱਗੇ ਮੈਂ ਹੀ ਸਾਂ। ਮੈਂ ਬਾਰੀ ਦਾ ਡੰਡਾ ਫੜ ਕੇ ਪਾਇਦਾਨ 'ਤੇ ਹੌਲੀ ਜਿਹੀ ਉਤਰ ਗਿਆ। ਦਸ ਪੰਦਰਾਂ ਗਜ਼ ਦੀ ਵਿੱਥ 'ਤੇ ਜੁਗਲ ਵੀ ਉਤਰ ਗਿਆ। ਥੋੜ੍ਹੀ-ਥੋੜ੍ਹੀ ਵਿੱਥ 'ਤੇ ਹੋਰ ਜਣੇ ਵੀ ਉਤਰ ਰਹੇ ਸਨ। ਪਰ ਸਾਨੂੰ ਉਹਨਾਂ ਨੂੰ ਵੇਖਣ ਅਤੇ ਉਡੀਕਣ ਦੀ ਕੋਈ ਲੋੜ ਨਹੀਂ ਸੀ। ਰਾਤ ਨੂੰ ਰੇਲਵੇ ਲਾਈਨ ਦੇ ਨਾਲ-ਨਾਲ ਚੱਲਣਾ ਵੀ ਕੋਈ ਘੱਟ ਖ਼ਤਰੇ ਵਾਲੀ ਗੱਲ ਨਹੀਂ ਸੀ। ਐਵੇਂ ਕੋਈ ਆਖ ਦਏ, 'ਰੇਲਵੇ ਲਾਈਨ ਉਖੇੜਨ ਲੱਗੇ ਸਨ। ਗੱਡੀ ਉਲਟਾਉਣ ਲੱਗੇ ਸਨ...'

ਮੈਂ ਜੁਗਲ ਨੂੰ ਆਖਿਆ, "ਪਟੜੀ ਤੋਂ ਉਤਰ ਕੇ ਐਂ ਸਿੱਧੇ ਡਾਂਡੇ ਮੀਂਡੇ ਹੋ ਜਾਈਏ, ਆਬਾਦੀ ਵੱਲ..."

ਤੇ ਅਸੀਂ ਤੇਜ਼-ਤੇਜ਼ ਕਦਮੀਂ ਤੁਰ ਪਏ। ਸੱਚੀ ਗੱਲ ਤਾਂ ਇਹ ਸੀ ਕਿ ਮੈਂ ਅਜੇ ਵੀ ਉਹਨਾਂ ਸਿੱਖ ਨੌਜਵਾਨਾਂ ਤੋਂ ਡਰ ਰਿਹਾ ਸੀ। ਕੀ ਪਤਾ ਕੌਣ ਸਨ? ਭੇਦ-ਭਰੇ। ਰਹੱਸਮਈ।... ਚੁੱਪ ਗੜੁੱਪ ...।

ਤੁਰੇ ਜਾਂਦਿਆਂ ਮੈਂ ਪਿੱਛਾ ਭੌਂ ਕੇ ਵੇਖਿਆ। ਉਹ ਦੋਵੇਂ ਗੱਡੀਓਂ ਉੱਤਰ ਕੇ ਪਿੱਛੇ ਮੁੜ ਕੇ ਸਾਡੇ ਵੱਲ ਹੀ ਆ ਰਹੇ ਸਨ। ਅਧਖੜ ਸਰਦਾਰ ਸ਼ਾਇਦ ਅੱਗੇ ਕਿੱਧਰੇ ਉਤਰਿਆ ਸੀ। ਉਹਨਾਂ ਨੂੰ ਤੇਜ਼-ਤੇਜ਼ ਕਦਮੀਂ ਆਪਣੇ ਵੱਲ ਵਧਦਿਆਂ ਵੇਖ ਕੇ ਮੇਰਾ ਦਿਲ ਧੜਕਿਆ। ਮੈਂ ਜੁਗਲ ਨੂੰ ਹੋਰ ਤੇਜ਼ ਤੁਰਨ ਲਈ ਕਿਹਾ।

"ਮੈਨੂੰ ਤਾਂ ਖ਼ਤਰਨਾਕ ਬੰਦੇ ਲੱਗਦੇ ਨੇ..."

ਏਨੇ ਚਿਰ ਵਿੱਚ ਉਹਨਾਂ ਦੇ ਤੇਜ਼ ਕਦਮਾਂ ਦੇ ਖੜਾਕ ਨਾਲ ਉਹਨਾਂ ਦੇ ਹੌਲੀ-ਹੌਲੀ ਗੱਲਾਂ ਕਰਨ ਦੀ ਆਵਾਜ਼ ਸੁਣਾਈ ਦਿੱਤੀ।

ਇਕ ਕਹਿ ਰਿਹਾ ਸੀ, "ਭੱਜ ਕੇ ਮਿਲ ਪੈਂਦੇ ਆਂ।" ਇਹ ਆਵਾਜ਼ ਸ਼ਾਇਦ ਛੋਟੇ ਦੀ ਸੀ। ਮੇਰੇ ਤਾਂ ਸਿਰ ਤੋਂ ਲੈ ਕੇ ਪੈਰਾਂ ਤੱਕ ਪਸੀਨਾ ਛੁੱਟ ਗਿਆ। ਮੈਨੂੰ ਲੱਗਾ, ਹੁਣੇ ਭੱਜ ਕੇ ਮਿੰਟ ਵਿੱਚ ਉਹ ਸਾਡੀ ਮੌਰੀਂ ਆ ਚੜ੍ਹਨਗੇ ਤੇ ਫੇਰ ਇੱਕ ਛਿਣ ਵਿੱਚ 'ਠਾਹ! ਠਾਹ!' ਕਰਦੀਆਂ ਗੋਲੀਆਂ ਸਾਡੀ ਪਿੱਠ ਵੱਲੋਂ ਹੁੰਦੀਆਂ, ਛਾਤੀ ਚੀਰਦੀਆਂ ਆਰ-ਪਾਰ ਹੋ ਜਾਣਗੀਆਂ। ਮੈਂ ਪਿੱਛੋਂ ਆਵਾਜ਼ ਵੱਲ ਧਿਆਨ ਦਿੱਤਾ, "ਨਹੀਂ 'ਵਾਜ ਮਾਰ ਲੈਂਦੇ ਆਂ..." ਵੱਡਾ ਨੌਜਵਾਨ ਕਹਿ ਰਿਹਾ ਸੀ।

ਡਰੇ ਹੋਏ ਅਸੀਂ ਆਪਸ ਵਿੱਚ ਕੋਈ ਗੱਲ ਵੀ ਨਹੀਂ ਸਾਂ ਕਰ ਰਹੇ। ਉਹਨਾਂ ਦੇ ਹੋਰ ਵੀ ਤੇਜ਼ ਹੋ ਜਾਣ ਨਾਲ ਸਾਡੀ ਵਿੱਥ ਹੋਰ ਵੀ ਘਟ ਗਈ ਸੀ। ਮੈਂ ਜੁਗਲ ਨੂੰ ਦੌੜਨ ਵਾਸਤੇ ਹੀ ਕਹਿਣ ਲੱਗਾ ਸਾਂ ਕਿ ਪਿੱਛੋਂ ਆਵਾਜ਼ ਆਈ "ਬਾਊ ਜੀ...।" ਸਹਿਮ ਨਾਲ ਮੇਰੇ ਪੈਰਾਂ ਨੂੰ ਜਿਵੇਂ ਜ਼ੰਜੀਰ ਹੀ ਤਾਂ ਵੱਜ ਗਈ ਸੀ। ਜੁਗਲ ਵੀ ਖੜੋ ਗਿਆ।

"ਤੁਸੀਂ ਤਾਂ ਭੱਜ ਈ ਉੱਠੇ... ਸਾਨੂੰ ਨਾਲ ਈ ਨਹੀਂ ਲਿਆ..." ਵੱਡਾ ਨੌਜਵਾਨ ਕਹਿਣ ਲੱਗਾ, "ਅਸਲ 'ਚ ਮੇਰੀ ਚਾਚੀ, ਇਹਦੀ ਛੋਟੇ ਦੀ ਮਦਰ ਦੀ ਡੈੱਥ ਅੱਜ ਸ਼ਾਮੀ ਤਿੰਨ ਕੁ ਵਜੇ ਹੋ ਗਈ ਸੀ। ਮੈਂ ਇਹਨੂੰ ਲੈਣ ਗਿਆ ਸਾਂ ਜਲੰਧਰੋਂ। ਬੱਸ ਜਾਂਦਿਆਂ ਆਉਂਦਿਆਂ ਕੁਵੇਲਾ ਹੋ ਗਿਆ। ਗਾਰਡ ਵਿਚਾਰੇ ਨੂੰ ਬੇਨਤੀ ਕੀਤੀ ਤੇ ਉਹ ਮੰਨ ਗਿਆ।"

ਮੈਨੂੰ ਕੋਈ ਗੱਲ ਅਹੁੜ ਨਹੀਂ ਸੀ ਰਹੀ। ਮੈਂ ਅਜੇ ਭੈਅ ਦੇ ਸ਼ਿਕੰਜੇ ਵਿੱਚੋਂ ਪੂਰੀ ਤਰ੍ਹਾਂ ਨਹੀਂ ਸਾਂ ਨਿਕਲ ਸਕਿਆ।

"ਚੱਲੋ ਤੁਰੋ..." ਉਸ ਨੇ ਆਖਿਆ। ਮੈਂ ਅਜੇ ਵੀ ਡਰਿਆ ਖੜੋਤਾ ਸਾਂ। ਮੈਨੂੰ ਖੜੋਤਾ ਵੇਖ ਵੱਡਾ ਨੌਜਵਾਨ ਕਹਿਣ ਲੱਗਾ, "ਅਸਲ 'ਚ ਗੱਲ ਇਹ ਹੈ ਕਿ ਅਸੀਂ ਦੋਵੇਂ ਡਰਦੇ ਆਂ ਕਿ ਕਿਤੇ ਸੀ.ਆਰ.ਪੀ. ਜਾਂ ਪੁਲਿਸ 'ਚੋਂ ਕਿਸੇ ਨੇ ਵੇਖ ਲਿਆ ਤਾਂ ਸਾਨੂੰ ਸ਼ਕਲੋਂ ਸਿੱਖ ਵੇਖ ਕੇ ਗੋਲੀ ਨਾ ਮਾਰ ਦੇਣ... ਅੱਜ-ਕੱਲ੍ਹ ਬੰਦਾ ਮਾਰਨ ਲੱਗਿਆਂ ਪੁੱਛ-ਗਿੱਛ ਕੌਣ ਕਰਦਾ ਐ ਜੀ।... ਤੁਸੀਂ ਹੋਵੋਗੇ ਤਾਂ ਕੋਈ ਮਿਲਿਆ ਵੀ ਤਾਂ ਤੁਹਾਡੇ ਕਰਕੇ ਬਚਾ ਹੋ ਜਾਊਗਾ..."

ਉਹ ਬੋਲ ਰਿਹਾ ਸੀ ਤੇ ਮੇਰੇ ਮਨ ਵਿਚੋਂ ਤਣਾਓ ਅਤੇ ਸਹਿਮ ਦੀ ਧੁੰਦ ਹੌਲੀ-ਹੌਲੀ ਦੂਰ ਹੁੰਦੀ ਜਾ ਰਹੀ ਸੀ। ਮੇਰੀਆਂ ਨਾੜਾਂ ਵਿੱਚ ਜੰਮਿਆ ਹੋਇਆ ਖ਼ੂਨ ਫੇਰ ਪੰਘਰ ਕੇ ਤੁਰ ਪਿਆ ਸੀ।

ਮੈਂ ਨਿਸਚਿੰਤ ਹੋ ਕੇ ਉਹਨਾਂ ਦੇ ਅੱਗੇ-ਅੱਗੇ ਤੁਰ ਪਿਆ ਤੇ ਉਹਨਾਂ ਨੂੰ ਬੇਫ਼ਿਕਰ ਰਹਿਣ ਲਈ ਆਖਿਆ।

ਮੈਂ ਅੱਗੇ-ਅੱਗੇ ਤੁਰਿਆ ਜਾ ਰਿਹਾ ਸਾਂ ਤੇ ਮੈਨੂੰ ਜਾਪ ਰਿਹਾ ਸੀ ਜਿਵੇਂ ਮੈਂ ਸੁਰਜੀਤ ਹੋਵਾਂ ਅਤੇ ਮੇਰੇ ਹੱਥ ਵਿੱਚ ਡਾਂਗ ਅਤੇ ਬੈਟਰੀ ਫੜੀ ਹੋਵੇ।

ਤੇ ਮੈਂ ਜਿਸਦਾ ਸਿਰਫ਼ ਨਾਂ ਰਾਜਕੁਮਾਰ ਸੀ, ਚੌਥੀ ਕੂਟ ਵੱਲ ਹਿੱਕ ਤਾਣੀ ਤੁਰਿਆ ਜਾ ਰਿਹਾ ਸਾਂ।



Sri Satguru Jagjit Singh Ji eLibrary NamdhariElibrary@gmail.com

# ਕਹਾਣੀ ਦੀ ਮਿੱਥ ਸਿਰਜਣ

—ਜਸਵੰਤ ਸਿੰਘ ਵਿਰਦੀ

'ਵਿਰਕ ਅਜਿਹੇ ਅਖਾਉਤੀ ਮਾਨਵਵਾਦੀਆਂ ਵਿੱਚ ਸ਼ਾਮਿਲ ਨਹੀਂ ਕੀਤਾ ਜਾ ਸਕਦਾ, ਤੇ ਨਾ ਹੀ ਉਹ ਇਨ੍ਹਾਂ ਵਿੱਚ ਸ਼ਾਮਲ ਕੀਤਾ ਜਾਣਾ ਪਸੰਦ ਕਰੇਗਾ। ਪਰ ਉਹ ਸਪੱਸ਼ਟ ਭਾਂਤ ਸਮਾਜਵਾਦੀ ਵੀ ਨਹੀਂ। ਵਿਰਕ ਦੇ ਸੂਖਮਭਾਵਾਂ ਤੇ ਉਸ ਦੀ ਤੀਬਰਬੁਧੀ ਨੇ ਆਧੁਨਿਕ ਪੂੰਜੀਵਾਦੀ-ਖੇਤਰੀਵਾਦੀ ਪ੍ਰਬੰਧ ਦੀਆਂ ਕੀਮਤਾਂ ਨੂੰ ਘਾਤਕ ਸਿੱਧ ਕਰ ਲਿਆ ਹੈ, ਪਰ ਹਾਲੀ ਨਵੀਆਂ ਕੀਮਤਾਂ ਬਾਰੇ ਨਿਰਣੈ ਨਹੀਂ ਕੀਤਾ। ਇਸ ਲਈ ਉਸ ਦਾ ਸਿਧਾਂਤ ਸਮਾਜਵਾਦੀ ਭਾਵ ਨਹੀਂ ਬਣਿਆ, ਪਰ ਇਸ ਵਿੱਚ ਸੁਹਿਰਦਤਾ ਦੀ ਘਾਟ ਨਹੀਂ।

ਇਹ ਵਿਚਾਰ ਪੰਜਾਬੀ ਦੇ ਪ੍ਰਮੁੱਖ ਅਗਾਂਹਵਧੂ ਲੇਖਕ ਅਤੇ ਆਲੋਚਕ ਸੰਤ ਸਿੰਘ ਸੇਖੋਂ ਦੇ ਹਨ। ਡਾ. ਅਤਰ ਸਿੰਘ ਨੇ 'ਦੁਆਦਸ਼ੀ' ਦੀ ਭੂਮਿਕਾ ਵਿੱਚ ਲਿਖਿਆ ਸੀ- 'ਉਸ ਨੇ ਆਪਣੇ ਅਨੁਭਵ ਦੀ ਵਿਸ਼ਾਲਤਾ ਨਾਲ ਆਪਣੀ ਦ੍ਰਿਸ਼ਟੀ ਨੂੰ ਇੱਕ ਨਿਸਚਿਤ ਦ੍ਰਿਸ਼ਟੀਕੋਣ ਵਿੱਚ ਵੀ ਬਦਲਿਆ ਹੈ। ਉਸ ਦਾ ਦ੍ਰਿਸ਼ਟੀਕੋਣ ਮਨੋ-ਵਿਗਿਆਨ ਤੇ ਸਮਾਜ ਵਿਗਿਆਨ ਦੇ ਵਿਚਕਾਰ ਇੱਕ ਸੰਤੁਲਿਤ ਸੰਬੰਧ ਲੱਭਣ ਤੋਂ ਸੰਭਵ ਹੋਇਆ ਹੈ ਤੇ ਇਸੇ ਲਈ ਉਹ ਵਿਅਕਤੀਗਤ ਅਨੁਭਵ ਦੇ ਸਮਾਜਕ ਪ੍ਰੇਰਕਾਂ ਤੇ ਸਮਾਜਕ ਵਿਵਹਾਰ ਦੇ ਅਚੇਤ ਮਾਨਸਕ ਉਤੇਜਕਾਂ ਦਾ ਪਿਛੋਕੜ ਅੱਖੋਂ ਉਹਲੇ ਨਹੀਂ ਕਰਦਾ। ਜਿਥੇ 'ਤੂੜੀ ਦੀ ਪੰਡ' ਤੇ 'ਉਜਾੜ' ਨਾਂ ਦੀਆਂ ਕਹਾਣੀਆਂ ਵਿੱਚ ਖੇਰੂੰ-ਖੇਰੂੰ ਹੋ ਰਹੇ ਪੇਂਡੂ ਭਾਈਚਾਰੇ ਨੂੰ ਵਿਅਕਤੀ ਦੇ ਅਨੁਭਵ ਵਿੱਚ ਆ ਰਿਹਾ ਪੇਸ਼ ਕਰਦਾ ਹੈ, ਉਥੇ 'ਮੈਨੂੰ ਜਾਣਨੈ' 'ਚਾਚਾ' ਤੇ 'ਛਾਹ ਵੇਲਾ' ਵਿੱਚ ਅਤ੍ਰਿਪਤ ਕਾਮਨਾਵਾਂ ਦੇ ਮਨੁੱਖੀ ਚਰਿੱਤਰ ਲਈ ਘਾਤਕ ਪੱਖਾਂ ਨੂੰ ਵੀ ਉਘਾੜਦਾ ਹੈ। ਕਲਵੰਤ ਸਿੰਘ ਵਿਰਕ ਦੀਆਂ ਬਹੁਤੀਆਂ ਕਹਾਣੀਆਂ ਸਾਧਾਰਣਤਾ ਵਿਚੋਂ ਅਸਾਧਾਰਣਾ ਨੂੰ ਉਭਾਰ ਕੇ ਕੁਝ ਇਸ ਢੰਗ ਨਾਲ ਸ਼ਬਦਾਂ ਦੇ ਪ੍ਰਤੀਕ ਸਿਰਜਦੀਆਂ ਹਨ ਕਿ ਉਹ ਬਹੁਤੀ ਵਾਰ ਮਿਥ ਸਿਰਜਣ ਹੋ ਨਿਬੜਦੀਆਂ ਹਨ, ਜਿਵੇਂ ਕਿ ਤੂੜੀ ਦੀ ਪੰਡ। ਇਸ ਪੱਖੋਂ ਉਹ ਸਭਨਾਂ ਪੰਜਾਬੀ ਕਹਾਣੀ ਲੇਖਕਾਂ ਵਿਚੋਂ ਵਿਲੱਖਣ ਪ੍ਰਭਾਵ ਵਾਲਾ ਲੇਖਕ ਹੋ ਜਾਂਦਾ ਹੈ। ਇਸ ਮਿਥ ਸਿਰਜਣ ਦੀ, ਵਿਲੱਖਣਤਾ ਸਦਕਾ ਉਸ ਦੀਆਂ 'ਖੱਬਲ', 'ਧਰਤੀ ਹੇਠਲਾ ਬੌਲਦ', 'ਨਮਸਕਾਰ', 'ਨਵੇਂ ਲੋਕ', 'ਧਰਤੀ ਤੇ ਆਕਾਸ਼' ਅਤੇ 'ਦੁੱਧ ਦਾ ਛੱਪੜ' ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਨ੍ਹਾਂ ਵਿਚੋਂ ਵੀ 'ਖੱਬਲ' ਅਤੇ 'ਧਰਤੀ ਹੇਠਲਾ ਬੌਲਦ' ਕੌਮਾਂਤਰੀ ਸਾਹਿਤ ਵਿੱਚ ਅਮਰ ਸਥਾਨ ਬਣਾ ਚੁੱਕੀਆਂ ਕਹਾਣੀਆਂ ਹਨ। ਇਹ ਦੋਵੇਂ ਹੀ ਦੁਖਾਂਤਕ ਪ੍ਰਭਾਵ ਵਾਲੀਆਂ ਕਹਾਣੀਆਂ ਹਨ ਅਤੇ ਮਨੁੱਖ ਦੀ ਹੋਣੀ ਨਾਲ ਜੁੜੀਆਂ ਹੋਈਆਂ ਹਨ।

'ਖੱਬਲ' ਕਹਾਣੀ ਵਿੱਚ ਵਿਰਕ ਨੇ ੧੫ ਅਗਸਤ ੧੯੪੭ ਦੇ ਬਟਵਾਰੇ ਤੋਂ ਮਗਰਲੇ ਤਬਾਹਕੁੰਨ ਹਾਲਾਤ ਦੀ ਲੋਕ-ਤ੍ਰਾਸਦੀ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਬਟਵਾਰੇ ਤੋਂ ਮਗਰਲੇ ਦਿਨਾਂ ਵਿੱਚ ਵਿਰਕ ਇੱਕ ਭਾਰਤੀ ਫੌਜੀ ਅਫ਼ਸਰ ਦੇ ਰੂਪ ਵਿੱਚ ਪਾਕਿਸਤਾਨ ਵਿੱਚ ਰਹਿ ਗਏ ਭਾਰਤੀ ਲੋਕਾਂ ਤੇ ਖ਼ਾਸ ਕਰਕੇ ਜ਼ਨਾਨੀਆਂ/ਬੱਚਿਆਂ ਨੂੰ ਭਾਰਤ ਵਿੱਚ ਲਿਆਉਣ ਦੇ ਕੰਮ ਵਿੱਚ ਜੁਟਿਆ ਰਿਹਾ ਸੀ। ਇਸ ਲਈ ਉਸ ਨੇ ਬਟਵਾਰੇ ਮਗਰਲੇ ਦਿਨਾਂ ਵਿੱਚ ਹੋਣ ਵਾਲੀ ਮਾਰਧਾੜ ਦਾ ਅਤਿਅੰਤ ਭਿਆਨਕ ਰੂਪ ਵੇਖਿਆ ਸੀ। ਉਸ ਨੇ ਮਹਿਸੂਸ ਕੀਤਾ ਸੀ ਕਿ ਮਨੁੱਖੀ ਸੁਭਾ ਵੀ ਖੱਬਲ ਨਾਲ ਹੀ ਮਿਲਦਾ ਹੈ। ਖੱਬਲ ਦਾ ਕਿੰਨਾ ਵੀ ਉਜਾੜਾ ਕਰੀ ਜਾਵੋ, ਉਹ ਫੇਰ ਵੀ ਧਰਤੀ ਵਿੱਚ ਆਪਣੀਆਂ ਜੜ੍ਹਾਂ ਗੱਡੀ ਰੱਖਦਾ ਹੈ। ਧਰਤੀ ਵਿੱਚ ਆਪਣੀਆਂ ਜੜ੍ਹਾਂ ਗੱਡੀ ਰੱਖਣ ਦੀ ਮਨੁੱਖੀ ਰੁਚੀ ਉਸ ਨੂੰ ਤਬਾਹਕੁੰਨ ਹਾਲਾਤ ਵਿੱਚ ਵੀ ਜੀਉਂਦਿਆਂ ਰੱਖਦੀ ਹੈ। ਵਿਰਕ ਕਹਾਣੀ ਲਿਖਦਾ ਹੋਇਆ ਸਹਿਜੇ ਹੀ ਮਿੱਥ ਦੀ ਸਿਰਜਣਾ ਕਰ ਜਾਂਦਾ ਹੈ। ਉਂਝ ਮਿਥ ਸਿਰਜਣਾ ਅੱਜ ਦੇ ਲੇਖਕ ਦਾ ਹੀ ਕੋਈ ਵਿਸ਼ੇਸ਼ ਗੁਣ ਨਹੀਂ ਹੈ। ਸਦੀਆਂ ਤੋਂ ਲੇਖਕ ਲੋਕ ਸੰਸਕਾਰਾਂ ਵਿੱਚ ਵਸੀ ਹੋਈ ਕਿਸੇ ਗੱਲ ਨੂੰ, ਰੁਚੀ ਜਾਂ ਸੱਚਾਈ ਨੂੰ ਆਧਾਰ ਬਣਾ ਕੇ ਸਮੇਂ ਦੀਆਂ ਲੋੜਾਂ ਅਨੁਸਾਰ ਉਸ ਦੇ ਰੂਪ ਨੂੰ ਪਰਿਵਰਤਿਤ ਕਰਕੇ ਮਿਥ ਸਿਰਜਣਾ ਦੇ ਅਮਲ ਵਿਚੋਂ ਲੰਘਦੇ ਰਹੇ ਹਨ। ਕਈ ਵਾਰ ਲੇਖਕ ਨੂੰ ਕੋਈ ਮਿਥ ਆਪਣੇ ਵਿਚਾਰਾਂ ਅਤੇ ਭਾਵਾਂ ਦੀ ਅਭਿਵਿਅਕਤੀ ਵਾਸਤੇ ਬਣੀ ਬਣਾਈ ਮਿਲ ਜਾਂਦੀ ਹੈ, ਜਿਵੇਂ ਕਿ 'ਧਰਤੀ ਹੇਠਲਾ ਬੌਲਦ' ਕਹਾਣੀ ਵਿੱਚ ਹੋਇਆ ਹੈ। ਇਹ ਭਾਵਨਾ ਤਾਂ ਸਦੀਆਂ ਤੋਂ ਭਾਰਤੀ ਮਾਨਸਿਕਤਾ ਵਿੱਚ ਵਸੀ ਹੋਈ ਹੈ ਕਿ ਧਰਤੀ ਬੌਲਦ ਦੇ ਸਿੰਙਾ ਤੇ ਖਲੋਤੀ ਹੈ, ਪਰ ਲੇਖਕ ਨੇ ਇਸ ਦੀ ਵਿਆਖਿਆ ਇਸ ਤਰ੍ਹਾਂ ਕਰ ਦਿੱਤੀ ਹੈ ਕਿ ਦੇਸ਼ ਦੀ ਖ਼ਾਤਿਰ ਲੜਨ-ਮਰਨ ਵਾਲੇ ਸੂਰਮੇ ਹੀ ਉਹ ਹਕੀਕੀ ਬੌਲਦ ਹਨ, ਜਿਨ੍ਹਾਂ ਦੇ ਸਹਾਰੇ 'ਤੇ ਧਰਤੀ ਟਿੱਕੀ ਹੋਈ ਹੈ। ਉਨ੍ਹਾਂ ਸੂਰਮਿਆਂ ਦੇ ਨਾਲ ਉਨ੍ਹਾਂ ਦੇ ਪਰਿਵਾਰ ਵਾਲੇ ਵੀ ਧਰਤੀ ਦੇ ਆਧਾਰ ਹੀ ਹਨ। ਧਰਤੀ ਹੇਠਲੇ ਬੌਲਦ ਦੀ ਇਹ ਬਹੁਤ ਹੀ ਸ਼ਕਤੀਸ਼ਾਲੀ ਵਿਆਖਿਆ ਹੈ। ਇਹ


Sri Satguru Jagjit Singh Ji eLibrary NamdhariElibrary@gmail.com

ਹਕੀਕਤ ਵੀ ਹੈ ਕਿ ਧਰਤੀ ਕਿਸੇ ਬੌਲਦ ਦੇ ਸਿੰਙਾਂ ਤੇ ਨਹੀਂ ਟਿਕੀ ਹੋਈ, ਸਗੋਂ ਉਹ ਮਹਾਨ ਜਪ ਤਪ ਸਬਰ ਸੰਤੋਖ ਅਤੇ ਸਿਦਕੀ ਲੋਕਾਂ ਦੇ ਸਹਾਰੇ 'ਤੇ ਹੀ ਟਿਕੀ ਹੋਈ ਹੈ। ਇਸ ਕਹਾਣੀ ਵਿੱਚ ਫੌਜੀ ਕਰਮ ਸਿੰਘ, ਉਸ ਦਾ ਪਿਤਾ ਅਤੇ ਪਰਿਵਾਰ ਅਜਿਹੇ ਹੀ ਲੋਕ ਹਨ। ਕੁਲਵੰਤ ਸਿੰਘ ਵਿਰਕ ਤੋਂ ਪਹਿਲਾਂ ਸ. ਸੁਜਾਨ ਸਿੰਘ ਨੇ ਆਪਣੀ ਕਹਾਣੀ 'ਰਾਸ ਲੀਲਾ' ਵਿੱਚ ਇਸ ਰਚਨਾਤਮਕ ਪ੍ਰਕ੍ਰਿਆ ਦਾ ਬਹੁਤ ਸਫ਼ਲ ਤਜਰਬਾ ਕੀਤਾ ਹੋਇਆ ਸੀ। ਵਿਰਕ ਦੇ ਰਚਨਾਤਮਕ ਅਮਲ ਨੂੰ ਸਮਝਣ ਲਈ 'ਖੱਬਲ' ਕਹਾਣੀ 'ਤੇ ਵਿਸਤਾਰ ਨਾਲ ਵਿਚਾਰ ਕਰਨੀ ਜ਼ਰੂਰੀ ਪ੍ਰਤੀਤ ਹੁੰਦੀ ਹੈ। ਕਿਉਂਕਿ ਇਹ ਕਹਾਣੀ ਉਸ ਦੀ ਸੋਚ ਅਤੇ ਕਲਾ ਦੀ ਪ੍ਰਤੀਕ ਹੈ।

ਕੁਲਵੰਤ ਸਿੰਘ ਵਿਰਕ ਨੇ ਖੱਬਲ ਵਿੱਚ ਜੀਵਨ ਦੀਆਂ ਕੁਝ ਗ਼ੈਰ-ਮਾਮੂਲੀ ਸਥਿਤੀਆਂ ਨੂੰ ਲੈ ਕੇ, ਲੋਕ-ਸੰਸਕਾਰਾਂ ਨਾਲ ਜੁੜੀ ਹੋਈ ਵਿਚਾਰਧਾਰਾ ਦੀ ਉਨ੍ਹਾਂ ਨੂੰ ਚਾਸ਼ਨੀ ਦੇ ਕੇ ਇੱਕ ਬਾਕਮਾਲ ਕਹਾਣੀ ਦੀ ਰਚਨਾ ਕੀਤੀ ਹੈ। ਲੋਕ ਸੰਸਕਾਰਾਂ ਵਿੱਚ ਵਸੀ ਹੋਈ ਜਿਸ ਗੱਲ ਦਾ ਵਿਰਕ ਨੇ ਇਸ ਕਹਾਣੀ ਵਿੱਚ ਵਿਸਤਾਰ ਕੀਤਾ ਹੈ ਅਤੇ ਜਿਹੜੀ ਗੱਲ ਇਸ ਕਹਾਣੀ ਵਿੱਚ ਮਿਥ ਸਿਰਜਣਾ ਦੀ ਚੂਲ ਬਣਦੀ ਹੈ, ਸਭ ਤੋਂ ਪਹਿਲਾਂ ਉਸਨੂੰ ਜਾਣ ਲੈਣਾ ਜ਼ਰੂਰੀ ਬਣਦਾ ਹੈ–'ਆਹ ਵੇਖਾਂ ਖੱਬਲ ਹੁੰਦਾ ਏ ਪੈਲੀ ਵਿੱਚ, ਜਦੋਂ ਵਾਹੀ ਦੀ ਏ, ਕੋਈ ਫ਼ਰਕ ਤੇ ਨਹੀਂ ਨਾ ਕਰੀਦਾ ਉਹਦੇ ਨਾਲ? ਸਾਰਾ ਜੜ੍ਹੋਂ ਪੁੱਟ-ਪੁੱਟ ਕੇ ਪੈਲੀਉਂ ਬਾਹਰ ਸੁੱਟੀਦਾ ਏ, ਪਰ ਦਸਾਂ ਦਿਨਾਂ ਮਗਰੋਂ ਫਿਰ ਕੋਈ ਨਾ ਕੋਈ ਤਿੜ ਫੁੱਟ ਆਉਂਦੀ ਏ, ਤੇ ਮਹੀਨੇ ਮਗਰੋਂ ਇਸ ਤਰ੍ਹਾਂ ਜਾਪਦਾ ਏ ਜਿਵੇਂ ਪੈਲੀ ਕਦੀ ਕਿਸੇ ਵਾਹੀ ਹੀ ਨਹੀਂ ਹੁੰਦੀ।'

ਲੇਖਕ ਨੇ ਖੱਬਲ ਘਾਹ ਦੇ ਇਸ ਸੁਭਾਅ ਨੂੰ ਮਨੁੱਖ ਦੀ ਹੋਣੀ ਨਾਲ ਜੋੜਿਆ ਹੈ, ਪਰ ਉਸ ਨੇ ਇਹ ਕਾਰਜ ਬਹੁਤ ਹੀ ਪ੍ਰਵੀਨ ਕਲਾ ਕੌਂਸ਼ਲਤਾ ਨਾਲ ਕੀਤਾ ਹੈ। ਲੇਖਕ ਦੀ ਇਸ ਕਲਾ ਕੌਸ਼ਲਤਾ ਦੀ ਪ੍ਰਵੀਨਤਾ ਨੂੰ ਸਮਝਣ ਵਾਸਤੇ ਕਹਾਣੀ ਵਿਚਲੀਆਂ ਮਾਨਵੀ ਸਥਿਤੀਆਂ ਵੱਲ ਧਿਆਨ ਦੇਣਾ ਉਚਿੱਤ ਹੋਵੇਗਾ। ਇਸ ਕਹਾਣੀ ਦੀ ਪਹਿਲੀ ਸਥਿਤੀ ਦੇਸ਼ ਦਾ ਬਟਵਾਰਾ ਹੈ। ਦੇਸ਼ ਦਾ ਇਹ ਬਟਵਾਰਾ ਹੀ ਸੁਖੀ ਸਾਂਦੀ ਵਸਦੇ ਲੋਕਾਂ ਦੀ ਹੋਣੀ ਨੂੰ ਭੰਨ-ਤੋੜ ਕੇ ਤ੍ਰਾਸਦੀ ਦੇ ਰੂਪ ਵਿੱਚ ਬਦਲਦਾ ਹੈ। ੧੫ ਅਗਸਤ ੧੯੪੭ ਨੂੰ ਜਦੋਂ ਸਾਡੇ ਦੇਸ਼ ਵਿਚੋਂ ਇੰਗਲੈਂਡ ਦੇ ਹਾਕਮਾਂ ਦਾ ਰਾਜ ਭਾਗ ਖ਼ਤਮ ਹੋ ਗਿਆ ਤਾਂ ਦੇਸ਼ ਦੇ ਲੋਕਾਂ ਨੂੰ ਆਜ਼ਾਦੀ ਤਾਂ ਮਿਲੀ, ਪਰ ਨਾਲ ਹੀ ਦੇਸ਼ ਦੇ ਟੁਕੜੇ ਵੀ ਹੋ ਗਏ। ਬਟਵਾਰੇ ਨੇ ਦੇਸ਼ ਦੇ ਲੋਕਾਂ ਨਾਲ ਜਿਹੜੀ ਹੋਣੀ ਵਰਤਾਈ, ਉਸ ਮਗਰੋਂ ਇਸ ਦੇਸ਼ ਦੇ ਲੋਕ (ਸਮੇਤ ਪਾਕਿਸਤਾਨ ਦੇ) ਉਹ ਨਾ ਰਹੇ ਜਿਹੜੇ ਪਹਿਲਾਂ ਹੁੰਦੇ ਸਨ। ਲੋਕਾਂ ਦੇ ਦਿਲਾਂ ਵਿੱਚ ਇੱਕ ਦੂਸਰੇ ਪ੍ਰਤੀ ਨਫ਼ਰਤ ਭਰ ਗਈ ਸੀ, ਜਿਵੇਂ ਉਹ ਇਨਸਾਨ ਨਹੀਂ, ਵਿਸ਼ ਭਰੇ ਨਾਗ ਬਣ ਗਏ ਹੋਣ। ਅੰਮ੍ਰਿਤਾ ਪ੍ਰੀਤਮ ਨੇ ਆਪਣੀ ਕਵਿਤਾ 'ਅਜ ਆਖਾਂ ਵਾਰਿਸ ਸ਼ਾਹ ਨੂੰ' ਵਿੱਚ ਵੀ ਉਨ੍ਹਾਂ ਵਿਸ਼ ਭਰੇ ਨਾਗਾਂ ਦੇ ਡੰਗ ਦਾ ਅਹਿਸਾਸ ਲੋਕਾਂ ਤੱਕ ਪਹੁੰਚਾਇਆ ਸੀ। ਵਿਰਕ ਵੀ ਆਪਣੀ ਕਹਾਣੀ 'ਖੱਬਲ ਵਿੱਚ ਉਸੇ ਵਿਸ਼ ਭਰੇ ਹਾਲਾਤ ਦਾ ਵਰਣਨ ਕਰਦਾ ਹੈ। ਕਹਾਣੀ ਦਾ ਵਾਤਾਵਰਣ ਪਾਕਿਸਤਾਨ ਬਣ ਚੁੱਕੇ ਦੇਸ਼ ਵਿਚਲੇ ਇੱਕ ਪਿੰਡ ਦਾ ਹਾਲ ਪੇਸ਼ ਕਰਦਾ ਹੈ– 'ਪਾਕਿਸਤਾਨ ਵਿਚ ਹਰ ਸ਼ੈਅ ਉਖੜੀ-ਉਖੜੀ ਸੀ। ਕਈਆਂ ਘਰਾਂ ਵਿੱਚ ਆਪਣੀਆਂ ਖੁਰਲੀਆਂ ਤੋਂ ਉਖੜੇ ਹੋਏ ਡੰਗਰ ਵੀ ਸਨ। ਤਰੱਠੀਆਂ ਹੋਈਆਂ ਅੱਖਾਂ ਨਾਲ ਉਹ ਦੁਵਾਲਿਉਂ ਵੇਖਦੇ ਤੇ ਓਪਰੀਆਂ ਥਾਵਾਂ ਤੇ ਡਰ-ਡਰ ਕੇ ਪੈਰ ਧਰਦੇ। ਇਸ ਉਥਲ-ਪੁਥਲ ਵਿੱਚ ਕੇਵਲ ਧਰਤੀ ਹੀ ਆਪਣੇ ਥਾਂ ਪੱਕੀ ਸੀ ਤੇ ਇਸ ਧਰਤੀ 'ਤੇ ਅਨੇਕ ਉਖੜੇ ਹੋਏ ਸ਼ਰਨਾਰਥੀ ਰਿੜਦੇ ਫਿਰਦੇ।

ਲੇਖਕ ਦੇ ਇਸ ਕਥਨ ਵਿੱਚ ਦੋ ਸਥਿਤੀਆਂ ਦਾ ਵਰਣਨ ਆਉਂਦਾ ਹੈ। ਇੱਕ ਸਥਿਤੀ ਧਰਤੀ ਦੀ ਹੈ, ਜਿਸ ਨੂੰ ਧਰਤੀ ਉੱਪਰ ਵੱਸਣ ਵਾਲੇ ਲੋਕਾਂ ਨੇ ਵੰਡ ਲਿਆ ਹੈ। ਲੋਕਾਂ ਦੇ ਕਥਨ ਅਨੁਸਾਰ ਹੁਣ ਉਹ ਧਰਤੀ ਹਿੰਦੁਸਤਾਨ ਅਤੇ ਪਾਕਿਸਤਾਨ ਹੈ। ਪਰ ਲੇਖਕ ਨੇ ਉਸ ਧਰਤੀ ਨੂੰ ਪੂਰੀ ਤਰ੍ਹਾਂ ਸਥਿਰ ਅਤੇ ਅਡੋਲ ਵਿਖਾਇਆ ਹੈ। ਸਾਡੇ ਖਿਆਲ ਮੁਤਾਬਕ ਲੇਖਕ ਦਾ ਭਾਵ ਇਹ ਹੈ ਕਿ ਧਰਤੀ ਦੀਆਂ ਵੰਡੀਆਂ ਨਹੀਂ ਪੈ ਸਕਦੀਆਂ, ਜਿਸ ਦਾ ਦੂਸਰਾ ਮਤਲਬ ਇਹ ਹੈ ਕਿ ਧਰਤੀ ਉੱਪਰ ਵੱਸਣ ਵਾਲੇ ਲੋਕ ਜਦੋਂ ਇੱਕ ਦੂਸਰੇ ਨਾਲ ਨਫ਼ਰਤ ਕਰਕੇ ਇੱਕ ਦੂਸਰੇ ਦਾ ਖ਼ੂਨ-ਖਰਾਬਾ ਕਰਦੇ ਹਨ ਤਦ ਉਹ ਅਸਲ ਵਿੱਚ ਆਪਣਾ ਹੀ ਨੁਕਸਾਨ ਕਰ ਰਹੇ ਹੁੰਦੇ ਹਨ। ਧਰਤੀ ਨੂੰ ਕੋਈ ਹਾਨੀ ਨਹੀਂ ਪਹੁੰਚਦੀ। ਧਰਤੀ ਸਦਾ ਸਥਿਰ ਰਹਿੰਦੀ ਹੈ। ਇਸ ਗੱਲ ਨੂੰ ਹੋਰ ਵਧੇਰੇ ਸਪੱਸ਼ਟ ਕਰਨ ਵਾਸਤੇ ਲੇਖਕ ਨੇ ਕਹਾਣੀ ਵਿੱਚ ਇੱਕ ਹੋਰ ਥਾਂ ਤੇ ਲਿਖਿਆ ਹੈ– 'ਸ਼ਰਨਾਰਥੀ ਤੇ ਸ਼ਰਨਾਰਥੀ, ਪੁਰਾਣੇ ਲੋਕ ਵੀ ਉਖੜ ਗਏ ਸਨ। ਬਰਾਦਰੀ ਵਾਲਿਆਂ ਦੀਆਂ ਬਰਾਦਰੀਆਂ ਟੁੱਟ ਗਈਆਂ ਸਨ ਤੇ ਯਾਰਾਂ ਦੇ ਯਾਰ।'

ਵਿਰਕ ਨੇ ਆਪਣੀਆਂ ਕਈ ਹੋਰ ਕਹਾਣੀਆਂ ਵਿੱਚ ਦੇਸ਼ ਵੰਡ ਤੋਂ ਬਾਅਦ ਦੇ ਪ੍ਰਭਾਵ ਵੱਲ ਵੀ ਸੰਕੇਤ ਕੀਤੇ ਹਨ। 'ਉਜਾੜ' ਵਿੱਚ ਆਲਾ ਸਿੰਘ ਨੂੰ ਅੰਗਰੇਜ਼ਾਂ ਦੇ ਚਲੇ ਜਾਣ ਦਾ ਅਫ਼ਸੋਸ ਇਸ ਕਰਕੇ ਹੈ, ਕਿਉਂਕਿ ਹੁਣ ਉਹਦਾ ਪਹਿਲਾਂ ਵਾਲਾ ਦਬਦਬਾ ਨਹੀਂ ਰਿਹਾ। 'ਉਲ੍ਹਾਮਾ' ਕਹਾਣੀ ਵਿਚਲਾ ਬਹਾਦਰ ਸਿੰਘ ਨਮਾਜ਼ ਦੇ ਵਕਤ ਕਿਸੇ ਮੁਸਲਮਾਨ ਮੁੰਡੇ ਨੂੰ ਏਧਰ ਉਧਰ ਘੁੰਮਦਿਆਂ ਵੇਖ ਕੇ ਮਸੀਤੇ ਜਾਣ ਲਈ ਕਹਿੰਦਾ ਹੈ। ਫਿਰਕੂ ਨਫ਼ਰਤ ਫੈਲੀ ਹੋਈ ਹੋਣ ਤੇ ਵੀ ਉਹ ਦੂਜੇ ਮਜ਼ਬ ਦਾ ਸਤਿਕਾਰ ਕਰਨਾ ਨਹੀਂ ਭੁੱਲਦਾ। ਸਰਦਾਰ ਕਰਤਾਰ ਸਿੰਘ ਦੁੱਗਲ ਨੇ ਬਟਵਾਰੇ ਮਗਰਲੇ ਹਾਲਾਤ ਬਾਰੇ ਆਪਣੀ ਇੱਕ ਕਹਾਣੀ


Sri Satguru Jagjit Singh Ji eLibrary NamdhariElibrary@gmail.com

'ਤੂੰ ਖਾਹ' ਵਿੱਚ ਵੀ ਬੜੀ ਤ੍ਰਾਸਦਿਕ ਸਥਿਤੀ ਪੇਸ਼ ਕੀਤੀ ਹੈ ਅਤੇ ਸ੍ਰੀ ਰਾਜਿੰਦਰ ਸਿੰਘ ਬੇਦੀ ਨੇ ਤਾਂ 'ਲਾਜਵੰਤੀ' ਨੂੰ ਪੂਰੀ ਤਰ੍ਹਾਂ ਮਿਥ ਬਣਾ ਦਿੱਤਾ ਹੈ। ਕਹਾਣੀ ਵਿਚਲੀ ਲਾਜੋ ਹੀ ਨਹੀਂ, ਸਗੋਂ ਪੂਰੀ ਮਾਨਵਤਾ ਉਸ ਦੀ ਰੂਹ ਦੇ ਦਰਦ ਨੂੰ ਭੋਗਦੀ ਹੈ।

ਮਨੁੱਖ ਵਾਸਤੇ ਇਸ ਤਰ੍ਹਾਂ ਦਾ ਜੀਵਨ ਅਤਿਅੰਤ ਤ੍ਰਾਸਦੀ ਭਰਿਆ ਹੈ। ਕਿਉਂਕਿ ਸੱਚੀ ਗੱਲ ਤਾਂ ਇਹ ਹੈ ਕਿ ਮਨੁੱਖ ਨੇ ਸਦੀਆਂ ਦੀ ਮਿਹਨਤ ਨਾਲ ਸਾਹਿਤ, ਕਲਾ, ਸੰਗੀਤ ਅਤੇ ਚਿੱਤਰਕਾਰੀ ਦਾ ਵਿਕਾਸ ਕੀਤਾ ਹੈ। ਇਸ ਵਿਕਾਸ ਸਦਕਾ ਮਨੁੱਖ ਦੇ ਮਨ ਵਿੱਚ ਸੂਖਮ ਤੇ ਕੋਮਲ ਭਾਵਾਂ ਦਾ ਜਨਮ ਹੋਇਆ ਹੈ। ਉਸ ਦੇ ਇਹ ਸੂਖਮ ਅਤੇ ਕੋਮਲ ਭਾਵ ਉਸ ਨੂੰ ਇੱਕ ਦੂਸਰੇ ਨਾਲ ਸਦਭਾਵਨਾ ਸਹਿਤ ਰਲਮਿਲ ਕੇ ਰਹਿਣ, ਇੱਕ ਦੂਜੇ ਦਾ ਆਦਰ ਮਾਣ ਕਰਨ ਅਤੇ ਇੱਕ ਦੂਜੇ ਨੂੰ ਸਮਝਣ ਦੀ ਪ੍ਰੇਰਨਾ ਦਿੰਦੇ ਹਨ, ਪਰ ਨਫ਼ਰਤ ਦੇ ਪਾਸਾਰ ਦਾ ਮਤਲਬ ਹੈ-ਬਟਵਾਰਾ, ਖ਼ੂਨ ਖਰਾਬਾ, ਮਾਰਧਾੜ ਅਤੇ ਬੇਹੁਰਮਤੀ। ਸਮੁੱਚੇ ਸੰਸਾਰ ਇਤਿਹਾਸ ਵਿੱਚ ਨਫ਼ਰਤ ਕਰਨ ਵਾਲੇ ਲੋਕਾਂ ਦਾ ਇਸੇ ਤਰ੍ਹਾਂ ਦਾ ਹੀ ਹਸ਼ਰ ਹੋਇਆ ਹੈ। ਇੱਕ ਦੂਜੇ ਨਾਲ ਨਫ਼ਰਤ ਕਰਨ ਵਾਲੇ ਲੋਕ ਕਦੀ ਵੀ ਸੁਖੀ ਨਹੀਂ ਰਹੇ। ਸਆਦਤ ਹਸਨ ਮੰਟੋ ਦਾ 'ਟੋਬਾ ਟੇਕ ਸਿੰਘ' ਇਸ ਹਕੀਕਤ ਦੀ ਸ਼ਿੱਦਤ ਨੂੰ ਬਹੁਤ ਹੀ ਜ਼ੋਰਦਾਰ ਸ਼ਬਦਾਂ ਰਾਹੀਂ ਸਾਕਾਰ ਕਰਦਾ ਹੈ।

'ਖੱਬਲ' ਦੀ ਇੱਕ ਹੋਰ ਸਥਿਤੀ ਕਹਾਣੀ ਦੀ ਨਾਇਕਾ ਹੈ। ਉਹ ਇੱਕ ਵੱਡੇ ਪਿੰਡ ਦੇ ਸਰਦਾਰਾਂ ਦੀ ਨੂੰਹ ਸੀ, ਜਿਸ ਨੂੰ ਬਟਵਾਰੇ ਵੇਲੇ ਪਿੰਡ ਦੇ ਕਿਸੇ ਮੁਸਲਮਾਨ ਗੱਭਰੂ ਨੇ ਆਪਣੇ ਘਰ ਪਾ ਲਿਆ। ਉਹ ਬਟਵਾਰੇ ਮਗਰੋਂ ਉਸੇ ਮੁਸਲਮਾਨ ਗੱਭਰੂ ਦੇ ਮਾਮੂਲੀ ਜਿਹੇ ਘਰ ਵਿੱਚ ਰਹਿ ਰਹੀ ਅਤੇ ਆਪਣੀ ਜੂਨ ਭੋਗ ਰਹੀ ਸੀ। ਬਟਵਾਰੇ ਤੇ ਮਾਰਧਾੜ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਔਰਤਾਂ ਨੂੰ ਉਸ ਦਾ ਸ਼ਿਕਾਰ ਹੋਣਾ ਪੈਂਦਾ ਹੈ। ਆਮ ਤੌਰ ਤੇ ਔਰਤਾਂ ਚੰਗੇ ਗੁਣਾਂ ਵਾਲੀਆਂ, ਨੇਕ, ਅਮਨ-ਅਮਾਨ ਨਾਲ ਜੀਉਣ ਵਾਲੀਆਂ ਅਤੇ ਸਰਬੱਤ ਦਾ ਭਲਾ ਚਾਹੁਣ ਵਾਲੀਆਂ ਹੁੰਦੀਆਂ ਹਨ। ਉਹ ਕਦੀ ਵੀ ਮਾਰਧਾੜ ਜਾਂ ਖ਼ੂਨ ਖ਼ਰਾਬਾ ਨਹੀਂ ਚਾਹੁੰਦੀਆਂ। ਜੇ ਉਹ ਇੱਕ ਦੂਸਰੀ ਨਾਲ ਵੀ ਲੜਣ ਤਦ ਵੀ ਉਨ੍ਹਾਂ ਦੀ ਲੜਾਈ ਕੇਵਲ ਜ਼ਬਾਨੀ ਜਮ੍ਹਾਂ ਖਰਚ ਹੀ ਹੁੰਦੀ ਹੈ। ਕਿਸੇ ਵੱਡੇ ਰਾਜਨੀਤਕ ਉੱਥਲ-ਪੁੱਥਲ ਵਿੱਚ ਵੀ ਆਮ ਤੌਰ 'ਤੇ ਸਾਧਾਰਣ ਔਰਤਾਂ ਦੀ ਕੋਈ ਢਾਹੂ ਭੂਮਿਕਾ ਨਹੀਂ ਹੁੰਦੀ। ਪਰ ਫੇਰ ਵੀ ਰਾਜਨੀਤਿਕ ਸਾਜ਼ਿਸ਼ ਦਾ ਸ਼ਿਕਾਰ ਔਰਤ ਹੀ ਹੁੰਦੀ ਹੈ। ਉਸ ਦੀ ਹਰ ਤਰ੍ਹਾਂ ਨਾਲ ਸਰੀਰਕ ਤੇ ਮਾਨਸਿਕ ਬੇਹੁਰਮਤੀ ਕੀਤੀ ਜਾਂਦੀ ਹੈ। ਪਰ ਜੇਕਰ ਫੇਰ ਵੀ ਔਰਤ ਜੀਉਂਦੀ ਰਹਿੰਦੀ ਹੈ ਤਦ ਇਹ ਹਕੀਕਤ ਕਿਸੇ ਚਮਤਕਾਰ ਤੋਂ ਘੱਟ ਨਹੀਂ। 'ਖੱਬਲ' ਵਿਚਲੀ ਔਰਤ ਵੀ ਆਪਣੀ ਸਰੀਰਕ ਤੇ ਮਾਨਸਿਕ ਬੇਹੁਰਮਤੀ ਦੇ ਬਾਵਜੂਦ ਜੀਉਂਦੀ ਰਹੀ ਤੇ ਉਹ ਲਗਾਤਾਰ ਜੀਉਣਾ ਚਾਹੁੰਦੀ ਹੈ। ਔਰਤ ਦੀ ਇਸ ਮਾਨਸਿਕਤਾ ਨੂੰ ਸਮਝਣ ਵਾਸਤੇ ਇਹ ਗੱਲ ਕਾਫ਼ੀ ਹੱਦ ਤੱਕ ਸਾਡੀ ਸਹਾਇਤਾ ਕਰ ਸਕਦੀ ਹੈ ਕਿ ਔਰਤ ਧਰਤੀ ਦੀ ਧੀ ਹੈ ਅਤੇ ਉਸ ਵਿਚ ਸਾਰੇ ਗੁਣ ਧਰਤੀ ਵਾਲੇ ਹਨ। ਜਦੋਂ ਧਰਤੀ ਉਜੜਦੀ ਹੈ ਤਾਂ ਉਸ ਦੀ ਧੀ ਦੀ ਵੀ ਦੁਰਦਸ਼ਾ ਹੁੰਦੀ ਹੈ। ਇਸਤਰੀ ਦੀ ਦੁਰਦਸ਼ਾ ਨਾਲ ਧਰਤੀ ਦਾ ਵੀ ਉਜਾੜਾ ਹੁੰਦਾ ਹੈ। 'ਖੱਬਲ' ਕਹਾਣੀ ਨੇ ਇਸ ਹਕੀਕਤ ਨੂੰ ਬਹੁਤ ਮਾਰਮਿਕ ਰੂਪ ਵਿੱਚ ਸਾਕਾਰ ਕੀਤਾ ਹੈ। 'ਓਪਰੀ ਧਰਤੀ', 'ਮੁਰਦੇ ਦੀ ਤਾਕਤ' ਅਤੇ ਕੁਝ ਹੋਰ ਕਹਾਣੀਆਂ ਵਿੱਚ ਵੀ ਵਿਰਕ ਇਹੋ ਵਿਧੀ ਵਰਤਦਾ ਹੈ। ਇਸ ਪੱਖੋਂ ਉਹ ਪੰਜਾਬੀ ਦੇ ਬਾਕੀ ਸਭਨਾਂ ਕਹਾਣੀ ਲੇਖਕਾਂ ਨਾਲੋਂ ਵੱਖਰਾ ਹੈ। ਉਸ ਦੀ ਹਰ ਕਹਾਣੀ ਦਾ ਇੱਕ ਵੱਖਰਾ ਪੈਟਰਨ ਹੈ ਜੋ ਕਿ ਸਾਧਾਰਣਾਂ ਵਿਚੋਂ ਅਸਾਧਾਰਣਾਂ ਦੇ ਗੁਣ ਪ੍ਰਗਟ ਕਰਦਾ ਹੈ। ਉਹ ਕਹਾਣੀ ਲਿਖਣ ਲੱਗਾ ਭਾਵੁਕ ਨਹੀਂ ਹੁੰਦਾ ਅਤੇ ਬੜੀ ਸਹਿਜਤਾ ਨਾਲ ਕਹਾਣੀ ਕਹਿ ਜਾਂਦਾ ਹੈ ਅਤੇ ਕਹਾਣੀ ਪੜ੍ਹਕੇ ਪਾਠਕ ਅਕਸਰ ਉਦਾਸ ਹੋ ਜਾਂਦਾ ਹੈ। ਉਹ ਬੜੇ ਵੱਡੇ ਜਿਗਰੇ ਨਾਲ ਕਹਾਣੀ ਲਿਖਦਾ ਹੈ ਅਤੇ 'ਖੱਬਲ' ਵਿੱਚ ਵੀ ਉਸ ਦਾ ਇਹ ਚਰਿੱਤਰ ਕਾਇਮ ਹੈ।

'ਖੱਬਲ' ਵਿਚਲੀ ਔਰਤ ਧਰਤੀ ਦੀ ਧੀ ਕਿਵੇਂ ਹੈ? ਇਸ ਭਾਵ ਨੂੰ ਪ੍ਰਗਟ ਕਰਨ ਵਾਲੀਆਂ ਸਾਡੇ ਪੁਰਾਤਨ ਅਤੇ ਆਧੁਨਿਕ ਸਾਹਿਤ ਵਿੱਚ ਬਹੁਤ ਸਾਰੀਆਂ ਕਥਾ ਕਹਾਣੀਆਂ ਪ੍ਰਚਲਿਤ ਹਨ। ਉਨ੍ਹਾਂ ਵਿਚੋਂ ਸਭ ਤੋਂ ਵੱਧ ਪ੍ਰਸਿੱਧ ਕਥਾ ਰਾਜੇ ਜਨਕ ਦੀ ਬੇਟੀ ਸੀਤਾ ਦੀ ਹੈ। ਕਿਹਾ ਜਾਂਦਾ ਹੈ ਕਿ ਜਿਸ ਵੇਲੇ ਰਾਜਾ ਜਨਕ ਆਪਣੇ ਖੇਤਾਂ ਵਿੱਚ ਹਲ ਚਲਾ ਰਿਹਾ ਸੀ ਤਾਂ ਧਰਤੀ ਵਿਚੋਂ ਇੱਕ ਅਜਿਹਾ ਕੁੰਭ ਨਿਕਲਿਆ, ਜਿਸ ਵਿੱਚ ਬਾਲੜੀ ਸੀਤਾ ਬੈਠੀ ਹੋਈ ਸੀ। ਧਰਤੀ ਦੀ ਕੁੱਖ ਵਿਚੋਂ ਉਸ ਦਾ ਜਨਮ ਸਵੀਕਾਰ ਕਰਕੇ ਹੀ ਉਸ ਦਾ ਨਾਂ ਸੀਤਾ ਰੱਖਿਆ ਗਿਆ ਸੀ। ਰਾਜੇ ਜਨਕ ਦੀ ਬੇਟੀ ਹੋਣ ਕਰਕੇ ਉਹ ਜਾਨਕੀ ਵੀ ਅਖਵਾਉਂਦੀ ਸੀ। ਜਿਸ ਵੇਲੇ ਰਾਵਣ ਨੇ ਧਰਤੀ ਦੀ ਇਸ ਧੀ ਸੀਤਾ ਦੀ ਬੇਹੁਰਮਤੀ ਕੀਤੀ ਤਾਂ ਉਸਨੂੰ ਕਾਲ ਦਾ ਗ੍ਰਾਸ ਬਣਨਾ ਪਿਆ ਭਾਵੇਂ ਕਿ ਉਸ ਨੇ ਮੌਤ ਦੇ ਦੇਵਤੇ ਨੂੰ ਪਾਵੇ ਦੀ ਚੂਲ ਵਿੱਚ ਬੰਦ ਕੀਤਾ ਹੋਇਆ ਸੀ। ਸੀਤਾ ਵੀ ਧਰਤੀ ਦੇ ਸੁਭਾਅ ਵਾਂਗ ਧੀਰਜਵਾਨ, ਖਿਮਾ ਭਾਵਨਾ ਵਾਲੀ, ਸਦਭਾਵਨਾ ਨਾਲ ਜੀਉਣ ਵਾਲੀ ਅਤੇ ਰਚਨਾਤਮਕ ਸ਼ਕਤੀ ਨਾਲ ਭਰਪੂਰ ਸੀ। ਅੱਜ ਵੀ ਧਰਤੀ ਦੀ ਹਰੇਕ ਧੀ ਵਿੱਚ ਇਹ ਸਾਰੇ ਗੁਣ ਘੱਟ/ਵੱਧ ਰੂਪ ਵਿੱਚ ਮਿਲ ਜਾਂਦੇ ਹਨ। ਅੱਜ ਵੀ ਤਲਖ਼ ਹਕੀਕਤ ਇਹ ਹੈ ਕਿ ਰਾਵਣ ਵਾਂਗ ਜਦੋਂ ਮਰਦ, ਔਰਤ ਦੀ ਮਾਨਸਿਕ ਜਾਂ ਸਰੀਰਕ ਬੇਹੁਰਮਤੀ ਕਰਦੇ ਹਨ, ਤਾਂ ਤਬਾਹੀ ਹੁੰਦੀ ਹੈ। ਅਗਸਤ ੧੯੪੭ ਦੇ ਬਟਵਾਰੇ ਵੇਲੇ ਵੀ ਮਨੁੱਖ ਨੇ ਧਰਤੀ ਦੀਆਂ ਧੀਆਂ ਨਾਲ ਇਸੇ ਤਰ੍ਹਾਂ ਹੀ ਤਬਾਹੀ ਵਰਤਾਈ ਸੀ।

ਖੱਬਲ ਕਹਾਣੀ ਵਿਚਲੇ ਦ੍ਰਿਸ਼ ਵਿੱਚ ਹਰ ਚੀਜ਼ ਝੁਲਸੀ ਹੋਈ ਹੈ। ਪਿੰਡਾਂ ਦੇ ਪਿੰਡ, ਘਰਾਂ ਦੇ ਘਰ, ਟੱਬਰਾਂ ਦੇ ਟੱਬਰ ਅਤੇ ਇਥੋਂ ਤੱਕ ਕਿ ਦੂਰ-ਦੂਰ ਤੱਕ ਨਜ਼ਰ ਆਉਂਦੀ ਧਰਤੀ ਤੇ ਆਕਾਸ਼ ਵੀ ਸਾਨੂੰ ਝੁਲਸੇ ਹੋਏ ਪ੍ਰਤੀਤ ਹੁੰਦੇ ਹਨ। ਇਸ ਤਰ੍ਹਾਂ ਦੀ ਸੋਗੀ ਦ੍ਰਿਸ਼ਾਵਲੀ ਵਿੱਚ ਵੱਡੇ ਸਰਦਾਰਾਂ ਦੀ ਨੂੰਹ ਜੀਉ ਰਹੀ ਹੈ। ਉਸ ਦੇ ਕੋਲ ਜੇ ਕੋਈ ਜੀਉਣ ਜੋਗੀ ਚੀਜ਼ ਹੈ ਤਾਂ ਉਹ ਉਸ ਦਾ ਦਿਲ ਹੈ। ਉਸ ਕੋਲ ਕੁਝ ਨਹੀਂ ਰਿਹਾ, ਉਸ ਦਾ ਸਭ ਕੁਝ ਤਬਾਹ ਕਰ ਦਿੱਤਾ ਗਿਆ ਹੈ, ਪਰ ਹਾਲੇ ਤੱਕ ਉਸ ਦੇ ਸਰੀਰ ਅੰਦਰ ਧੜਕਦੇ ਦਿਲ ਨੂੰ, ਉਸ ਦੀਆਂ ਸੋਚਾਂ ਨੂੰ, ਉਸਦੇ ਅਹਿਸਾਸਾਂ ਨੂੰ ਅਤੇ ਉਸ ਅੰਦਰਲੀ ਜੀਉਂਦੇ ਰਹਿਣ ਦੀ ਤਮੰਨਾ ਨੂੰ ਕੋਈ ਨਹੀਂ ਮਾਰ ਸਕਿਆ। ਰਾਵਣ ਦੀ ਕੈਦ ਅੰਦਰ ਪਈ ਸੀਤਾ ਜਿਸ ਮਾਨਸਿਕ ਸ਼ਕਤੀ ਨਾਲ ਜੀਉਂਦੀ ਰਹੀ ਸੀ, ਉਸੇ ਸ਼ਕਤੀ ਦਾ ਕੁਝ ਹਿੱਸਾ ਸਰਦਾਰਾਂ ਦੀ ਉਸ ਨੂੰਹ ਦੇ ਹਿੱਸੇ 'ਚ ਵੀ ਆਇਆ ਹੋਇਆ ਸੀ। ਕਹਾਣੀ ਵਿਚਲਾ ਸੱਚ ਬਿਆਨ ਕਰਨ ਵਾਲਾ ਲੇਖਕ ਅਤੇ ਸਿੱਖ ਫ਼ੌਜੀ ਅਫਸਰ, ਜਿਹੜਾ ਉਧਾਲੀਆਂ ਹੋਈਆਂ ਔਰਤਾਂ ਨੂੰ ਬਰਾਮਦ ਕਰਦਾ ਸੀ, ਉਹ ਵੀ ਉਸ ਔਰਤ ਦੀ ਜੀਉਂਦੇ ਰਹਿਣ ਦੀ ਪ੍ਰਬਲ ਸ਼ਕਤੀ ਨੂੰ ਵੇਖ ਕੇ ਹੈਰਾਨ ਹੁੰਦਾ ਹੈ। ਉਸ ਵੇਲੇ ਉਹਨੂੰ ਫੇਰ ਖੱਬਲ ਘਾਹ ਦਾ ਚੇਤਾ ਆਉਂਦਾ ਹੈ। ਖੱਬਲ ਘਾਹ ਨੂੰ ਲੋਕ ਮਾਮੂਲੀ ਜਿਹੀ ਚੀਜ਼ ਸਮਝਦੇ ਹਨ। ਉਸਨੂੰ ਕੋਈ ਨਹੀਂ ਗੌਲਦਾ ਅਤੇ ਹਰ ਕੋਈ ਉਸਨੂੰ ਲਿਤਾੜਕੇ ਲੰਘਦਾ ਹੈ। ਸਾਡੇ ਇਸ ਮਹਾਨ ਦੇਸ਼ ਵਿੱਚ ਖੱਬਲ ਨੂੰ ਇੱਕ ਆਮ ਆਦਮੀ ਦਾ ਪ੍ਰਤੀਕ ਵੀ ਮਿਥਿਆ ਜਾ ਸਕਦਾ ਹੈ। ਇਸ ਦੇਸ਼ ਵਿੱਚ ਵੱਡੇ ਲੋਕਾਂ ਅਤੇ ਆਮ ਲੋਕਾਂ ਦੇ ਦੋ ਹੀ ਵਰਗ ਹਨ। ਦੇਸ਼ ਦੇ ਆਮ ਲੋਕ ਭਾਵੇਂ ਸਰੀਰਕ ਤੇ ਆਰਥਿਕ ਰੂਪ ਵਿੱਚ ਕਿੰਨੇ ਵੀ ਸੱਤਿਆਹੀਨ ਕਿਉਂ ਨਾ ਹੋਣ, ਉਹ ਖੱਬਲ ਘਾਹ ਵਾਂਗ ਧਰਤੀ ਦੀ ਹਿੱਕ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ ਅਤੇ ਦਿਨੋਂ-ਦਿਨ ਖੱਬਲ ਘਾਹ ਵਾਂਗ ਹੀ ਵਧਦੇ ਤੇ ਫੈਲਦੇ ਜਾ ਰਹੇ ਹਨ। ਉਨ੍ਹਾਂ ਦੀ ਸ਼ਕਤੀ ਅਥਾਹ ਹੈ। ਉਨ੍ਹਾਂ ਨੂੰ ਕੋਈ ਵੀ ਤਾਨਾਸ਼ਾਹੀ ਰਾਜਸੱਤਾ ਲਿਤਾੜਕੇ ਖਤਮ ਨਹੀਂ ਕਰ ਸਕਦੀ। ਕੁਝ ਇਸੇ ਤਰ੍ਹਾਂ ਦੀ ਭਾਵਨਾ ਹੀ 'ਖੱਬਲ' ਵਿਚਲੀ ਸਰਦਾਰਾਂ ਦੀ ਨੂੰਹ ਦੇ ਦਿਲ ਵਿੱਚ ਛਟਪਟਾ ਰਹੀ ਹੈ। ਪਰ ਲੇਖਕ ਨੇ ਕਹਾਣੀ ਵਿੱਚ ਜੋ ਕੁਝ ਵੀ ਕਿਹਾ ਹੈ, ਬੜੇ ਸੰਕੇਤਕ ਢੰਗ ਨਾਲ ਕਿਹਾ ਹੈ। ਕਿਉਂਕਿ ਕਹਾਣੀ ਲੇਖਕ ਦੀ ਕਲਾ ਦੀ ਸਫਲਤਾ ਇਸੇ ਵਿੱਚ ਹੀ ਹੁੰਦੀ ਹੈ ਕਿ ਉਹ ਇਕਹਿਰੀ ਘਟਨਾ ਵਿੱਚ ਘੱਟ ਤੋਂ ਘੱਟ ਪਾਤਰਾਂ ਨੂੰ ਲਿਆ ਕੇ ਮਨ-ਇੱਛਿਤ ਪ੍ਰਭਾਵ ਪੈਦਾ ਕਰ ਸਕੇ। ਵਿਸਤਾਰ ਕਹਾਣੀ ਦੀ ਕਲਾ ਵਿੱਚ ਰਾਸ ਨਹੀਂ ਆਉਂਦਾ। ਵਿਸਤਾਰ ਨਾਲ ਕਈ ਵਾਰ ਕਹਾਣੀ ਦਾ ਮੂਲ ਪ੍ਰਭਾਵ ਬੱਝਵਾਂ ਨਹੀਂ ਪੈਂਦਾ ਅਤੇ ਤਿੜਕ ਜਾਂਦਾ ਹੈ। ਜਿਸ ਕਰਕੇ ਵਿਸਤਾਰ ਗੁਣ ਨਹੀਂ, ਸਗੋਂ ਦੋਸ਼ ਹੋ ਨਿਬੜਦਾ ਹੈ। ਕਹਾਣੀ ਦੇ ਲੇਖਕ ਨੇ ਹਰ ਹਾਲਤ ਵਿੱਚ ਇਸ ਦੋਸ਼ ਤੋਂ ਬਚਣਾ ਹੁੰਦਾ ਹੈ। ਕੁਲਵੰਤ ਸਿੰਘ ਵਿਰਕ ਤਾਂ ਵੈਸੇ ਵੀ ਅਤਿਅੰਤ ਸੰਖੇਪ ਕਹਾਣੀਆਂ ਲਿਖਣ ਵਾਲਾ ਲੇਖਕ ਹੈ। ਕੇਵਲ ਇਹੋ ਹੀ ਨਹੀਂ, ਉਹ ਤਾਂ ਕਹਾਣੀ ਕਹਿਣ ਲੱਗਾ ਆਪਣੀ ਗੱਲ ਨੂੰ ਬੜੀ ਸਹਿਜਤਾ ਨਾਲ ਕਹਿੰਦਾ ਹੈ। ਉਹ ਬਹੁਤੇ ਸ਼ਬਦਾਂ ਦੀ ਵਰਤੋਂ ਨਹੀਂ ਕਰਦਾ, ਬੇਲੋੜੇ ਵਿਸਤਾਰ ਵਿੱਚ ਵੀ ਨਹੀਂ ਉਲਝਦਾ, ਪਰ ਫੇਰ ਵੀ ਮਨ ਇਛਿੱਤ ਪ੍ਰਭਾਵ ਪੈਦਾ ਕਰ ਲੈਂਦਾ ਹੈ। ਇਸ ਸੰਬੰਧ ਵਿੱਚ 'ਦੁੱਧ ਦਾ ਛੱਪੜ', 'ਕਸ਼ਟ ਨਿਵਾਰਨ', 'ਤੂੜੀ ਦੀ ਪੰਡ', 'ਕੁੱਤਾ ਤੇ ਹੱਡੀ', 'ਉਠ' ਤੇ 'ਮੱਛਰ' ਆਦਿ ਕਹਾਣੀਆਂ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਕਹੇ ਨਾਲੋਂ ਅਣਕਹਿਆ ਵਧੇਰੇ ਹੈ। ਲੇਖਕ ਦਾ ਵਿਸ਼ਵਾਸ ਹੈ ਕਿ ਪਰੰਪਰਾਵਾਦੀ ਸਮਾਜਕ ਢਾਂਚੇ ਨੇ ਨਵੇਂ ਆਰਥਿਕ ਹਾਲਾਤ ਵਿੱਚ ਤੂੜੀ ਦੀ ਪੰਡ ਵਾਂਗ ਖਿਲਰਨਾ ਹੈ ਜਦੋਂ ਕਿ ਮਨੁੱਖੀ ਜੀਵਨ ਨੇ ਹਰ ਹਾਲਤ ਵਿੱਚ ਖੱਬਲ ਵਾਂਗ ਜੜ੍ਹਾਂ ਗੱਡੀ ਰੱਖਣੀਆਂ ਹਨ। ਸਦੀਵੀ ਸੱਚ ਇਹੋ ਹੀ ਹੈ।

'ਖੱਬਲ' ਕਹਾਣੀ ਦੀ ਮੂਲ ਸੁਰ ਆਪਣੇ ਸਿਖਰ 'ਤੇ ਉਸ ਵੇਲੇ ਪੁੱਜਦੀ ਹੈ ਜਦੋਂ ਮੁਸਲਮਾਨ ਬਣੀ ਸਰਦਾਰਾਂ ਦੀ ਨੂੰਹ ਉਧਾਲੀਆਂ ਹੋਈਆਂ ਜ਼ਨਾਨੀਆਂ ਬਰਾਮਦ ਕਰਨ ਵਾਲੇ ਸਿੱਖ ਫੌਜੀ ਸਰਦਾਰ ਨੂੰ ਕਹਿੰਦੀ ਹੈ- 'ਏਸ ਵੇਲੇ ਏਸ ਦੁਨੀਆਂ ਵਿੱਚ ਮੇਰਾ ਕੋਈ ਨਹੀਓਂ। ਮੈਂ ਬੜੀ ਔਖੀ ਆਂ, ਤੂੰ ਮੇਰੀ ਬਾਂਹ ਫੜ। ਮੇਰੀ ਇੱਕ ਨਨਾਣ ਏ ਨਿੱਕੀ। ਰੁੜ੍ਹ ਗਏ ਯਾਰਾਂ ਚੱਕ ਵਾਲੇ ਲੈ ਗਏ ਹੋਏ ਨੀ। ਉਸ ਦਿਨ ਹਮਲੇ ਵਿੱਚ ਸਭ ਤੋਂ ਵੱਡੀ ਧਾੜ ਉਨ੍ਹਾਂ ਦੀ ਹੀ ਸੀ ਤੇ ਉਹ ਹੀ ਉਸ ਨੂੰ ਲੈ ਗਏ ਸੀ। ਤੇਰੀ ਐਸ ਵੇਲੇ ਮੈਨੂੰ ਬੜੀ ਚੌਧਰ ਜਾਪਦੀ ਏ। ਤੂੰ ਉਹਨੂੰ ਇਥੇ ਮੇਰੇ ਕੋਲ ਲਿਆ ਦੇ। ਸਾਰ ਤੇਰਾ ਲਿਹਾਜ਼ ਕਰਦੇ ਨੇ। ਪੁਲਸ ਵਾਲੇ ਵੀ ਤੇਰੀ ਮੰਨਦੇ ਨੇ। ਮੇਰੇ ਵੱਲੋਂ ਵੀ ਉਨ੍ਹਾਂ ਨੂੰ ਤਰਲਾ ਕਰੀਂ। ਮੈਂ ਉਹਦੀ ਵੱਡੀ ਭਰਜਾਈ ਆਂ। ਮੈਂ ਉਹਨੂੰ ਹੱਥੀਂ ਪਾਲਿਆ ਏ, ਮਾਂ ਬਰੋਬਰ ਆਂ। ਉਹ ਮੇਰੇ ਕੋਲ ਆਵੇਗੀ। ਮੈਂ ਆਪਣੇ ਹੱਥੀਂ ਉਹਨੂੰ ਕਿਸੇ ਦੇ ਲੜ ਲਾਂਗੀ। ਮੇਰੀ ਸਾਂਝ ਵਧੇਗੀ, ਮੇਰੀਆਂ ਬਾਹੀਂ ਬਣਨਗੀਆਂ। ਮੈਂ ਕਿਸੇ ਨੂੰ ਆਪਣਾ ਆਖਣ ਵਾਲੀ ਬਣਾਂਗੀ।'

ਸਰਦਾਰਾਂ ਦੀ ਉਸ ਬੇਸਹਾਰਾ, ਟੁੱਟ ਚੁੱਕੀ ਅਤੇ ਬਟਵਾਰੇ ਦੇ ਵਿਨਾਸ਼ਕ ਅਸਰ ਕਾਰਣ ਤਬਾਹ ਹੋ ਚੁੱਕੀ ਨੂੰਹ ਦੀ ਇਹ ਪੁਕਾਰ ਕਹਾਣੀ ਦੇ ਅੰਤ ਵਿੱਚ ਇੱਕ ਤਰ੍ਹਾਂ ਨਾਲ ਧਰਤੀ ਦੀ ਪੁਕਾਰ ਬਣਕੇ ਉਭਰਦੀ ਹੈ। ਉਹ ਧਰਤੀ ਜਿਹੜੀ ਉਸ ਉੱਪਰ ਵੱਸਣ ਵਾਲੇ ਲੋਕਾਂ ਦੀਆਂ ਬੇਹੂਦਗੀਆਂ ਕਾਰਨ ਲਤਾੜੇ ਜਾਣ ਤੇ ਵੀ ਵੰਡੀ ਨਹੀਂ ਜਾਂਦੀ, ਤਬਾਹ ਨਹੀਂ ਹੁੰਦੀ ਅਤੇ ਨਾ ਹੀ ਬੰਜਰ ਬਣਦੀ ਹੈ। ਉਸ ਦੀ ਸਿਰਜਣਾਤਮਕ ਸ਼ਕਤੀ ਹਰ ਹਾਲਤ ਵਿੱਚ ਕਾਇਮ ਰਹਿੰਦੀ ਹੈ। ਜਿਹੜੇ ਲੋਕ ਪ੍ਰਿਥਵੀ ਦੇ ਭੂਗੋਲ ਨੂੰ ਸਮਝਦੇ ਹਨ, ਉਹ ਇਸ ਗੱਲ ਨੂੰ


Sri Satguru Jagjit Singh Ji eLibrary NamdhariElibrary@gmail.com

ਪੂਰੀ ਤਰ੍ਹਾਂ ਮੰਨਦੇ ਹਨ ਕਿ ਕੇਵਲ ਸਮੁੰਦਰਾ ਨਾਲ ਹੀ ਧਰਤੀ ਵੰਡੀ ਹੋਈ ਨਜ਼ਰ ਆਉਂਦੀ ਹੈ। ਪ੍ਰਿਥਵੀ ਦਰਅਸਲ ਇਕੋ ਹੀ ਹੈ। ਸਾਡੀ ਇਸ ਵਸੋਂ ਵਾਲੀ ਪ੍ਰਿਥਵੀ ਦੇ ਕੇਵਲ ਵਾਤਾਵਰਣ ਤੇ ਮੌਸਮਾਂ ਅਨੁਸਾਰ ਹੀ ਲੋਕਾਂ ਨੇ ਭੂਖੰਡ ਬਣਾਏ ਹੋਏ ਹਨ। ਉਸ ਤੋਂ ਅੱਗੇ ਦੇਸ਼ਾਂ ਦੇ ਲੋਕਾਂ ਨੇ ਆਪਣੀ ਅਤੇ ਆਪਣੇ ਦੇਸ਼ ਦੀ ਵੱਖਰੀ ਪਛਾਣ ਬਣਾਨ ਖਾਤਿਰ ਅਲੱਗ-ਅਲੱਗ ਨਾਂ ਰੱਖੇ ਹੋਏ ਹਨ। ਇੱਕ ਵਿਸ਼ਾਲ ਦੇਸ਼ ਹਿੰਦੁਸਤਾਨ ਦਾ ਬਟਵਾਰਾ ਹੋਣ ਮਗਰੋਂ ਧਰਤੀ ਵਿਚਕਾਰ ਕੋਈ ਪਾੜਾ ਨਹੀਂ ਪਿਆ। ਹਿੰਦੁਸਤਾਨ ਅਤੇ ਪਾਕਿਸਤਾਨ ਬਣਨ ਵਾਲੇ ਦੇਸ਼ਾਂ ਦਾ ਮੌਸਮ ਅਤੇ ਭੂਗੋਲਿਕ ਵਾਤਾਵਰਣ ਇੱਕ ਦੂਜੇ ਨਾਲੋਂ ਵੱਖਰਾ ਨਹੀਂ ਹੋਇਆ। ਬੋਲੀ ਵੀ ਨਹੀਂ ਬਦਲੀ। ਸੀਮਾ ਰੇਖਾ ਦੇ ਦੋਵੇਂ ਪਾਸੇ ਅੱਜ ਵੀ ਲੋਕ ਉਹੋ ਜਿਹੇ ਹੀ ਹਨ, ਜਿਸ ਤਰ੍ਹਾਂ ਦੇ ਅਗਸਤ ੧੯੪੭ ਦੇ ਬਟਵਾਰੇ ਤੋਂ ਪਹਿਲਾਂ ਸਨ। ਕੁਝ ਚਿਰ ਲਈ ਦਿਲਾਂ ਦੀਆਂ ਧੁਰ ਅੰਦਰਲੀਆਂ ਪਰਤਾਂ ਵਿੱਚ ਨਫ਼ਰਤ ਦਾ ਇੱਕ ਤੂਫ਼ਾਨ ਮੱਚਿਆ ਸੀ। ਉਸ ਤੂਫ਼ਾਨ ਨੇ ਬੇਸ਼ੁਮਾਰ ਤਬਾਹੀ ਕੀਤੀ। ਤੂਫ਼ਾਨ ਸ਼ਾਂਤ ਹੋ ਗਿਆ ਤਾਂ ਫੇਰ ਲੋਕਾਂ ਵਿੱਚ ਸਦਭਾਵਨਾ ਪੈਦਾ ਹੋਣ ਲੱਗ ਪਈ ਜਾਂ ਘੱਟੋ-ਘੱਟ ਦੋਵਾਂ ਪਾਸਿਆਂ ਦੇ ਲੋਕਾਂ ਨੇ ਇਹ ਮਹਿਸੂਸ ਕਰਨਾ ਜ਼ਰੂਰ ਸ਼ੁਰੂ ਕਰ ਦਿਤਾ ਕਿ ੧੯੪੭ ਵਿੱਚ ਉਨ੍ਹਾਂ ਨੇ ਜਿਹੜੀ ਇਕ ਦੂਜੇ ਨਾਲ ਨਫ਼ਰਤ ਕੀਤੀ ਸੀ, ਉਹ ਦੋਵਾਂ ਦੇਸ਼ਾਂ ਲਈ ਹੀ ਨਹੀਂ, ਸਗੋਂ ਪੂਰੀ ਮਾਨਵਤਾ ਲਈ ਘਾਤਕ ਸਿੱਧ ਹੋਈ ਹੈ। 'ਟੋਬਾ ਟੇਕ ਸਿੰਘ' (ਸਆਦਤ ਹਸਨ ਮੰਟੋ), 'ਸਰਦਾਰ ਜੀ' (ਖਵਾਜਾ ਅਹਿਮਦ ਅੱਬਾਸ), 'ਲਾਜਵੰਤੀ' (ਰਜਿੰਦਰ ਸਿੰਘ ਬੇਦੀ), 'ਪੇਸ਼ਾਵਰ ਐਕਸਪ੍ਰੈਸ' (ਕ੍ਰਿਸ਼ਨ ਚੰਦਰ), 'ਤੂੰ ਖਾਹ' (ਕਰਤਾਰ ਸਿੰਘ ਦੁੱਗਲ) ਆਦਿ ਕਹਾਣੀਆਂ ਦਾ ਮੂਲ ਆਧਾਰ ਇਹੋ ਹੀ ਭਾਵਨਾ ਹੈ। ਸਾਡੇ ਲੇਖਕ ਸੂਰਮੇ ਤੇ ਜੂਝਦੇ ਚਰਿੱਤਰ ਵਾਲੇ ਪਾਤਰ ਪੇਸ਼ ਕਰਕੇ ਮਨੁੱਖ ਨੂੰ ਤਕੜੇ ਹੋਣ ਲਈ ਪ੍ਰੇਰਣਾ ਦਿੰਦੇ ਹਨ।

'ਖੱਬਲ' ਵਿਚਲੀ ਸਰਦਾਰਾਂ ਦੀ ਨੂੰਹ ਵੀ ਤਨ, ਮਨ ਤੇ ਜ਼ਿਆਦਤੀਆਂ ਸਹਿਣ ਦੇ ਬਾਵਜੂਦ ਤਬਾਹ ਨਹੀਂ ਸੀ ਹੋਈ। ਮੈਨੂੰ ਕਈ ਵਾਰ ਲੱਗਾ ਹੈ ਕਿ ਉਹ ਲਤਾੜੀ ਹੋਈ ਔਰਤ ਵੀ ਧਰਤੀ ਹੇਠਲੇ ਬੌਲਦ ਵਰਗੀ ਹੀ ਸ਼ਕਤੀਸ਼ਾਲੀ ਸੀ। ਅਜਿਹੀਆਂ ਔਰਤਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦੀ ਪ੍ਰਾਪਤ ਕਰ ਸਕੇ ਸਾਂ। ਉਸ ਔਰਤ ਵਿੱਚ ਧਰਤੀ ਹੇਠਲੇ ਬੌਲਦ ਜਿਹਾ ਹੀ ਬੱਲ ਸੀ ਤਦੇ ਹੀ ਉਹ ਆਪਣੇ ਉਜਾੜੇ ਦੇ ਤੁਰੰਤ ਮਗਰੋਂ ਜੀਵਨ ਦੀਆਂ ਨਵੀਆਂ ਸਾਂਝਾਂ ਵਧਾਉਣ ਬਾਰੇ ਸੋਚਣ ਲੱਗ ਪਈ ਸੀ। ਉਸਨੂੰ ਪਤਾ ਸੀ ਕਿ ਜ਼ਿੰਦਗੀ ਵਿੱਚ ਕਦੀ ਨਾ ਕਦੀ ਇਹ ਦਿਨ ਅਵੱਸ਼ ਆਉਣਾ ਸੀ। ਅੱਜ ਜੇਕਰ ਵਿਰਕ ਦੀ ਕਹਾਣੀ ਖੱਬਲ ਵਿਚਲੀ ਉਹ ਨਾਇਕਾ ਪਾਕਿਸਤਾਨ ਦੇ ਕਿਸੇ ਪਿੰਡ ਵਿੱਚ ਜੀਊਂਦੀ ਹੋਵੇ ਤਦ ਉਹ ਇਹ ਅਵੱਸ਼ ਸੋਚ ਰਹੀ ਹੋਵੇਗੀ ਕਿ ਜੀਵਨ ਦੀਆਂ ਨਵੀਆਂ ਸਾਂਝਾਂ ਵਧਾਉਣ ਦਾ ਜਿਹੜਾ ਕਾਰਜ ਆਪਣੇ ਉਜਾੜੇ ਦੇ ਤੁਰੰਤ ਮਗਰੋਂ ਉਹਨੇ ਸ਼ੁਰੂ ਕਰ ਦਿੱਤਾ ਸੀ, ਹਿੰਦੁਸਤਾਨ ਤੇ ਪਾਕਿਸਤਾਨ ਦੇ ਲੋਕ ਅੱਜ ਉਹੋ ਕਾਰਜ ਕਰ ਰਹੇ ਹਨ। ਰੱਬ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਸਫ਼ਲਤਾ ਬਖ਼ਸ਼ੇ। ਇਸ ਸੰਬੰਧ ਵਿੱਚ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਲੇਖਕਾਂ ਦੁਆਰਾ ਲਿਖਿਆ ਹੋਇਆ ਉਹ ਸਾਰਾ ਹੀ ਸਾਹਿਤ ਵੇਖਿਆ/ਘੋਖਿਆ ਜਾ ਸਕਦਾ ਹੈ ਜਿਹੜਾ ਉਨ੍ਹਾਂ ਨੇ ਪਿਛਲੇ ਚਾਲੀ ਵਰ੍ਹਿਆਂ ਵਿੱਚ ਲਿਖਿਆ ਹੈ। ਵਿਰਕ ਦਾ ਅਜਿਹਾ ਮਰਮ ਸਪਰਸ਼ੀ ਕਹਾਣੀ ਸਾਹਿਤ ਵੀ ਉਸ ਦੀ ਅਤਿ ਉੱਤਮ ਪ੍ਰਾਪਤੀ ਦਾ ਲਖਾਇਕ ਹੈ। ਉਸ ਨੇ ਆਪਣੇ ਅੰਤਲੇ ਵਰ੍ਹਿਆਂ ਤੱਕ ਜੀਵਨ ਦੇ ਅਨੇਕ ਪਹਿਲੂਆਂ ਨੂੰ ਲੈ ਕੇ ਕਹਾਣੀਆਂ ਲਿਖੀਆਂ ਸਨ- ਜਿਨ੍ਹਾਂ ਵਿੱਚ 'ਸਾਂਝਾ', 'ਨਵੇਂ ਲੋਕ', 'ਨਮਸਕਾਰ', 'ਦੇ ਲੰਮੀ ਨਦਰਿ ਨਿਹਾਲੀਏ', 'ਦੁੱਧ ਦਾ ਛੱਪੜ' ਆਦਿ ਸ਼ਾਮਿਲ ਹਨ। ਪਰ ਉਸ ਦੀਆਂ ਬਹੁਤੀਆਂ ਯਾਦਗਾਰੀ ਕਹਾਣੀਆਂ ਵਿੱਚ ਜੰਗ ਨਾਲ ਸੰਬੰਧਤ 'ਧਰਤੀ ਹੇਠਲਾ ਬੌਲਦ' ਅਤੇ ਦੇਸ਼ ਦੇ ਬਟਵਾਰੇ ਵੇਲੇ ਦੀਆਂ 'ਖੱਬਲ' ਵਰਗੀਆਂ ਕਹਾਣੀਆਂ ਬਹੁਤ ਹੀ ਪ੍ਰਮੁੱਖ ਹਨ। ਇਨ੍ਹਾਂ ਵਿੱਚ ਉਹਨੇ ਮਿੱਥ ਸਿਰਜਣਾ ਦਾ ਕੰਮ ਕੀਤਾ ਹੈ।

ਲੇਖਕ ਅਤੇ ਕਲਾਕਾਰ ਵੀ ਰੱਬ ਦੇ ਬਹੁਤ ਨੇੜੇ ਹੁੰਦੇ ਹਨ, ਇਸ ਲਈ ਉਨ੍ਹਾਂ ਵਿੱਚ ਭਵਿੱਖ ਦ੍ਰਿਸ਼ਟਾ ਦਾ ਥੋੜ੍ਹਾ-ਬਹੁਤ ਗੁਣ ਆ ਜਾਂਦਾ ਹੈ। ਕੁਕਨੂਸ ਪੰਛੀ ਜਿਹੜਾ ਦੀਪਕ ਰਾਗ ਗਾ ਕੇ ਭਸਮ ਹੁੰਦਾ ਹੈ, ਉਹ ਇਸ ਆਸ ਦਾ ਪ੍ਰਤੀਕ ਬਣਦਾ ਹੈ ਕਿ ਵਰਖਾ ਰੁੱਤ ਦੀਆਂ ਪਹਿਲੀਆਂ ਕਣੀਆਂ ਨਾਲ ਹੀ ਉਸੇ ਵਿਭੂਤ ਵਿਚੋਂ ਇੱਕ ਨਵੇਂ ਕੁਕਨੂਸ ਦਾ ਜਨਮ ਹੋਵੇਗਾ। ਜ਼ਿੰਦਗੀ ਕਦੀ ਨਹੀਂ ਮਰਦੀ, ਕਿਉਂਕਿ ਇਹ ਸਾਧਾਰਣਾਂ ਵਿੱਚ ਸਮਾਈ ਹੋਈ ਹੈ। ਜੇਕਰ ਉਸ ਦੀ ਜੋਤ ਫੁੱਲਾਂ ਵਿੱਚ ਮੁਸਕਰਾਹਟ ਪੈਦਾ ਕਰਕੇ ਜਗਮਗਾਉਂਦੀ ਹੈ ਤਦ ਉਹ ਪੈਰਾਂ ਥੱਲੇ ਲਿਤਾੜੇ ਜਾਣ ਵਾਲੇ ਖੱਬਲ ਵਿੱਚ ਵੀ ਵਿਦਮਾਨ ਹੈ। ਖੱਬਲ ਜ਼ਿੰਦਗੀ ਦੀ ਅਤਿ ਸਾਧਾਰਣਤਾ ਦਾ ਪ੍ਰਤੀਕ ਹੈ। ਵਿਰਕ ਨੇ ਖੱਬਲ ਨੂੰ ਲੋਕ ਜੀਵਨ ਦੀ ਸਾਂਝ ਵਧਾਉਣ ਵਾਲੀ ਹਰ ਹਾਲਤ ਵਿੱਚ ਵਧਣ ਫੁੱਲਣ ਵਾਲੀ ਪ੍ਰਵਿਰਤੀ ਦੀ ਇੱਕ ਸ਼ਕਤੀਸ਼ਾਲੀ ਮਿੱਥ ਬਣਾ ਦਿੱਤਾ ਹੈ। ਕੁਲਵੰਤ ਸਿੰਘ ਵਿਰਕ ਦੀਆਂ ਬਹੁਤੀਆਂ ਕਹਾਣੀਆਂ ਵਿੱਚ ਇਹੋ ਹੀ ਪ੍ਰਵਿਰਤੀ ਸਾਨੂੰ ਦ੍ਰਿਸ਼ਟੀਗੋਚਰ ਹੁੰਦੀ ਹੈ।

96-ਗੋਲਡਨ ਐਵਿਨੀਊ
ਜਲੰਧਰ-144022



Sri Satguru Jagjit Singh Ji eLibrary NamdhariElibrary@gmail.com

# ਪੱਛਮੀ ਪੰਜਾਬ ਵਿੱਚ ਕੁਝ ਦਿਨ

(ਕਿਸ਼ਤ ੪)

—ਸੁਵਰਨ ਸਿੰਘ ਵਿਰਕ

## ਚਲਦਾ ਪਰਸੰਗ ਗੁਰਦੁਆਰਾ ਪੰਜਾ ਸਾਹਿਬ

ਆਰਥਿਕ ਤੌਰ ਤੇ ਸਿੰਧ ਪਿਸ਼ਾਵਰ ਤੇ ਕਾਬਲ ਦੇ ਸਿੱਖ ਐਨੇ ਜ਼ਿਆਦਾ ਸੰਪਨ ਨਹੀਂ ਹਨ। ਇਸ ਲਈ ਉਹਨਾਂ ਵਿਚੋਂ ਕਾਫ਼ੀ ਜਣੇ ਚਾਹ-ਪਕੌੜਿਆਂ ਦੇ ਛੋਟੇ-ਛੋਟੇ ਸਟਾਲ ਲਾ ਲੈਂਦੇ ਹਨ। ਇੱਕ ਸਟੋਵ ਕੇਤਲੀ ਕੁਝ ਕੱਪ ਤੇ ਚਾਹ ਪਤੀ, ਮਿੱਠਾ ਤੇ ਸਾਰਾ ਦਿਨ ਅਤੇ ਦੇਰ ਰਾਤ ਤੱਕ ਕੁਝ ਨਾ ਕੁਝ ਵਟਕ ਕਰ ਲੈਂਦੇ ਹਨ। ਕੁਝ ਹੋਰ ਬਿੰਦੀਆਂ, ਕੜਿਆਂ, ਨਿੱਤਨੇਮ ਦੇ ਗੁਟਕਿਆਂ ਤੇ ਗੁਰਬਾਣੀ ਦੀਆਂ ਕੈਸਿਟਾਂ ਦੇ ਸਟਾਲ ਲਾ ਲੈਂਦੇ ਹਨ। ਦੁਨੀਆਂ ਦੀ ਕਿਸੇ ਗੁੱਠ ਵਿੱਚ ਵੀ ਕੋਈ ਬੇਵਤਨਾ ਤੇ ਉਜੜਿਆ ਖੁੜਿਆ ਨਾ ਹੋਵੇ। ਉਹ ਸਿੱਖ ਸਰੂਪ ਨੂੰ ਹੁਣ ਏਧਰ ਮਹਿਫੂਜ਼ ਨਹੀਂ ਸਮਝਦੇ। ਇਹ ਵੱਖਰੀ ਗੱਲ ਹੈ ਕਿ ਕਈ ਸਿੱਖ ਯੁਵਕ ਕੇਸਾਧਾਰੀ ਅਤੇ ਸਹਿਜਧਾਰੀ ਵੀ ਅਸੀਂ ਪਾਕਿਸਤਾਨੀ ਸੈਨਾ, ਟੈਲੀਫੋਨ ਵਿਭਾਗ ਤੇ ਕੁਝ ਹੋਰ ਮਹਿਕਮਿਆਂ ਵਿੱਚ ਵੀ ਵੇਖੇ। ਸ਼ਾਇਦ ਘੱਟ ਗਿਣਤੀਆਂ ਲਈ ਸਰਕਾਰੀ ਨੌਕਰੀਆਂ ਪਾਕਿਸਤਾਨ ਵਿੱਚ ਸਾਡੇ ਮੁਲਕ ਜਿੰਨੀਆਂ ਔਖੀਆਂ ਨਹੀਂ ਮਿਲਦੀਆਂ। ਲੰਗਰ ਅਸੀਂ ਅੱਜ ਕਿਉਂਕਿ ਰਾਤ ਇਥੋਂ ਚੱਲਣਾ ਸੀ ਪੰਜ ਕੁ ਵਜੇ ਹੀ ਛਕ ਲਿਆ। ਉਸ ਤੋਂ ਬਾਅਦ ਕੁਝ ਸਮਾਂ ਲੰਗਰ ਮਸਤ ਵੀ ਹੋ ਗਿਆ। ਇੱਕ ਅੱਧਾ ਪ੍ਰਸ਼ਾਦਾ ਜਿਹੜਾ ਲੋਹ ਤੋਂ ਉਤਰਦਾ ਸੀ ਉਹ ਜਾਣੂਆਂ-ਪਛਾਣੂਆਂ ਵਿੱਚ ਹੀ ਵੰਡਿਆ ਜਾਂਦਾ। ਰਸਦਾਂ ਦੀ ਕਮੀ ਨਹੀਂ ਸੀ, ਪ੍ਰੰਤੂ ਪ੍ਰਬੰਧ ਵਿੱਚ ਕਿਤੇ ਗੜਬੜ ਜ਼ਰੂਰ ਸੀ। ਬੈਠਣ ਲਈ ਪੰਗਤਾਂ ਦਾ ਵਧੀਆ ਪ੍ਰਬੰਧ ਨਹੀਂ ਸੀ। ਕਈ ਵੇਰ ਬਿਨਾਂ ਟਾਟ ਤੋਂ ਬਹਿਣਾ ਪੈਂਦਾ ਸੀ। ਲੰਗਰ ਉਂਜ ਪੌਸ਼ਟਿਕ ਤੇ ਪਾਕਿਸਤਾਨੀ ਮਸਾਲਿਆਂ ਨਾਲ ਭਰਪੂਰ ਸੁਆਦਲਾ ਵੀ ਹੁੰਦਾ ਸੀ।

ਪਹਿਲੀ ਨਵੰਬਰ ਨੂੰ ਫਿਰ ਬੱਸਾਂ ਰਾਹੀਂ ਪੰਜਾ ਸਾਹਿਬ ਗੁਰਦੁਆਰੇ ਤੋਂ ਅਸੀਂ ਅੱਧਾ ਕੁ ਕਿਲੋਮੀਟਰ ਦੂਰੀ ਵਾਲੇ ਸਟੇਸ਼ਨ ਤੇ ਪੁੱਜ ਗਏ। ਵਲੀ ਕੰਧਾਰੀ ਵਾਲੀ ਪਹਾੜੀ ਤੇ ਲਾਟੂ ਜਗ ਰਹੇ ਸਨ। ਉੱਥੇ ਬਿਜਲੀ ਤੇ ਪਾਣੀ ਇਸੇ ਸਾਲ ਪਹੁੰਚਾਏ ਗਏ ਹਨ। ਪਹਿਲਾਂ ਨਹੀਂ ਸੀ ਹੁੰਦੇ। ਐਲਾਨ ਤਾਂ ਇਹ ਕੀਤਾ ਜਾ ਰਿਹਾ ਸੀ ਕਿ ਜਿਹੜੇ ਯਾਤਰੀ ਪਹਿਲਾਂ ਗੱਡੀ ਵਿੱਚ ਆਏ ਹਨ ਉਹ ਉਸੇ ਵਿੱਚ ਚੜ੍ਹਨ, ਪਰ ਅਸੀਂ ਜ਼ਿਆਦਾ ਭੀੜ ਹੋਣ ਕਾਰਨ ਉਹ ਗੱਡੀ ਲੰਘਾ ਦਿੱਤੀ, ਕਿਉਂਕਿ ਹੁਣ ਕਮਰਿਆਂ ਦੀ ਕਾਹਲ ਨਹੀਂ ਸੀ। ਨਨਕਾਣਾ ਸਾਹਿਬ ਵਾਲੇ ਕਮਰੇ ਸਾਨੂੰ ਇੱਥੇ ਪੰਜਾ ਸਾਹਿਬ ਵਿਖੇ ਹੀ ਦਿਨੇ ਅਲਾਟ ਕਰ ਦਿੱਤੇ ਗਏ ਸਨ। ਅਸੀਂ ਦੂਜੀ ਗੱਡੀ ਤੇ ਚੜ੍ਹੇ। ਮਾਨ ਸਾਹਿਬ ਚੰਡੀਗੜ੍ਹ ਵਾਲੇ ਹੀ ਹਰਫਲੇ ਫਿਰ ਰਹੇ ਸਨ। ਉਹਨਾਂ ਨੂੰ ਆਪਣੀ ਸੱਸ ਸਾਹਿਬਾ ਲਈ ਇੱਕ ਸੀਟ ਚਾਹੀਦੀ ਸੀ ਅਸੀਂ ਇੱਕ ਨੌਜਵਾਨ ਨੂੰ ਉਠਾ ਕੇ ਉਨ੍ਹਾਂ ਨੂੰ ਸੀਟ ਦਿਵਾ ਦਿੱਤੀ। ਸ੍ਰੀਮਾਨ ਸ਼ਾਇਦ ਖਾਮੋਸ਼ ਨਜ਼ਰਾਂ ਨਾਲ ਉਸ ਬੀਬੀ ਨੂੰ ਸਮਝਾ ਰਹੇ ਸਨ ਕਿ ਵੇਖ ਲਓ ਹੁਣ ਦੇਹਧਾਰੀ ਗੁਰੂ ਦੇ ਚੇਲੇ ਹੀ ਤੁਹਾਡੇ ਕੰਮ ਆਏ ਹਨ। ਖ਼ੈਰ... ਪੰਜਾ ਸਾਹਿਬ ਸਟੇਸ਼ਨ ਤੇ ਫਿਰ ਅਸੀਂ ਭਾਈ ਕਰਮ ਸਿੰਘ ਅਤੇ ਪ੍ਰਤਾਪ ਸਿੰਘ ਦੀ ਯਾਦ ਨੂੰ ਮਨ ਵਿੱਚ ਚਿਤਵਿਆ ਅਤੇ ਉਹਨਾਂ ਦੇ ਸਿੱਖੀ ਸਿਦਕ ਨੂੰ ਨਿੱਘੀ ਫਤਿਹ ਬੁਲਾ ਕੇ ਇਥੋਂ ਵਿਦਾ ਹੋਏ। ਦੋ-ਦੋ ਘੰਟੇ ਵਾਰੋ-ਵਾਰੀ ਉਪਰਲੇ ਫੱਟੇ ਤੇ ਮਾੜਾ ਮੋਟਾ ਲੇਟਾ ਲਾਇਆ ਅਤੇ ਜਦੋਂ ਹਨ੍ਹੇਰਾ ਮੁਕਣ ਵਾਲਾ ਸੀ, ਅਸੀਂ ਫਿਰ ਸ਼ਾਹਦਰੇ ਦੇ ਸਟੇਸ਼ਨ ਤੇ ਪੁੱਜ ਗਏ। ਇਥੋਂ ਸਾਡੀ ਗੱਡੀ ਹੁਣ ਨਨਕਾਣਾ ਸਾਹਿਬ ਲਈ ਦੂਜੀ ਲਾਈਨ ਤੇ ਪੈਣੀ ਸੀ। ਸ਼ਾਹਦਰੇ ਵਿੱਚ ਹੀ ਮੁਗ਼ਲ ਬਾਦਸ਼ਾਹ ਜਹਾਂਗੀਰ ਅਤੇ ਨੂਰ ਜਹਾਂ ਦਾ ਮਕਬਰਾ ਹੈ। ਇਹ ਮਕਬਰੇ ਗੱਡੀ ਦੇ ਡੱਬੇ ਵਿਚੋਂ ਬੈਠਿਆਂ ਦਿੱਸਦੇ ਹਨ।

ਸ਼ਾਹਦਰੇ ਤੋਂ ਸ਼ੇਖੂਪੁਰੇ ਤੱਕ ਛੋਟੇ-ਛੋਟੇ ਸਟੇਸ਼ਨ ਆਉਂਦੇ ਹਨ, ਪ੍ਰੰਤੂ ਮੈਨੂੰ ਨਾਮ ਚੀਚੋਂ ਕੀ ਮਲੀਆਂ ਦਾ ਹੀ ਚੇਤੇ ਰਿਹਾ। ਸਾਡੇ ਵਿਰਕੈਤ ਦੇ ਇਸ ਇਲਾਕੇ ਵਿੱਚ ਤੇਰਾਂ ਮਲੀਆਂ ਸਨ, ਇਹ ਇਨ੍ਹਾਂ ਵਿਚੋਂ ਇੱਕ ਸੀ। ਇਸ ਤੋਂ ਅੱਗੇ ਥੋੜ੍ਹਾ ਸਮਾਂ ਗੱਡੀ ਸ਼ੇਖੂਪੁਰਾ ਸ਼ਹਿਰ ਦੇ ਸਟੇਸ਼ਨ ਤੇ ਰੁਕੀ। ਇਕ ਸਟੇਸ਼ਨ ਸ਼ੇਖੂਪੁਰਾ ਕਿਲ੍ਹਾ ਵੀ ਸੀ। ਬਾਦਸ਼ਾਹ ਜਹਾਂਗੀਰ ਦਾ ਬਚਪਨ ਦਾ ਨਾਮ ਸ਼ੇਖੂ ਸੀ ਅਤੇ ਇਸ ਦੀ ਪਾਲਣਾ ਇਸੇ ਇਲਾਕੇ ਵਿੱਚ ਹੋਈ, ਜਿਸਨੂੰ ਸਾਂਦਲ ਬਾਰ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਵੀ ਆਪਣੇ ਤੁਖਾਰੀ ਰਾਗ ਦੇ ਬਾਰਾਮਾਹਾ ਵਿੱਚ ਆਪਣੇ ਇਸ ਇਲਾਕੇ ਵਾਸਤੇ ਬਾਰ ਸ਼ਬਦ ਦਾ ਉਪਯੋਗ ਕਰਦੇ ਹਨ :-

"ਟੀਡੁ ਲਵੈ ਮੰਝਿ ਬਾਰੇ" — ੧੧੦੮ ਸ੍ਰੀ ਆਦਿ ਗ੍ਰੰਥ

ਬਾਰ ਦਾ ਅਰਥ ਜੰਗਲ, ਰੋਹੀ, ਬੀਆਬਾਨ, ਝਾੜ-ਬੂਟ ਵਾਲਾ ਇਲਾਕਾ ਹੈ। ਲੋਕ ਗੀਤਾਂ ਵਿੱਚ ਇਸ ਦਾ ਵਾਹਵਾ ਵਰਣਨ ਮਿਲਦਾ ਹੈ—

"ਚਿੜੀਆਂ ਵੇ ਦੋ ਬਾਰ ਦੀਆਂ!
ਰੱਜ ਕੇ ਨਾਂ ਡਿੱਠੀਆਂ ਅੱਖੀਂ ਸਾਂਵਲ ਯਾਰ ਦੀਆਂ!"

ਇਹ ਭੱਟੀਆਂ ਦਾ ਇਲਾਕਾ ਸੀ। ਰਵਾਇਤ ਹੈ ਕਿ ਦੁੱਲੇ ਭੱਟੀ ਅਤੇ ਸ਼ਹਿਜ਼ਾਦੇ ਸ਼ੇਖੂ ਨੇ ਇੱਕੋ ਮਾਂ (ਭਾਵ ਦੁੱਲੇ ਦੀ ਮਾਂ) ਦਾ ਦੁੱਧ ਚੁੰਘਿਆ ਸੀ। ਜਹਾਂਗੀਰ ਨੇ ਬਾਦਸ਼ਾਹ ਬਣਨ ਤੋਂ ਬਾਅਦ ਇੱਥੇ ਇਸੇ ਲਈ ਸ਼ੇਖੂਪੁਰਾ ਨਾਮ ਦਾ ਸ਼ਹਿਰ ਆਪਣੇ ਬਚਪਨ ਦੀ ਯਾਦ



Sri Satguru Jagjit Singh Ji eLibrary NamdhariElibrary@gmail.com

ਵਿੱਚ ਕਾਇਮ ਕੀਤਾ ਸੀ। ਸਮੇਂ ਦੇ ਰੰਗ ਵੇਖੋ ਦੋਵੇਂ ਬਚਪਨ ਦੇ ਲੰਗੋਟੀਏ ਬੇਲੀ ਇੱਕ ਨੂੰ ਵੱਡਿਆਂ ਹੋ ਕੇ ਤਖ਼ਤ ਮਿਲ ਗਿਆ ਤੇ ਦੂਜਾ ਦੁੱਲਾ ਰਾਜ ਦਾ ਬਾਗ਼ੀ ਬਣ ਗਿਆ ਤੇ ਬਾਦਸ਼ਾਹ ਅਕਬਰ ਦੇ ਹੁਕਮ ਨਾਲ ਲਾਹੌਰ ਵਿੱਚ ਉਹਨੂੰ ਜਾਨੋਂ ਮਾਰ ਦਿੱਤਾ ਗਿਆ। ਦੁੱਲੇ ਦੇ ਪਿਓ ਦਾ ਨਾਂ ਸਾਂਦਲ ਸੀ, ਇਸ ਲਈ ਇਹਨੂੰ ਸਾਂਦਲ ਬਾਰ ਜਾਂ ਦੁੱਲੇ ਦੀ ਬਾਰ ਵੀ ਕਿਹਾ ਜਾਂਦਾ ਹੈ। ਉਂਝ ਪੁਸਤਕ "ਸਾਂਦਲ ਬਾਰ ਦਾ ਇਤਿਹਾਸ ਵਿਰਕ ਅਤੇ ਹੋਰ" ਵਿੱਚ ਸ੍ਰ. ਭਗਵੰਤ ਸਿੰਘ ਆਜ਼ਾਦ ਹੋਰਾਂ ਸਾਂਦਲ ਸ਼ਬਦ ਦੀਆਂ ਕਾਫ਼ੀ ਧਾਤੂਆਂ ਖੋਜ ਕੇ ਹੋਰ ਵੀ ਅਰਥ ਕੀਤੇ ਹਨ ਜਿਵੇਂ ਕਿ ਸਮਤਲ ਪੱਧਰ ਇਲਾਕੇ ਤੋਂ ਵਿਗੜ ਕੇ ਸਾਂਦਲ। "ਸੰਧਿਆ ਬਲ" ਰਾਤ ਸਮੇਂ ਹਮਲੇ ਕਰਨ ਵਾਲੇ ਲੋਕਾਂ ਤੋਂ ਵਿਗੜ ਕੇ ਸਾਂਦਲ। ਇੱਕ ਪੌਰਾਣਿਕ ਰਿਖੀ "ਸ਼ਾਂਡਿਲਯ" ਵੀ ਹੋਏ ਹਨ, ਉਹਨਾਂ ਦਾ ਵੀ ਇਹ ਤਪੋ ਸਥਾਨ ਹੋ ਸਕਦਾ ਹੈ। ਵਗ਼ੈਰਾ-ਵਗ਼ੈਰਾ... ਖੈਰ ਆਪਾਂ ਤੇ ਗੱਲ ਸ਼ੇਖੂਪੁਰਾ ਦੀਆਂ ਉੱਚੀਆਂ-ਲੰਮੀਆਂ ਵਿਸ਼ਾਲ ਹਵੇਲੀਆਂ ਤੇ ਦਰਵਾਜ਼ਿਆਂ ਵਾਲੇ ਸ਼ਹਿਰ ਅਤੇ ਕਿਲ੍ਹੇ ਦੀ ਕਰ ਰਹੇ ਸਾਂ। ਸ਼ੇਖੂਪੁਰੇ ਦੇ ਕਿਲ੍ਹੇ ਵਿੱਚ ਸਿੱਖ ਮਿਸਲਾਂ ਦੇ ਸਮੇਂ ਸ੍ਰ. ਅਮੀਰ ਸਿੰਘ ਭਿੱਖੀ ਜਾਂ ਉਹਨਾਂ ਦੇ ਵੰਸ਼ਜਾਂ ਦਾ ਕਬਜ਼ਾ ਸੀ। ਇਹ ਅਮੀਰ ਸਿੰਘ ਟੈਕਸ ਦੇ ਤੌਰ ਤੇ ਬਾਰ ਵਿੱਚ ਚਰਨ ਵਾਲੇ ਹਰ ਪਸ਼ੂ ਪਿੱਛੇ ਇੱਕ ਛੰਨਾ ਘਿਓ ਦਾ ਲਿਆ ਕਰਦੇ ਸਨ, ਜਿਸਨੂੰ ਤਿਣੀ ਆਖਦੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਵਿਰਕ ਸਰਦਾਰਾਂ ਤੋਂ ਬੜੀ ਭਾਰੀ ਜੱਦੋ-ਜਹਿਦ ਬਾਦ ਇਹ ਕਿਲ੍ਹਾ ਹਾਸਲ ਕੀਤਾ ਸੀ। ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਆਪਣੇ ਇਤਿਹਾਸਕ ਗ੍ਰੰਥ "ਸਰਕਾਰ ਖਾਲਸਾ" ਵਿੱਚ ਲਿਖਦੇ ਹਨ :-

"ਅਠਾਰਾਂ ਦਿਨ ਲੜਾਈ ਦਾ ਜ਼ੋਰ ਰਿਹਾ
ਵਿਰਕਾਂ ਬੜੀ ਦਲੇਰੀ ਵਿਖਾਈ ਸੀ ਜੀ।
ਓੜਕ ਸਿੰਘ ਰਣਜੀਤ ਨੇ ਖਾ ਗੁੱਸਾ,
ਤੋਪ ਭੰਗੀਆਂ ਵਾਲੀ ਮੰਗਾਈ ਸੀ ਜੀ।
ਬੰਨ੍ਹ ਦਮਦਮਾ ਬੀੜ ਕੇ ਤੋਪ ਉਚੀ,
ਸਿੱਧੀ ਕਿਲ੍ਹੇ ਨੂੰ ਕਰ ਚਲਾਈ ਸੀ ਜੀ।
ਗੜਗਹਾਟ ਹੋਈ ਪਿਆ ਸ਼ੋਰ ਭਾਰਾ,
ਢੱਠੀ ਕਿਲ੍ਹੇ ਦੀ ਦੱਖਣੀ ਬਾਹੀ ਸੀ ਜੀ।
ਫੜੇ ਗਏ ਸਰਦਾਰ ਕਰਤਾਰ ਸਿੰਘਾ,
ਪਈ ਸ਼ਹਿਰ ਦੇ ਵਿੱਚ ਦੁਹਾਈ ਸੀ ਜੀ।"

ਅੰਗਰੇਜ਼ਾਂ ਹੱਥੋਂ ਹੋਈ ਸਿੱਖ ਸੈਨਾ ਦੀ ਹਾਰ ਤੋਂ ਬਾਦ ਨਾਬਾਲਿਗ ਮਹਾਰਾਜੇ ਦਲੀਪ ਸਿੰਘ ਦੀ ਮਾਤਾ ਅਤੇ ਸ਼ੇਰੇ ਪੰਜਾਬ ਦੀ ਮਹਾਰਾਣੀ ਜਿੰਦ ਕੌਰ ਨੂੰ ਵੀ ਅੰਗਰੇਜ਼ਾਂ ਨੇ ਇਸੇ ਸ਼ੇਖੂਪੁਰੇ ਦੇ ਕਿਲ੍ਹੇ ਵਿੱਚ ਹੀ ਕੈਦ ਕੀਤਾ ਸੀ ਲਾਹੌਰ ਤੋਂ ਲਿਜਾ ਕੇ।

ਮਾਈਸਰ ਖਾਨੇ ਵਾਲੀ ਅਤਰੀ ਜੋ ਗੁਰੂ ਬਚਨ ਦੀ ਪਾਲਣਾ ਨਾ ਕਰਨ ਸਦਕਾ ਫਿਟਕ ਗਈ ਸੀ ਅਤੇ ਜਿਸਨੂੰ ਨਾਮਧਾਰੀ ਸਿੰਘਾਂ ਨੇ ਸੋਧ ਦਿੱਤਾ ਸੀ ਉਸਦਾ ਇੱਕ ਕਾਤਲ ਕਿਸ਼ਨ ਸਿੰਘ ਪਿੰਡ ਵਰਨ ਜਦੋਂ ਫੜਿਆ ਗਿਆ ਤਾਂ ਕਈ ਚਿਰ ਉਹ ਸ਼ੇਖੂਪੁਰੇ ਦੀ ਜੇਲ੍ਹ ਵਿੱਚ ਰਿਹਾ ਸੀ ਜਿਸ ਲਈ ਰੋਜ਼ ਸੋਧ ਦਾ ਪ੍ਰਸ਼ਾਦਾ ਪਹੁਚਾਉਣ ਦੀ ਸੇਵਾ ਮੇਰਾ ਦਾਦਾ ਸੰਤ ਜਿਊਣ ਸਿੰਘ ਝੱਬਰ ਛੇ ਮਹੀਨੇ ਤੱਕ ਲਗਾਤਾਰ ਕਰਦਾ ਰਿਹਾ ਸੀ। ਗੱਡੀ ਬਹੁਤ ਹੌਲੀ-ਹੌਲੀ ਚੱਲ ਰਹੀ ਸੀ ਅਤੇ ਅਸੀਂ ਯਾਦਾਂ ਦੇ ਮਾਨ ਸਰੋਵਰ ਵਿੱਚ ਤਾਰੀਆਂ ਲਾਉਂਦੇ ਜਾ ਰਹੇ ਸਾਂ।

ਜ਼ਿਲ੍ਹਾ ਸ਼ੇਖੂਪੁਰਾ ਦੇ ਪਿੰਡਾਂ ਦਾ ਦ੍ਰਿਸ਼ ਕੁਝ ਉਹੋ ਜਿਹਾ ਸੀ ਜਿਹੋ ਜਿਹਾ ਕੁਝ ੪੦-੫੦ ਵਰ੍ਹੇ ਪਹਿਲਾਂ ਸਾਡੇ ਇਧਰਲੇ ਪਿੰਡਾਂ ਦਾ ਹੁੰਦਾ ਸੀ। ਕੋਠੇ ਤਕਰੀਬਨ ਕੱਚੇ। ਕੋਈ ਵੀ ਵੱਡਾ ਬੂਹਾ ਲੱਕੜ ਜਾਂ ਲੋਹੇ ਦਾ ਬਣਿਆ ਨਹੀਂ, ਸਗੋਂ ਬੂਹਿਆਂ ਅੱਗੇ ਜਾਂ ਤਾਂ ਗੱਡੇ ਵਗ਼ੈਰਾ ਤੇ ਜਾਂ ਫਿਰ ਦੋ ਕੁ ਲੰਮੀਆਂ ਲੱਕੜਾਂ ਦਿੱਤੀਆਂ ਤਾਂ ਕਿ ਬਿਗਾਨਾ ਮਾਲ ਪਸ਼ੂ ਨਾ ਆ ਜਾਏ। ਉਂਝ ਗੱਡਾ ਵੀ ਕਿਸੇ ਕਰਮਾਂ ਵਾਲੇ ਘਰ ਹੀ ਸੀ। ਜ਼ਿਆਦਾਤਰ ਲੋਕਾਂ ਦੇ ਵਿਹੜਿਆਂ ਵਿੱਚ ਗੱਦੋਂ (ਖੋਤੀਆਂ) ਹੀ ਖਲੋਤੀਆਂ ਦਿੱਸੀਆਂ। ਕਈ ਸਵੇਰੇ-ਸਵੇਰੇ ਹਿੰਮਤੀ ਜਣੇ ਪੱਠਿਆਂ ਦਾ ਲੱਦਾ ਲਈ ਆ ਰਹੇ ਸਨ, ਕਈ ਅਜੇ ਵਾਰਿਸ਼ ਸ਼ਾਹ ਦੇ ਸ਼ਬਦਾਂ ਵਿੱਚ ਗੁਸਲ ਨੂੰ ਦੌੜੇ ਜਾ ਰਹੇ ਸਨ। ਜਿੱਥੇ-ਜਿੱਥੋਂ ਵੀ ਸਾਡੀ ਗੱਡੀ ਲੰਘ ਰਹੀ ਸੀ ਬੱਚੇ, ਬੁੱਢੇ, ਤ੍ਰੀਮਤਾਂ ਗੱਭਰੂ ਸਭ ਕਤਾਰਾਂ ਬੰਨ੍ਹੀਂ ਖਲੋਤੇ ਸਨ। ਕਈ ਆਪਣੇ ਵਿਹੜਿਆਂ ਵਿਚੋਂ ਹੱਥ ਹਲਾ-ਹਲਾ ਕੇ ਅੱਧੀ ਸਦੀ ਪਹਿਲੋਂ ਹੋਈ ਦੋਹਾਂ ਮੁਲਕਾਂ ਦੀ ਵੰਡ ਨੂੰ ਦੁਰ ਫਿਟੇ ਮੂੰਹ ਕਹਿ ਰਹੇ ਸਨ। ਪਹਾੜੀ ਕਿੱਕਰ ਕਾਫ਼ੀ ਸਨ। ਭੋਇੰ ਕਲਹਾਠੀ ਜਿਹੀ ਸੀ।

ਝਨਾਂ ਵਿਚੋਂ ਨਿਕਲੀ ਨਹਿਰ ਗੋਗੀਰਾਂ ਬ੍ਰਾਂਚ ਕਾਫ਼ੀ ਵੱਡੀ ਨਹਿਰ ਸੀ, ਤਕਰੀਬਨ ਇੱਕ ਕਿੱਲੇ ਵਿੱਚ ਇਸਦਾ ਪਾੜ ਸੀ। ਇਸੇ ਨਹਿਰ ਤੋਂ ਲੰਘਦਿਆਂ ਪੰਜਾਬੀ ਦੇ ਨਾਮਵਰ ਕਹਾਣੀਕਾਰ ਸ੍ਰ. ਕੁਲਵੰਤ ਸਿੰਘ ਵਿਰਕ ਦੀ ਕਹਾਣੀ "ਮੁਰਦੇ ਦੀ ਤਾਕਤ" ਚੇਤਿਆਂ ਵਿੱਚ ਉੱਭਰੀ। ਇਸ ਨਹਿਰ ਵਿੱਚ ਇਕ ਮੁਰਦਾ ਰੁੜ੍ਹਿਆ ਜਾਂਦਾ ਹੈ ਤੇ ਉਸਨੂੰ ਵੇਖਣ ਵਾਲੇ ਜਦੋਂ ਉਹਦੇ ਦੂਜੇ ਧਰਮ ਨਾਲ ਸੰਬੰਧਿਤ ਹੋਣ ਬਾਰੇ ਪੱਕ ਕਰ ਲੈਂਦੇ ਹਨ ਤਾਂ ਉਹਨਾਂ ਨੂੰ ਚਾਅ ਜਿਹਾ ਚੜ੍ਹ ਜਾਂਦਾ ਹੈ ਕਿ ਚਲੋ ਮਰਨ ਵਾਲਾ ਸਾਡੇ ਧਰਮ ਦਾ ਤਾਂ ਨਹੀਂ ਸੀ। ਇਹੋ ਮੁਰਦੇ ਦੀ ਤਾਕਤ ਜਿਊਂਦੇ ਲੋਕਾਂ ਲਈ ਬਚੀ ਸੀ। ਨਹਿਰ ਕੱਚੀ ਹੀ ਸੀ ਤੇ ਆਲੇ-ਦੁਆਲੇ ਝਾੜ-ਬੂਟ ਸਰਕੜਾ ਕਾਫ਼ੀ ਸੀ ਅਤੇ ਛੋਟੀਆਂ ਨਹਿਰਾਂ ਵੀ ਨਾਲ-ਨਾਲ ਜਾ ਰਹੀਆਂ ਸਨ।

ਹੁਣ ਅਸੀਂ ਵਾਰਬਰਟਨ ਮੰਡੀ ਦੇ ਕੋਲੋਂ ਲੰਘ ਰਹੇ ਸਾਂ। ਇਹ ਮੰਡੀ ਐਸ.ਪੀ. ਵਾਰਬਰਟਨ, ਜੋ ਐਂਗਲੋ ਇੰਡੀਅਨ ਸੀ ਅਤੇ ਢੇਰ ਚਿਰ ਲੁਧਿਆਣੇ ਜ਼ਿਲ੍ਹੇ ਦਾ ਪੁਲਿਸ ਮੁੱਖੀ ਰਿਹਾ ਸੀ, ਉਸ ਨੇ ਸੇਵਾ ਮੁਕਤ ਹੋ ਕੇ ਵਸਾਈ ਸੀ। ਸਰਕਾਰ ਬਰਤਾਨੀਆਂ ਨੇ ਆਪਣੇ ਬਾਗ਼ੀ



Sri Satguru Jagjit Singh Ji eLibrary NamdhariElibrary@gmail.com

ਕੂਕਿਆਂ ਨੂੰ ਸਖ਼ਤੀ ਨਾਲ ਦਬਾਉਣ ਲਈ ਕੀਤੀਆਂ ਉਸਦੀਆਂ ਖਿਦਮਤਾਂ ਨੂੰ ਧਿਆਨ ਵਿੱਚ ਰੱਖਦਿਆਂ ਉਸਨੂੰ ਇਸ ਜਗ੍ਹਾ ਚੋਖੇ ਮੁਰੱਬੇ ਜ਼ਮੀਨ ਦੇ ਕੇ ਨਿਵਾਜਿਆ ਸੀ। ਜਿੱਥੇ ਉਹ ਆਪ ਬੜਾ ਕਠੋਰ ਦਿਲ ਸੀ, ਉਸ ਦੀ ਮੇਮ ਨੇਕ ਦਿਲ ਸੀ ਅਤੇ ਰਾਇਪੁਰੀਏ ਦਰਬਾਰਾ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਵਿਖੇ ਹੋਣ ਦੀ ਦੱਸ ਇਸੇ ਮੇਮ ਤੋਂ ਪਈ ਸੀ। ਮੇਰੇ ਚੇਤਿਆਂ ਵਿੱਚ ੨੦੧੦ ਬਿਕ੍ਰਮੀ ਦੇ ਸਤਿਜੁਗ ਦੇ ਬਸੰਤ ਅੰਕ ਵਿੱਚ ਛਪੀ ਆਪਣੇ ਮਾਮੇ ਨਿਰੰਜਨ ਸਿੰਘ ਮ੍ਰਿਗੇਸ਼ ਦੀ ਕਵਿਤਾ "ਰਾਮ ਦੀ ਭਾਲ" ਦੀਆਂ ਤੁਕਾਂ ਘੁੰਮਣ ਲੱਗੀਆਂ:-

"ਇੰਡੀਅਨ ਐਂਗਲੋ ਪੁਲਸ ਕਪਤਾਨ ਲੱਗਾ,
ਲੁਧਿਆਣੇ ਦੇ ਵਿੱਚ ਜ਼ਰੂਰ ਹੈਸੀ।
ਬਾਰ ਬਟਣ ਸੀ ਆਖਦੇ ਨਾਮ ਉਸਦਾ,
ਜ਼ਾਲਮ ਨੀਚ ਇਨਸਾਫ਼ ਤੋਂ ਦੂਰ ਹੈਸੀ।
ਅੰਨ੍ਹਾਂ ਆਦਮੀ ਗਵਾਹ ਭੁਗਤਾਏ ਦਿੱਤਾ,
ਖੁੱਲ੍ਹਾ ਪਾਜ ਐਸਾ ਬੇਸ਼ਹੂਰ ਹੈਸੀ।
..........................................
ਫਿਰ ਭੀ ਸ਼ਰਮ ਨਾ ਆਂਵਦੀ ਏਸ ਤਾਂਈ,
ਮਨ ਘੜਤ ਹੀ ਦੋਸ਼ ਲਗਾਏ ਕਈ।
ਅਹਿਮਦ ਸ਼ਾਹ, ਔਰੰਗ, ਮਹਿਮੂਦ ਵਾਂਗੂੰ,
ਕਰਕੇ ਜ਼ੁਲਮ ਗ਼ਰੀਬ ਸਤਾਏ ਕਈ।
ਬੱਚੇ ਉਮਰ ਮਾਸੂਮ ਤੇ ਔਰਤਾਂ ਵੀ,
ਅੱਗੇ ਤੋਪ ਦੇ ਧਰ ਉਡਾਏ ਕਈ।
ਬਹੁਤੇ ਬੇਗੁਨਾਹਾਂ ਗਲ ਪਾਈ ਫਾਂਸੀ,
ਸੂਲੀ ਵਾਂਗ ਮਨਸੂਰ ਚੜ੍ਹਾਏ ਕਈ।
ਯੋਰਪੀਨ ਘਰ ਏਸ ਦੇ ਮੇਮ ਹੈਸੀ,
ਨੇਕ ਦਿਲ ਇਨਸਾਫ਼ ਵਿਚਾਰ ਵਾਲੀ।
ਕੀਤਾ ਦਰਸ ਉਸਨੇ ਚੀਨੀ ਵਾਲੜੇ ਦਾ,
ਖਿੜ ਪਈ ਕਲੀ ਉਹ ਭੌਰ ਦੀਦਾਰ ਵਾਲੀ।
..........................................
ਬਾਬਾ ਗਿਆ ਦਰਬਾਰਾ ਸਿੰਘ ਲੁਧਿਆਣੇ,
ਰਾਇਪੁਰ ਦਾ ਖਾਸ ਵਸਨੀਕ ਹੈਸੀ।
ਪੰਥਕ ਮਾਮਲੇ ਕੱਲ ਨਜਿੱਠਣੇ ਲਈ,
ਕੀਤਾ ਗੁਰਾਂ[1] ਨੀਯਤ ਉਸਨੂੰ ਠੀਕ ਹੈਸੀ।
ਬਾਰ ਬਟਣ ਨੇ ਸੱਦਿਆ ਉਸ ਤਾਂਈ,
ਕਰਨਾ ਕੰਮ ਕੋਈ ਤਸਦੀਕ ਹੈਸੀ।
ਗੱਲਾਂ ਕਰਦਿਆਂ ਸੱਦਾਂ[2] ਦੇ ਲਾਲ ਵਾਲਾ,
ਸਾਰਾ ਖੋਲ੍ਹਿਆ ਹਾਲ ਹਕੀਕ ਹੈਸੀ।
ਭਰਿਆ ਵਾਂਗ ਫੋੜੇ ਦਿਲ ਦਰਦ ਹੈਸੀ,
ਵੱਜੀ ਸੱਟ ਵੈਰਾਗ ਝੱਟ ਖੁੱਲ੍ਹ ਗਿਆ।
ਬੁੱਝੀ ਬਿਰ੍ਹੋਂ ਦੀ ਅੱਗ ਸੀ ਭੜਕ ਉੱਠੀ,
ਘਿਓ ਆਣ ਅੰਗਾਰ ਤੇ ਡੁੱਲ੍ਹ ਗਿਆ।
ਉੱਠੀ ਦਿਲ ਦਰਿਆ ਥੀਂ, ਲਹਿਰ ਜਦੋਂ,
ਓਥੇ ਮਹਿਕਮਾ ਸਾਫ਼ ਹੋ ਕੁੱਲ ਗਿਆ।
ਪੱਥਰ ਦਿਲ ਵਲ ਮੋਮ ਦੇ ਵਾਂਗ ਬਣ ਗਏ,
ਅਤੇ ਨੈਣਾਂ ਤੋਂ ਨੀਰ ਅਫੁੱਲ ਗਿਆ।
ਮੇਮ ਵੇਖਕ ਹਾਲ ਨਾ ਜਰ ਸੱਕੀ,
ਝਟ ਵਾਂਗ ਪਤੰਗ ਨਿਸ਼ੰਗ ਹੋ ਗਈ।
ਗੱਜੀ ਸ਼ੇਰਨੀ ਜਦੋਂ ਮੈਦਾਨ ਅੰਦਰ,
ਚਾਲ ਸਾਹਿਬ ਦੀ ਵਾਂਗ ਕੁਰੰਗ ਹੋ ਗਈ।
ਸੁਣਕੇ ਬੇਇਨਸਾਫ਼ ਦਿਲ ਤਰਸ ਆਇਆ,
ਸੁਖਨ ਸਾਹਿਬ ਦੇ ਸੁਣਦਿਆਂ ਤੰਗ ਹੋ ਗਈ।
ਦੜ ਵੱਟ ਖਰਗੋਸ਼[3] ਖ਼ਾਮੋਸ਼ ਹੋਇਆ,
ਪਾਪ ਹਰਨ ਭਗੀਰਥੀ ਗੰਗ ਹੋ ਗਈ।
ਘਰ ਦੈਂਤ ਦੇ ਪੁੱਤ ਪ੍ਰਹਿਲਾਦ ਜਿਵੇਂ,
..........................................
ਰਾਮ ਨਾਮ ਦਾ ਕਰਨ ਉਪਦੇਸ਼ ਆਈ।
ਜਾਂ ਉਹ ਆਪ ਅਕਾਲ ਦੀ ਖੇਡ ਹੈਸੀ,
ਚੀਨੀ ਵਾਲੇ ਦਾ ਦੇਣ ਸੰਦੇਸ਼ ਆਈ।
ਕੌਤਕ ਰਚਕੇ ਸਵਾਂਗ ਬਣਾਏ ਬੈਠਾ,
ਜਾਂ ਇਹ ਨਵਾਂ ਉਹ ਸਾਜਕੇ ਭੇਸ ਆਈ।
ਖਾਤਰ ਦੇਸ਼ ਪ੍ਰਦੇਸ਼ 'ਮ੍ਰਿਗੇਸ਼' ਸਤਿਗੁਰ,
ਕਰਸੀ ਮੇਲ ਵਕੀਲ ਬਣ ਪੇਸ਼ ਆਈ।
ਬੋਲੀ ਨਾਲ ਜ਼ਬਾਨ ਰਸੀਲੜੀ ਦੇ,
ਜਿਸਨੂੰ ਸੁਣਦਿਆਂ ਚਿਤ ਅਨੰਦ ਹੋਵੇ।
ਉਧੋ ਦੱਸਿਆ ਹਾਲ ਜਿਉਂ ਗੋਪੀਆਂ ਦਾ,
ਮਿਲਿਆ ਆਪ ਜਿਉਂ ਆਣ ਮੁਕੰਦ ਹੋਵੇ।
ਖਿਜ਼ਾਂ ਰੁੱਤ ਦੇ ਵਿੱਚ ਬਸੰਤ ਖਿੜ ਪਈ,
ਦਿਸਿਆ ਜਿਵੇਂ ਚਕੋਰ ਨੂੰ ਚੰਦ ਹੋਵੇ।
ਖ਼ੁਸ਼ੀ ਨਾਲ ਨਾ ਮਿਉਂਦੀ ਵਿੱਚ ਜਾਮੇ,
ਮਿਲਿਆ ਰੰਕ ਨੂੰ ਤਖ਼ਤ ਬੁਲੰਦ ਹੋਵੇ।
ਜਾਗੇ ਭਾਗ ਬ੍ਰਿਮਹਾ ਦੇ ਵਾਸੀਆਂ ਦੇ,
ਕੋਹਿ ਨੂਰ ਜਿਉਂ ਨੂਰ ਫੈਲਾ ਬੈਠਾ।
ਪਾਰਸ ਛੋਹਦਿਆਂ ਲੋਹੇ ਨੂੰ ਕਰੇ ਸਿਉਂਨਾ,
ਚੰਨਣ ਬਿਰਛ ਜਿਉਂ ਨਿੰਮ ਮਹਿਕਾ ਬੈਠਾ।
--------

1. ਗੁਰੂ ਹਰੀ ਸਿੰਘ ਜੀ, 2. ਸਤਿਗੁਰੂ ਰਾਮ ਸਿੰਘ ਜੀ ਦੀ ਮਾਤਾ ਦਾ ਨਾਂ ਸਦਾ ਕੌਰ ਸੀ, 3. ਬਾਰ ਬਟਨ



Sri Satguru Jagjit Singh Ji eLibrary NamdhariElibrary@gmail.com

ਬੱਦਲ ਉੱਡ ਗਏ ਦੇਸ਼ ਪੰਜਾਬ ਉੱਤੋਂ,
ਓਥੇ ਮਿਹਰ ਦਾ ਮੀਂਹ ਵਰਸਾ ਬੈਠਾ।
ਰੋਵਨ ਗੋਪੀਆਂ ਸ਼ਾਮ ਨੂੰ ਯਾਦ ਕਰ ਕਰ,
ਕਾਹਨ ਵੱਖਰੀ ਪੁਰੀ ਰਚਾ ਬੈਠਾ।
ਫਿਰਨ ਭਾਲਦੇ ਪਏ ਪਤੰਗ ਕਿਧਰੇ,
ਸ਼ਮ੍ਹਾਂ ਆਪਣੀ ਜੋਤ ਛੁਪਾ ਬੈਠਾ।
ਕਰਨ ਦੂਰ ਅਗਿਆਨ ਅੰਧੇਰ ਦੇ ਨੂੰ,
ਸੂਰਜ ਵਾਂਗ ਪ੍ਰਕਾਸ਼ ਖਿੰਡਾ ਬੈਠਾ।"

ਇਸ ਮੇਮ ਦੀ ਪਾਈ ਦੱਸ ਪਾਰੋਂ ਹੀ, ਬਾਬਾ ਦਰਬਾਰਾ ਸਿੰਘ. ਰੰਗੂਨ ਜਾ ਕੇ ਚੀਨੀ ਵਾਲੇ ਪਾਤਸ਼ਾਹ ਦੇ ਦਰਸ਼ਨ ਕਰਨ ਵਾਲੇ ਪਹਿਲੇ ਕੂਕੇ ਸਿੱਖ ਸਨ। ਨਾਮਧਾਰੀਆਂ ਦੇ ਇਤਿਹਾਸ ਵਿੱਚ ਕਾਵਨ ਦੀ ਮੇਮ ਜਿਉਂ ਬਟਨ ਦੀ ਮੇਮ ਦਾ ਨਾਉਂ ਵੀ ਹਮੇਸ਼ਾ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਜਾਇਗਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਾਰ ਦੇ ਇੱਕ ਦੌਰੇ ਸਮੇਂ ਬਿਰਧ ਹੋਏ ਬਾਰ ਬਟਨ ਨਾਲ ਮੁਲਾਕਾਤ ਕੀਤੀ ਸੀ ਇੱਥੇ ਇਸੇ ਕਸਬੇ ਬਾਰਬਟਨ ਵਿੱਚ ਆਕੇ। ਮੇਰੇ ਪਿਤਾ ਜੀ, ਜਥੇਦਾਰ ਗੁਰਮੁਖ ਸਿੰਘ ਝੱਬਰ, ਦੱਸਿਆ ਕਰਦੇ ਸਨ ਕਿ ਸਤਿਗੁਰੂ ਜੀ ਨੇ ਉਸ ਪਾਸੋਂ ਸਤਿਗੁਰੂ ਰਾਮ ਸਿੰਘ ਜੀ ਦੇ ਜ਼ਬਤ ਹੋਏ ਹੁਕਮਨਾਮਿਆਂ ਦਾ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ, ਪਰ ਉਹ ਇਹ ਕਹਿ ਕੇ ਟਾਲ ਗਿਆ ਕਿ ਮੈਂ ਇਹਨਾਂ ਦਾ ਸੁਬਹਾ ਸ਼ਾਮ ਨਿੱਤਨੇਮ ਜਿਉਂ ਪਾਠ ਕਰਦਾ ਹਾਂ ਕਿਸੇ ਨੂੰ ਨਹੀਂ ਵਿਖਾਉਂਦਾ। ਸ਼ਾਇਦ ਓਦੋਂ ਤੱਕ ਉਹ ਹੁਕਮਨਾਮੇ ਵਲਾਇਤ ਭੇਜ ਚੁੱਕਾ ਹੋਵੇ। ਭਾਈ ਸੁਰਜੀਤ ਸਿੰਘ 'ਜੀਤ' ਹੋਰਾਂ ਨੂੰ ਉੱਥੇ ਵਲਾਇਤ ਵਿੱਚ ਇਹਨਾਂ ਦੀ ਖੋਜ ਕਰਨੀ ਚਾਹੀਦੀ ਹੈ।

ਮੋਗੇ ਦੇ ਇਲਾਕੇ ਵਿੱਚ 'ਪ੍ਰਤਾਪੀ' ਦਾ ਇੱਕ ਰੋਮਾਂਟਿਕ ਕਿੱਸਾ ਵੀ ਹੋਇਆ ਹੈ। ਪ੍ਰਤਾਪੀ ਨੂੰ ਮਾਰਕੇ ਟਿੱਬਿਆਂ ਵਿੱਚ ਨੱਪ ਦਿੱਤਾ ਗਿਆ ਸੀ। ਉਥੋਂ ਉਸਦੀਆਂ ਹੱਡੀਆਂ ਵਾਰਬਰਟਨ ਨੇ ਹੀ ਲੱਭੀਆਂ ਸਨ ਮੁਕੱਦਮਾ ਚਲਾਉਣ ਲਈ। ਤਦੇ ਹੀ ਤਾਂ ਲੋਕ ਬੋਲੀ ਹੈ :-

"ਹੱਡ ਪਰਤਾਪੀ ਦੇ ਬਟਨ ਸਾਹਿਬ ਨੇ ਟੋਲੇ।"

ਇਧਰ ਬਾਰ ਦੇ ਇਲਾਕੇ ਵਿੱਚ ਵੀ ਬਟਨ ਪੁਰਾਣੀਆਂ ਚੋਰੀਆਂ ੫੦-੧੦੦ ਸਾਲ ਤੱਕ ਦੀਆਂ ਲੱਭਣ ਵਿੱਚ ਵੀ ਦੱਸਦੇ ਹਨ ਸਫ਼ਲ ਹੋਇਆ ਸੀ ਭਾਵੇਂ ਇਹ ਉਹਦਾ ਪੰਚਾਇਤੀ ਹੀ ਢੰਗ ਸੀ। ਪੰਜਾਬੀ ਸੱਭਿਆਚਾਰ ਨੇ ਆਪਣੀ ਝੋਲੀ ਵਿੱਚ ਪਾ ਕੇ ਇਸ ਵਿਦੇਸ਼ੀ ਕਿਰਦਾਰ ਨੂੰ ਅਲੋਪ ਹੋਣ ਤੋਂ ਬਚਾ ਲਿਆ।

ਤਕਰੀਬਨ ੯-੧੦ ਵਜੇ ਦੇ ਦਰਮਿਆਨ ਸੁਬਹ ੨ ਨਵੰਬਰ ਨੂੰ ਮਟਕ-ਮਟਕ ਤੁਰਦੀ ਸਾਡੀ ਰੇਲ ਗੱਡੀ ਨਨਕਾਣਾ ਸਾਹਿਬ ਦੇ ਸਟੇਸ਼ਨ ਤੇ ਅੱਪੜੀ। ਇਸ ਗੱਡੀ ਨੇ ਪੁਰਾਣੇ ਲੋਕ ਗੀਤ ਝੂਠੇ ਕਰ ਦਿੱਤੇ ਸਨ। ਕਿਉਂਕਿ 'ਯਾਰ ਦੀ ਤਰੀਕੇ ਜਾਣ' ਵਾਲੇ ਕਿਸੇ ਨੇ ਟਾਂਗੇ ਨੂੰ ਛੇਤੀ-ਛੇਤੀ ਟੋਰਨ ਲਈ ਕਿਹਾ ਤਾਂ ਉਹਦਾ ਜੁਆਲ ਸੀ-

"ਸਾਡੇ ਯੱਕੇ ਨੇ ਮਟਕ ਨਾਲ ਟੁਰਨਾ
ਕਾਹਲੀ ਏ ਤਾਂ ਰੇਲ ਚੜ੍ਹ ਜਾ।"

ਸਟੇਸ਼ਨ ਤੋਂ ਉਤਰ ਕੇ ਮੂੰਹ ਹੱਥ ਧੋ ਕੇ ਸਮਾਨ ਇੱਕ ਖੱਚਰ ਰੇਹੜੇ ਤੇ ਲੱਦ ਕੇ ਪਹੁੰਚ ਗਏ ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ ਵਿਖੇ, ਸ਼ਹਿਰ ਦੇ ਮੇਨ ਬਾਜ਼ਾਰ ਵਿੱਚ ਵਾਹਵਾ ਰੌਣਕ ਸੀ। ਗੁਰਪੁਰਬ ਤੇ ਆਏ ਸਿੱਖ ਯਾਤਰੂਆਂ ਦੇ ਦਰਸ਼ਨ ਦੀਦਾਰੇ ਕਰਨ ਦਾ ਸ਼ਹਿਰ ਅਤੇ ਇਲਾਕਾ ਨਿਵਾਸੀਆਂ ਨੂੰ ਵੱਡਾ ਚਾਉ ਅਤੇ ਉਮਾਹ ਬਣਿਆ ਰਹਿੰਦਾ ਹੈ।

ਇਹ ਸੀ ਸਿੱਖ ਸੰਸਾਰ ਦਾ ਮੱਕਾ ਜਾਂ ਯੋਰੋਸ਼ਲਮ, ਜਿੱਥੇ ੫੨੯ ਵਰ੍ਹੇ ਪਹਿਲਾਂ ਅਵਤਾਰ ਧਾਰ ਕੇ ਗੁਰੂ ਨਾਨਕ ਨੇ ਵਿਚਾਰਾਂ ਦੀ ਪਈ ਧੁੰਦ ਵਿਚੋਂ, ਸੱਚ ਦਾ ਸੂਰਜ, ਆਪਣੀ ਇਲਾਹੀ ਬਾਣੀ ਨਾਲ ਪ੍ਰਗਟ ਕੀਤਾ ਸੀ।

ਇਹ ਉਹੋ ਮੁਕੱਦਸ ਜਗ੍ਹਾ ਸੀ ਜਿੱਥੇ ਬਾਲ ਗੁਰੂ ਨਾਨਕ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਸਨ। ਪਹਿਲੀਆਂ ਕਿਲਕਾਰੀਆਂ ਮਾਰੀਆਂ ਸਨ। ਹੱਥ ਮੀਟੇ ਤੇ ਬੁਲ੍ਹ ਮਚਕੋੜੇ ਹੋਣਗੇ। ਜਿੱਥੇ ਉਹ ਪਹਿਲਾਂ ਗੋਡਿਆਂ ਭਾਰ ਰਿੜ੍ਹਿਆ ਅਤੇ ਫਿਰ ਨਿੱਕੀਆਂ-ਨਿੱਕੀਆਂ ਪਲਾਂਘਾ ਪੁੱਟਦਾ ਅਖੀਰ ਇੱਕ ਕਲਾਕਾਰ ਦੇ ਬਣਾਏ ਚਿਤਰ ਵਿੱਚ ਇੱਕ ਪਲਾਂਘ ਵਿੱਚ ਹੀ ਸਾਰੀ ਸ਼੍ਰਿਸ਼ਟੀ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ। ਇਥੇ ਹੀ ਬਾਬਾ ਹਾਣੀਆਂ ਨਾਲ ਲੁਕਣ ਮੀਟੀ, ਅੱਡੀ ਛੜੱਪਾ ਅਤੇ ਕਿਰਲ ਕਾਂਗਾ ਖੇਡਦਾ ਰਿਹਾ ਹੋਵੇਗਾ। ਇੱਥੇ ਹੀ ਪਿੰਡ ਦੇ ਮਾਲਕ ਰਾਇ ਬੁਲਾਰ ਭੱਟੀ ਨੇ ਇਸ ਵਿੱਲਖਣ ਸ਼ਖਸੀਅਤ ਵਾਲੇ ਬਾਲ ਦੀਆਂ ਅੱਖਾਂ ਵਿੱਚ ਜਗਤ ਜਲੰਦੇ ਲਈ ਇੱਕ ਕਲਿਆਣਕਾਰੀ ਸੋਚ ਪਲਦੀ ਵੇਖ ਕੇ ਉਹਨੂੰ ਪਛਾਣ ਲਿਆ ਸੀ। ਇਹੋ ਉਹ ਥਾਂ ਸੀ ਜਿੱਥੇ ਬਾਬੇ ਨੇ ਛੋਟੀ ਉਮਰ ਵਿੱਚ ਹਿੰਦਕੀ ਤੇਰਕੀ ਭਾਸ਼ਾਵਾਂ ਪੜ੍ਹੀਆਂ ਅਤੇ ਇਸ ਤਰ੍ਹਾਂ ਹਿੰਦੂ ਮੱਤ ਅਤੇ ਇਸਲਾਮ ਦੀਆਂ ਬੁਨਿਆਦੀ ਸਿੱਖਿਆਵਾਂ ਨੂੰ ਆਤਮ ਸਾਤ ਕਰਕੇ ਫਿਰ ਇਸ ਨਿਰਨੇ ਤੇ ਪੁੱਜਾ ਕਿ ਧਰਮ ਗ੍ਰੰਥਾਂ ਦਾ ਸੱਚ ਉਸ ਸੱਚ ਤੋਂ ਭਿੰਨ ਹੈ ਜਿਸ ਤੇ ਆਮ ਲੋਕ ਚੱਲ ਰਹੇ ਹਨ। ਧਰਮਾਂ ਵਿੱਚ ਆਈ ਜੜ੍ਹਤਾ ਨੂੰ ਤੋੜਨ ਲਈ ਬਾਬਾ ਇੱਥੋਂ ਹੀ ਘਰ ਛੱਡ ਕੇ ਤੁਰਿਆ ਸੀ। ਇਸੇ ਰਾਇ ਭੋਇੰ ਦੀ ਤਲਵੰਡੀ ਵਿੱਚ ਹੀ ਮਰਦਾਨੇ ਦੀ ਰਬਾਬ ਦੀਆਂ ਸੁਰਾਂ ਸੁਣਾ ਕੇ ਬਾਬੇ ਨੇ ਪਹਿਲੀ ਬਾਣੀ ਉਚਾਰੀ ਹੋਏਗੀ। ਨਨਕਾਣਾ ਸਾਹਿਬ ਵਿੱਚ ਹੀ ਭਾਈ ਬਾਲੇ ਦੇ ਖੂਹ ਦੇ ਅਵਸ਼ੇਸ਼ ਮੌਜੂਦ ਹੋਣੇ ਉਹਨਾਂ ਇਤਿਹਾਸਕਾਰਾਂ ਦਾ ਮੂੰਹ ਚਿੜਾਉਂਦੇ ਹਨ, ਜੋ ਬਾਲੇ ਨੂੰ ਕੋਈ ਕਲਪਿਤ ਵਿਅਕਤੀ ਸਮਝਦੇ ਹਨ ਅਖੇ ਭਾਈ ਗੁਰਦਾਸ ਨੇ ਜੁ ਉਹਦਾ ਨਾਂ ਨਹੀਂ ਲਿਖਿਆ ਆਪਣੀਆਂ ਵਾਰਾਂ ਵਿੱਚ। ਉਹਨਾਂ ਭਾਣੇ ਅੰਤਿਮ ਸੱਚ ਭਾਈ ਗੁਰਦਾਸ ਹੋਰਾਂ ਤੇ ਆ ਕੇ ਰੁਕ ਜਾਂਦਾ ਹੈ। ਇਸੇ ਪਿੰਡ ਦੀ ਜੂਹ ਵਿੱਚ ਹੀ ਲੰਮੀਆਂ


Sri Satguru Jagjit Singh Ji eLibrary NamdhariElibrary@gmail.com

ਉਦਾਸੀਆਂ ਤੇ ਨਿਕਲੇ ਗੁਰੂ ਨਾਨਕ ਨੂੰ ਉਡੀਕ-ਉਡੀਕ ਕੇ ਬਾਪੂ ਕਾਲੂ ਅਤੇ ਬੇਬੇ ਤ੍ਰਿਪਤਾ ਨੇ ਆਪਣੇ ਦੀਦੇ ਗਾਲੇ ਹੋਣਗੇ ਤੇ ਇਸੇ ਜੂਹ ਵਿੱਚ ਘੁਲੀਆਂ ਹੋਣਗੀਆਂ ਗੁਰੂ ਪਤਨੀ ਸੁਲੱਖਣੀ ਦੀਆਂ ਸਿਸਕੀਆਂ ਜਿਹੜੀ ਦੂਹ ਬੋਟਾਂ ਨੂੰ ਆਪਣੀ ਹਿੱਕੜੀ ਨਾਲ ਲਾ ਕੇ ਤਾਰਿਆਂ ਤੋਂ ਪ੍ਰਦੇਸੀਆਂ ਦੇ ਮੁੜਨ ਦਾ ਰਾਹ ਪੁੱਛਦੀ ਰਹਿੰਦੀ ਹੋਏਗੀ। ਏਥੇ ਹੀ ਰਹਿੰਦੀ ਸੀ ਮਿਰਾਸੀ ਮਰਦਾਨੇ ਦੀ ਉਹ ਘਰ ਵਾਲੀ, ਜਿਹਦੇ ਬਾਰੇ ਪ੍ਰਦੇਸ਼ ਵਿੱਚ ਮਰਦਾਨੇ ਦੇ ਫੌਤ ਹੋ ਜਾਣ ਤੇ ਬਾਬੇ ਨੇ ਹੌਕਾ ਭਰਿਆ ਸੀ ਮਰਦਾਨਿਆਂ ਮੈਂ ਘਰ ਜਾ ਕੇ ਕੀ ਦੱਸਾਂਗਾ ਤੇਰੀ ਮਿਰਾਸਣ ਨੂੰ ਜਦੋਂ ਉਸ ਪੁੱਛਿਆ, "ਨਾਨਕਾ! ਬੇਲੀ ਨੂੰ ਕਿੱਥੇ ਛੌੜ ਆਇਆ ਏਂ?"

ਇੱਥੇ ਸਾਡਾ ਨਿਵਾਸ ਗੁਰਦੁਆਰੇ ਦੀ ਦਰਸ਼ਨੀ ਡਿਉੜੀ ਵਿੱਚ ਵੜਦਿਆਂ ਸੱਜੇ ਹੱਥ ਜੋ ਗੁੰਬਦ ਹਨ, ਉਹਨਾਂ ਦੀ ਦੂਜੀ ਛੱਤ ਤੇ ਹੋਇਆ। ਮਿੱਟੀ ਕੱਚੀ ਦਾ ਹੇਠਾਂ ਪੋਚਾ ਫਿਰਿਆ ਸੀ ਕਮਰੇ ਦੇ ਫਰਸ਼ ਤੇ ਅਤੇ ਉੱਤੇ ਲੱਕੜਾਂ ਦੀ ਸੰਦੂਖੀ ਛੱਤ ਸੀ। ਦਰੀ ਇਕੋ ਹੀ ਮਿਲੀ। ਇਸ ਲਈ ਮੈਂ ਤੇ ਅਸਪਾਲ ਤਿੰਨ ਰਾਤਾਂ ਬਿਨਾਂ ਦਰੀ ਤੋਂ ਹੀ ਕੱਲਰ ਵਾਲੀ ਮਿੱਟੀ ਤੇ ਦੋ ਚਾਦਰਾਂ ਵਿਛਾ ਕੇ ਬਿਰਾਜਦੇ ਰਹੇ। ਦਿਨ ਭਰ ਤੁਰ ਫਿਰ ਕੇ ਏਨਾ ਥੱਕ ਜਾਈਦਾ ਸੀ ਕਿ ਰਾਤ ਨੂੰ ਨੀਂਦ ਇਸ ਤਰ੍ਹਾਂ ਆ ਜਾਂਦੀ ਸੀ ਜਿਵੇਂ ਕਿਸੇ ਮਖਮਲੀ ਬਿਸਤਰੇ ਤੇ ਪਏ ਹੋਈਏ। ਸਾਉਣ-ਬਹਿਣ ਦੀ ਥਾਂ ਤੋਂ ਸ਼ੌਚ ਇਸ਼ਨਾਨ ਦੀ ਜਗ੍ਹਾ ਵਾਹਵਾ ਦੂਰ ਸੀ, ਪਰ ਲੰਗਰ ਦੀ ਨਵੀਂ ਬਣੀ ਇਮਾਰਤ ਸਾਡੇ ਲਾਗੇ ਹੀ ਸੀ। ਜੈਸਾ ਸਾਫ਼ ਸਵੱਛ ਚਸ਼ਮੇ ਦਾ ਕੁੰਗੂ ਵਰਗਾ ਨਿਤਰਿਆ ਪਾਣੀ ਪੰਜੇ ਸਾਹਿਬ ਦਾ ਸੀ ਉਹਦੇ ਮੁਕਾਬਲੇ ਇਥੋਂ ਦਾ ਪਾਣੀ ਭਾਰਾ ਸੀ ਅਤੇ ਭੁੱਖ ਘੱਟ ਲਾਉਂਦਾ ਸੀ। ਇਸ ਪਾਣੀ ਨਾਲ ਤਾਂ ਦਾਹੜੇ ਵਿਚੋਂ ਸਾਬਣ ਵੀ ਚੱਜ ਨਾਲ ਨਹੀਂ ਸੀ ਨਿਕਲਦਾ। ਸਰੋਵਰ ਕਾਫ਼ੀ ਵੱਡਾ ਸੀ। ਪਰ ਉਸ ਵਿੱਚ ਤਾਜ਼ਾ ਜਲ ਪਤਾ ਨਹੀਂ ਕਦੋਂ ਦਾ ਛੱਡਿਆ ਗਿਆ ਸੀ। ਉਸ ਵਿੱਚ ਪੂਰੇ ਪਏ ਹੋਏ ਸਨ।

ਸਾਮਾਨ ਟਿਕਾ ਕੇ, ਇਸ਼ਨਾਨ ਜਲਪਾਨ ਆਦਿ ਕਰਕੇ ਅਸੀਂ ਗੁਰਦੁਆਰਾ ਜਨਮ ਸਥਾਨ ਦੇ ਮੁੱਖ ਦੁਆਰ ਤੋਂ ਫਿਰ ਬਾਹਰ ਨਿਕਲੇ। ਬਾਹਰ ਸੈਂਕੜਿਆਂ ਦੀ ਗਿਣਤੀ ਵਿੱਚ ਮੁਸਲਮਾਨ ਸੱਜਣ ਖਲੋਤੇ ਸਨ, ਜੋ ਏਧਰੋਂ ਉਹਨਾਂ ਦੇ ਪਿੰਡਾਂ ਵਿਚੋਂ ਗਏ ਜਾਂ ਉਧਰਲੇ ਪੰਜਾਬ ਵਿਚਲੇ ਉਹਨਾਂ ਦੇ ਪਿੰਡਾਂ ਵਿਚੋਂ ਆਏ ਸਿੱਖ ਯਾਤਰੀਆਂ ਨਾਲ ਰਾਬਤਾ ਕਾਇਮ ਕਰਨ ਲਈ ਡਾਢੇ ਉਤਾਵਲੇ ਸਨ ਤਾਂ ਕਿ ਪੁਰਾਣੀਆਂ ਸਾਂਝਾਂ ਸਿਆਣਾਂ ਅਤੇ ਯਾਦਾਂ ਨੂੰ ਪੁਨਰ ਜੀਵਿਤ ਕੀਤਾ ਜਾ ਸੱਕੇ। ਅਣਵੰਡੇ ਪੰਜਾਬ ਦੀ ਰੂਹ ਇੱਥੇ ਫੜਫੜਾਉਂਦੀ ਨਜ਼ਰ ਆਉਂਦੀ ਹੈ।

ਸਾਡੇ ਕੋਲ ਇੱਥੋਂ ਨੇੜੇ ਦੇ ਹੀ ਪਿੰਡ ਬੱਢੇ ਦੇ ਆਸ਼ਕ ਮਨੇਸ਼ ਨੂੰ ਦੇਣ ਲਈ ਇੱਕ ਖ਼ਤ ਸੀ ਜੋ ਕਰੀਵਾਲੇ ਤੋਂ ਸੇਠ ਕੁੰਦਨ ਸਿੰਘ ਝੱਬਰ, ਸੇਵਾ ਸਿੰਘ ਵਕੀਲ ਅਤੇ ਕਾਮਰੇਡ ਬਲਰਾਜ ਸਿੰਘ ਬਣੀ ਨੇ ਸਾਨੂੰ ਦਿੱਤਾ ਸੀ। ਕਾਮਰੇਡ ਚੰਨਣ ਸਿੰਘ ਵਿਰਕ ਕਰੀਵਾਲਾ ਨੇ ਉਸਦਾ ਫੋਨ ਨੰਬਰ ਵੀ ਦਿੱਤਾ ਸੀ। ਸੋ ਅਸਾਂ ਸੋਚਿਆ ਕਿ ਬਾਜ਼ਾਰ ਵਿਚੋਂ ਫੋਨ ਕਰਕੇ ਉਹਨਾਂ ਨੂੰ ਇੱਥੇ ਸੱਦ ਲੈਂਦੇ ਹਾਂ। ਅਸੀਂ ਮੁੱਖ ਗੇਟ ਤੋਂ ਅਜੇ ੨੦-੨੫ ਕਦਮ ਹੀ ਗਏ ਸਾਂ ਕਿ ਇੱਕ ਭਰਵੇਂ ਜੁੱਸੇ ਵਾਲੇ ਅਧਖੜ ਉਮਰ ਦੇ ਰਤਾ ਪੱਕੇ ਰੰਗ ਵਾਲੇ ਸਲਵਾਰ ਕਮੀਜ਼ ਪਾਈ ਘੋਖਵੀਆਂ ਨਜ਼ਰਾਂ ਨਾਲ ਸਾਨੂੰ ਪੜਤਾਲਦੇ ਪੱਗ ਬੰਨ੍ਹੀ ਵਾਲੇ ਸੱਜਣ ਨੇ ਪੁੱਛਿਆ ਕੀ ਤੁਸੀਂ ਸਿਰਸੇ ਜ਼ਿਲ੍ਹੇ ਵਿਚੋਂ ਆਏ ਹੋ। ਸਾਡੇ ਹਾਂ ਕਹਿਣ ਤੇ ਉਸ ਫਿਰ ਪੁੱਛ ਲਿਆ ਕਿ ਕਰੀਵਾਲੇ ਤੋਂ ਆਏ ਹੋ। ਹੁਣ ਵਾਰੀ ਪੁੱਛਣ ਦੀ ਸਾਡੀ ਸੀ ਮੈਂ ਕਿਹਾ, "ਤੁਸੀਂ ਆਸ਼ਕ ਬੱਢਾ ਹੋ।" ਉਹਦੇ ਹਾਂ ਕਹਿਣ ਤੋਂ ਪਹਿਲਾਂ ਹੀ ਦੁਪਾਸੀਂ ਜੱਫੀਆਂ ਪੈ ਗਈਆਂ। ਜਿਵੇਂ ਚਿਰ ਵਿਛੁੰਨੇ ਸੱਜਣ ਇੱਕ ਦੂਜੇ ਨੂੰ ਮਿਲਦੇ ਹਨ। ਦਰਅਸਲ ਸਾਡੇ ਨਾਲ ਨਾਮਧਾਰੀ ਦਸਤਾਰਾਂ ਵਾਲੇ ਕੁਝ ਯੁਵਕ ਵੀ ਸਨ ਜੋ ਸਾਡੇ ਇਲਾਕਾ ਜੀਵਨ ਨਗਰ ਦੇ ਵਾਸੀ ਹੋਣ ਦੀ ਨਿਸ਼ਾਨਦੇਹੀ ਕਰਦੇ ਸਨ।

ਬੱਢਾ ਪਿੰਡ ਏਥੋਂ ਨੇੜੇ ਹੀ ਹੈ ਅਤੇ ਆਸ਼ਕ ਮਨੇਸ ਗੋਤ ਦੇ ਜੱਟਾਂ ਦੇ ਪਰਿਵਾਰ ਨਾਲ ਸੰਬੰਧਿਤ ਹੈ। ਉਹ ਸ਼ੇਖ਼ੂਪੁਰਾ ਜ਼ਿਲ੍ਹੇ ਦੇ ਡਿਸਟਰਿਕਟ ਬੋਰਡ ਦਾ ਮੈਂਬਰ ਵੀ ਰਿਹਾ ਹੈ ਅਤੇ ਨਨਕਾਣਾ ਸਾਹਿਬ ਦੀ ਸ਼ੂਗਰ ਮਿੱਲ ਦਾ ਡਾਇਰੈਕਟਰ ਵੀ ਚੁਣਿਆ ਜਾਂਦਾ ਹੈ। ਉਸਦੇ ਪੁਰਖੇ ਕਦੇ ਭੱਟੀਆਂ ਵਿਚੋਂ ਨਿਕਲ ਕੇ ਫਿਰ ਮਨੇਸ ਜੱਟ ਬਣ ਗਏ ਸਨ। ਇਹ ਭੱਟੀ ਰਾਜਪੂਤ ਬਠਿੰਡਾ ਤੋਂ ਹਨੂਮਾਨਗੜ੍ਹ ਤੱਕ ਫੈਲੇ ਭਟਿਆਣੇ ਵਿੱਚ ਰਹਿੰਦੇ ਸਨ। ਆਸ਼ਕ ਦੇ ਦੱਸਣ ਮੁਤਾਬਿਕ ਇਹ ਲੋਕ ਕੁਝ ਸਦੀਆਂ ਪਹਿਲਾਂ ਜ਼ਿਲ੍ਹਾ ਸਿਰਸਾ ਦੇ ਰਾਣੀਆਂ ਇਲਾਕੇ ਦੇ ਵਿਚੋਂ ਹੀ ਸ਼ੇਖ਼ੂਪੁਰੇ ਵੱਲ ਆ ਕੇ ਆਬਾਦ ਹੋ ਗਏ ਸਨ। ਇਸ ਲਈ ਜ਼ਿਲ੍ਹਾ ਸਿਰਸਾ ਵਿਚੋਂ ਜਾਣ ਵਾਲਾ ਹਰ ਸਿੱਖ ਯਾਤਰੀ ਜਥਾ ਜੋ ਮੁੱਖ ਤੌਰ ਤੇ ਰਾਣੀਆਂ ਇਲਾਕੇ ਦੇ ਪਿੰਡਾਂ ਵਿਚੋਂ ਹੀ ਗਿਆ ਹੁੰਦਾ ਹੈ, ਆਸ਼ਕ ਮਨੇਸ ਦਾ ਆਸ਼ਕ ਬੱਢੇ ਦੀ ਖਿੱਚ ਦਾ ਵਿਸ਼ੇਸ਼ ਕੇਂਦਰ ਹੁੰਦਾ ਹੈ। ਇਹ ਗੱਲ ਮੈਥੋਂ ਪਹਿਲਾਂ ਇਧਰ ਆਉਣ ਵਾਲੇ ਲੋਕਾਂ ਨੇ ਮੈਨੂੰ ਦੱਸੀ ਸੀ ਅਤੇ ਬੱਢੇ ਨਾਲ ਸੰਪਰਕ ਸਾਧਣ ਲਈ ਚਿੱਠੀ ਵੀ ਉਹਨਾਂ ਤਾਂ ਹੀ ਦਿੱਤੀ ਸੀ। ਸਾਨੂੰ ੧੦-੧੨ ਜਣਿਆਂ ਨੂੰ ਉਹ ਤੁਰੰਤ ਨਾਲ ਲੱਗਦੀ ਦੁਕਾਨ ਤੇ ਲੈ ਗਿਆ ਅਤੇ ਠੰਢਿਆਂ ਨਾਲ ਰਾਤ ਦੇ ਰੇਲ ਦੇ ਸਫ਼ਰ ਦੀ ਸਾਡੀ ਗਰਮੀ ਉਸ ਦੂਰ ਕੀਤੀ। ਬਾਦ ਵਿੱਚ ਪਤਾ ਲੱਗਾ ਕਿ ਬੱਢੇ ਨੇ ਹੋਰ ਵੀ ਪਟਿਆਲਾ ਫ਼ੀਰੋਜ਼ਪੁਰ ਆਦਿ ਜ਼ਿਲ੍ਹਿਆਂ ਦੇ ਯਾਤਰੀਆਂ ਦੀ ਜੋ ਉਸਦੇ ਜਾਣ-ਪਛਾਣ ਵਾਲਿਆਂ ਨੂੰ ਮਿਲ ਕੇ ਆਏ ਸਨ, ਉਨ੍ਹਾਂ ਦੀ ਵੀ ਚੰਗੀ ਟਹਿਲ ਸੇਵਾ ਕੀਤੀ। ਪਟਿਆਲੇ ਜ਼ਿਲ੍ਹੇ ਵਿੱਚ ਉਸਦਾ ਬੱਢੇ ਪਿੰਡ ਦਾ ਮਨੇਸ ਸਿੱਖ ਭਾਈਚਾਰਾ ਰਹਿੰਦਾ ਹੈ। ਉਹ ਵਰ੍ਹੇ ਦੋ ਵਰ੍ਹਿਆਂ ਬਾਦ ਅਕਸਰ ਉਧਰ ਵੀ ਜਾਂਦਾ ਹੈ ਉਹਨਾਂ ਦੀ ਖੁਸ਼ੀ ਗ਼ਮੀ ਵਿੱਚ ਸ਼ਿਰਕਤ ਕਰਦਾ ਹੈ। ਜਿੰਨੇ ਦਿਨ ਜੱਥਾ ਨਨਕਾਣਾ ਸਾਹਿਬ ਜਾਂ ਲਾਹੌਰ ਰਹਿੰਦਾ ਹੈ ਉਹ ਪਛਾਵੇਂ ਵਾਂਗ ਇਹਦੇ ਨਾਲ-ਨਾਲ ਰਹਿੰਦਾ ਹੈ ਅਤੇ ਆਪਣੇ ਮੇਲੀਆਂ ਗੇਲੀਆਂ ਸਣੇ ਭਾਰਤੀ ਪੰਜਾਬ ਦੇ ਆਪਣੇ ਨਵੇਂ ਪੁਰਾਣੇ ਜਾਣੂਆਂ ਦੀ ਖਿਦਮਤ ਕਰਕੇ ਡਾਢਾ ਅਨੰਦ ਮਾਣਦਾ


Sri Satguru Jagjit Singh Ji eLibrary NamdhariElibrary@gmail.com

ਹੈ। ਸਾਡੇ ਇਲਾਕੇ ਵਿੱਚ ਤਾਂ ਇਸ ਅਦੁੱਤੀ ਪ੍ਰਾਹੁਣਾਚਾਰੀ ਸਦਕਾ ਆਸ਼ਕ ਬੱਢਾ ਇੱਕ ਘਰੇਲੂ ਨਾਮ ਬਣ ਚੁੱਕਾ ਹੈ। ਪਿਛਲੇ ਵਰ੍ਹੇ ਹਰਿਆਣਾ ਦਾ ਸਾਬਕਾ ਮੰਤਰੀ ਚੌ. ਜਗਦੀਸ਼ ਨਹਿਰਾ ਜਦੋਂ ਬਹਾਵਲ ਨਗਰ ਦੇ ਨੇੜੇ ਆਪਣੇ ਪੁਰਾਣੇ ਪਿੰਡ ਨੂੰ ਵੇਖਣ ਗਿਆ ਸੀ ਤਾਂ ਏਧਰਲੇ ਮਿੱਤਰਾਂ ਦੇ ਸੁਨੇਹੇ ਤੇ ਉਸਦਾ ਸੁਆਗਤ ਕਰਨ ਲਈ ਲਾਹੌਰ ਆਸ਼ਕ ਬੱਢਾ ਸਭ ਤੋਂ ਪਹਿਲਾਂ ਪੁੱਜਿਆ ਸੀ ਤੇ ਉਸਦੇ ਕਿਆਮ ਦੌਰਾਨ ਉਹਦੇ ਨਾਲ-ਨਾਲ ਰਿਹਾ ਸੀ। ਪੰਜਾਬ ਕੇਸਰੀ ਵਿੱਚ ਛਪੇ ਉਸਦੇ ਯਾਤਰਾ ਬਿਰਤਾਂਤ ਵਿੱਚ ਨਹਿਰੇ ਨੇ ਆਸ਼ਕ ਬੱਢੇ ਦੇ ਇਸ ਪੁਰ ਖਲੂਸ ਸੁਭਾਉ ਦੀ ਮੁਕਤ ਕੰਠ ਨਾਲ ਪ੍ਰਸ਼ੰਸਾ ਕੀਤੀ ਸੀ। ਜਲਪਾਨ, ਫਲਾਹਾਰ ਆਦਿ ਤੇ ਵਾਹਵਾ ਖਰਚਾ ਕਰਕੇ ਬਦੇਸ਼ੀ ਪ੍ਰਾਹੁਣਿਆਂ ਦੀ ਪ੍ਰਾਹੁਣਾਚਾਰੀ ਲੁੱਟਣਾ ਬੱਢੇ ਦਾ ਸ਼ੁਗਲ ਗਿਣਿਆ ਜਾਂਦਾ ਹੈ। ਇਸ ਤਰ੍ਹਾਂ ਦੇ ਲੋਕ ਦੋਹਾਂ ਦੇਸਾਂ ਦੇ ਵਿਚਾਲੇ ਦੋਸਤੀ ਦੇ ਮਜ਼ਬੂਤ ਪੁਲਾਂ ਦੀ ਉਸਾਰੀ ਕਰਦੇ ਹਨ। ਇਹ ਵੱਖਰੀ ਗੱਲ ਹੈ ਕਿ ਜਦੋਂ ਵੀ ਬੱਢਾ ਸਾਡੇ ਏਧਰ ਆਉਂਦਾ ਹੈ ਤਾਂ ਉਹਦੇ ਏਧਰਲੇ ਸੱਜਣ ਮਿੱਤਰ ਵੀ ਉਹਨੂੰ ਹੱਥਾਂ ਤੇ ਚੁੱਕੀ ਫਿਰਦੇ ਹਨ। ਉਹਦੀਆਂ ਦਾਅਵਤਾਂ ਅਤੇ ਮਹਿਫ਼ਿਲਾਂ ਮੁੱਕਣ ਵਿੱਚ ਨਹੀਂ ਆਉਂਦੀਆਂ। ਉਹਦੇ ਵੀਜ਼ੇ ਦੇ ਦਿਨ ਮੁੱਕ ਜਾਂਦੇ ਹਨ।

ਨਨਕਾਣਾ ਸਾਹਿਬ ਗੁਰਦੁਆਰੇ ਵਿੱਚ ਇਲਾਹੀ ਬਾਣੀ ਦਾ ਕੀਰਤਨ ਹੋ ਰਿਹਾ ਸੀ। ਪਰ ਇੱਕ ਚੀਜ਼ ਜਿਹਨੇ ਕੁਝ-ਕੁਝ ਪੰਜੇ ਸਾਹਿਬ ਅਤੇ ਨਨਕਾਣੇ ਸਾਹਿਬ ਚੋਖਾ ਪ੍ਰੇਸ਼ਾਨ ਕੀਤਾ ਉਹ ਸੀ ਇਥੋਂ ਦੇ ਸਿੰਧੀ ਨੌਜੁਆਨਾਂ ਮੁੰਡਿਆਂ-ਕੁੜੀਆਂ ਦੁਆਰਾ ਲਗਾਤਾਰ ਤਿੰਨ ਦਿਨ ਤੱਕ ਤੋਂ ਪਟਾਕਿਆਂ ਅਤੇ ਹੋਰ ਵੱਡੇ ਪਟਾਕਿਆਂ ਦੇ ਕੰਨ-ਪਾੜਵੇਂ ਸ਼ੋਰ ਦੀ ਮੁਹਿੰਮ ਚਲਾਈ ਰੱਖਣਾ। ਨਾ ਤਾਂ ਬਾਣੀ ਦੀ ਕੋਈ ਤੁਕ ਕੰਨਾਂ ਵਿੱਚ ਪੈਂਦੀ ਸੀ ਨਾਂ ਆਪੋ ਵਿੱਚ ਚੱਜ ਨਾਲ ਕੋਈ ਗੱਲ ਬਾਤ ਕੀਤੀ ਜਾ ਸਕਦੀ ਸੀ। ਰਾਤ ਨੂੰ ਤਾਂ ਇਉਂ ਹੁੰਦਾ ਸੀ ਜਿਵੇਂ ਸੈਨਾ ਦੀ ਚਾਂਦਮਾਰੀ ਹੋ ਰਹੀ ਹੋਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਲੇ ਸੱਜਣਾਂ ਨੂੰ ਇਸ ਪਟਾਕਿਆਂ ਦੇ ਸ਼ੋਰ ਸ਼ਰਾਬੇ ਬਾਰੇ ਕੁਝ ਸੋਚਣਾ ਚਾਹੀਦਾ ਹੈ।

ਲੰਗਰ ਪਾਣੀ ਤੋਂ ਬਾਦ ਦੁਪਹਿਰੇ ਕਰਨੈਲ ਸਿੰਘ ਅਸਪਾਲ, ਨਰਾਇਣ ਸਿੰਘ ਭਿੰਡਰ ਅਤੇ ਮੈਂ ਮਰਹੂਮ ਵਕੀਲ ਰਾਜੇ ਖਾਂ ਕੱਧਰ ਦੇ ਪਰਿਵਾਰ ਨੂੰ ਕਾਮਰੇਡ ਚੰਨਣ ਸਿੰਘ ਵਿਰਕ ਹੋਰਾਂ ਦਾ ਪੱਤਰ ਦੇਣ ਲਈ ਨਨਕਾਣਾ ਸਾਹਿਬ ਦੇ ਲੰਮ-ਸਲੰਮੇ ਬਾਜ਼ਾਰਾਂ ਵਿਚੋਂ ਹੁੰਦੇ ਹੋਏ ਥੋੜ੍ਹਾ ਪੁਰਾਣੇ ਸ਼ਹਿਰ ਤੋਂ ਬਾਹਰ ਨੂੰ ਨਿਕਲੇ। ਇੱਥੇ ਉਕਾੜਾ ਕੋਲ ਦੇ ਦੋ ਨੌਜੁਆਨ ਮੁੰਡਿਆਂ ਨੇ ਆਵਾਜ਼ ਦੇ ਕੇ ਰੋਕ ਲਿਆ। ਬਹੁਤ ਸੁਹਣੇ ਗੋਰੇ ਨਿਛੋਹ ਤਿਖੇ ਨਕਸ਼ਾਂ ਵਾਲੇ ਦੋਵੇਂ ਮੁੰਡੇ ਭਰਾ ਸਨ ਤੇ ਭਗਵਾਨ ਸਿੰਘ ਕਵੀ ਦੇ ਸ਼ਬਦਾਂ ਵਿੱਚ—

"ਸੁੰਦਰ ਸਰੂਪ ਤੇ ਅਨੂਪ ਮੁੱਖ ਗਾਂਝਣੇ ਦਾ
ਪਤਲਾ ਪਤੰਗ ਜਾਣੀ ਦੇਖਦੇ ਹੀ ਰਹੀਏ ਨੀ।
ਕੰਨੀ ਉਹਦੇ ਬੁੰਦੇ ਤੇ ਫੁਲੇਲ ਭਿੰਨੇ ਜੁੰਡੇ ਉਹਦੇ,
ਸੋਹਣੇ ਜਹੇ ਮੁੰਡੇ ਦੀ ਸਿਫ਼ਤ ਕੀਕੂੰ ਕਹੀਏ ਨੀ।"

ਇਸ ਤੇ ਵੀ ਤੁਰਾ ਇਹ ਕਿ ਦੋਵੇਂ ਮੁੰਡੇ ਠੇਠ ਮਿੱਠੀ ਮਾਝੀ ਵਿੱਚ ਗੱਲਬਾਤ ਕਰ ਰਹੇ ਸਨ। ਮੈਨੂੰ ਆਪਣੇ ਨਾਨਕੇ ਸਿਰਹਾਲੀ ਦਾ ਇਲਾਕਾ ਚੇਤੇ ਆ ਗਿਆ। ਮੁੰਡੇ ਤਾਂ ੨੦-੨੨ ਸਾਲਾਂ ਦੇ ਗੇੜ ਵਿੱਚ ਸਨ ਤੇ ਜਦੋਂ ਅਸੀਂ ਉਹਨਾਂ ਦੇ ਵਡੇਰਿਆਂ ਦਾ ਵਤਨ ਪੁੱਛਿਆ ਤਾਂ ਉਹ ਸਿਰਹਾਲੀ ਦੇ ਨੇੜੇ-ਤੇੜੇ ਦੇ ਹੀ ਨਿਕਲੇ। ਉਹਨਾਂ ਵਾਹਵਾ ਮੋਹ ਮੁਹੱਬਤ ਦੀਆਂ ਗੱਲਾਂਬਾਤਾਂ ਕੀਤੀਆਂ। ਪ੍ਰਮਾਣੂ ਧਮਾਕਿਆਂ ਦੀ ਦੁਪਾਸੀਂ ਨਿਖੇਧੀ ਕੀਤੀ। ਚਾਹ ਪਾਣੀ ਸਾਡੇ ਰੋਕਦਿਆਂ ਵੀ ਪਿਆਈ। ਮੰਗਣ ਤੇ ਅਸੀਂ ਕੜੇ ਉਹਨਾਂ ਨੂੰ ਭੇਟ ਕੀਤੇ ਜੋ ਕਿ ਅੰਮ੍ਰਿਤਸਰੋਂ ਅਸੀਂ ਵਾਹਵਾ ਲੈ ਗਏ ਸਾਂ। ਫਿਰ ਇਹ ਮੁੰਡੇ ਰਾਤ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਸਾਡੇ ਕਮਰੇ ਵਿੱਚ ਵੀ ਸਾਨੂੰ ਆ ਕੇ ਮਿਲੇ ਜਿੱਥੇ ਅਸਪਾਲ ਨੇ ਉਹਨਾਂ ਨੂੰ ਇੱਕ ਨਾਰੀਅਲ ਭੇਟ ਕੀਤਾ।

ਰਾਜੇ ਖਾਂ ਕੱਧਰ ਪੇਸ਼ੇ ਵੱਲੋਂ ਵਕੀਲ ਸਨ। ਉਹਨਾਂ ਦਾ ਘਰ ਇੱਥੋਂ ਨੇੜੇ ਹੀ ਲੱਭ ਗਿਆ। ਉਹ ਦੋਹਾਂ ਪੰਜਾਬਾਂ ਦੇ ਵਿਚਾਲੇ ਮੁਹੱਬਤ ਦੀਆਂ ਕਹਾਣੀਆਂ ਅਕਸਰ ਲਿਖਦੇ ਰਹਿੰਦੇ ਸਨ, ਜੋ ਕੁਝ ਛਪੀਆਂ ਹਨ ਅਤੇ ਕੁਝ ਅਣਛਪੀਆਂ। ਬੜੇ ਨੇਕ ਦਿਲ ਇਨਸਾਨ ਸਨ। ਕੁਝ ਵਰ੍ਹੇ ਪਹਿਲਾਂ ਅੱਲ੍ਹਾ ਨੂੰ ਪਿਆਰੇ ਹੋ ਗਏ ਹਨ। ਉਹਨਾਂ ਦਾ ਇਕੋ-ਇੱਕ ਪੁੱਤਰ ਇਮਰਾਨ ਬੈਂਕ ਮੁਲਾਜ਼ਮ ਹੈ ਅਤੇ ਉਹਨਾਂ ਜਿਉਂ ਹੀ ਯਾਰਾਂ ਦਾ ਯਾਰ ਹੈ। ਕੁੜੀਆਂ ੫-੬ ਹਨ। ਵੱਡੀ ਪੁੱਤਰੀ ਸਕੂਲਾਂ ਦੇ ਮਹਿਕਮੇ ਵਿੱਚ ਅਧਿਕਾਰੀ ਹੈ। ਛੋਟੀ ਅਧਿਆਪਕਾ ਹੈ। ਕੁੜੀਆਂ ਦੀ ਮਾਂ ਸਾਨੂੰ ਡਾਢੇ ਮੋਹ ਨਾਲ ਮਿਲੀ ਤੇ ਕੱਦਰ ਸਾਹਿਬ ਦੀਆਂ ਯਾਦਾਂ ਵਿੱਚ ਕਿੰਨਾ ਚਿਰ ਗੁਆਚੀ ਰਹੀ, ਜਦੋਂ ਅਸੀਂ ਕਾਮਰੇਡ ਵਿਰਕ ਦਾ ਖ਼ਤ ਉਹਨਾਂ ਨੂੰ ਦਿੱਤਾ। ਵਿਰਕ ਕਦੇ ਇਧਰ ਆਇਆ ਕੱਦਰ ਹੋਰਾਂ ਨੂੰ ਮਿਲ ਗਿਆ ਸੀ ਤੇ ਉਹਦਾ ਖਤੋ ਕਿਤਾਬਤ ਉਹਨਾਂ ਨਾਲ ਚੱਲਦਾ ਰਹਿੰਦਾ ਸੀ।

ਸ਼ੈਲਫ ਤੇ ਦੋ ਫੋਟੋ ਸਨ। ਵੱਡੀ ਲੜਕੀ ਨੇ ਦੱਸਿਆ ਕਿ ਔਹ ਤੇ ਮੇਰੇ ਅੱਬੂ ਹਨ ਤੇ ਦੂਜੇ ਪੇਂਡੂ ਪਹਿਰਾਵੇ ਵਿੱਚ ਜਿਹੜੇ ਨੇ ਉਹ ਨਾਲੇ ਮੇਰੇ ਤਾਇਆ ਨੇ ਤੇ ਨਾਲੇ ਸਹੁਰੇ ਵੀ ਨੇ। ਇਸਲਾਮੀ ਭਾਈਚਾਰਾ ਸੁਣਿਆ ਸੀ ਕਿ ਸਿਰਫ਼ ਮਾਂ ਦਾ ਦੁੱਧ ਹੀ ਛੱਡਦਾ ਹੈ। ਉਹ ਪ੍ਰਤੱਖ ਇਥੇ ਵੇਖ ਲਿਆ। ਚਾਹ ਪਾਣੀ ਪੀ ਕੇ ਅਸੀਂ ਪਰਤ ਆਏ। ਇਮਰਾਨ ਬੈਂਕ ਵਿੱਚ ਸੀ ਤੇ ਉਸ ਸ਼ਾਮੀਂ ਆਉਣਾ ਸੀ। ਓਪਰਿਆਂ ਵਾਸਤੇ ਕੱਦਰ ਪਰਿਵਾਰ ਦੀਆਂ ਬੇਟੀਆਂ ਦੇ ਇਸ ਨਿੱਘ ਤੋਂ ਅਸੀਂ ਡਾਢੇ ਮੁਤਾਸਿਰ ਹੋਏ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

# ਨਿਰੰਜਨ ਸਿੰਘ ਨੂਰ ਨੂੰ ਯਾਦ ਕਰਦਿਆਂ

—ਡਾ.ਡੀ.ਬੀ.ਰਾਏ

ਮੇਰੇ ਘਰ ਵਿੱਚ ਅਤਿ ਗੰਭੀਰਤਾ ਸੀ, ਸਾਰੇ ਉਦਾਸ ਸਨ। ਇੱਕ ਦੂਸਰੇ ਨਾਲ ਨਿਗ੍ਹਾ ਨਹੀਂ ਮਿਲਾ ਰਹੇ ਸਨ। ਕਿਹਾ ਨਹਿਸ਼ ਦਿਨ ਸੀ ਇਹ ੩ ਜੂਨ, ਵੀਰਵਾਰ ਦਾ। ਵੁਲਵਰਹੈਪਟਨ ਇੰਗਲੈਂਡ ਤੋਂ ਫੋਨ ਸੀ–ਨੂਰ ਸਾਹਿਬ ਨਹੀਂ ਰਹੇ। ਇਹ ਖ਼ਬਰ ਸਾਡੇ ਸਾਰਿਆਂ ਲਈ ਅਸਹਿ ਸੀ। ਬੇਟਾ ਦੀਪਕ ਕਦੇ ਘਰ ਅੰਦਰ ਝਾਕਦਾ ਤੇ ਕਦੇ ਬਾਹਰ ਖੇਤਾਂ ਵੱਲ ਝਾਕੀ ਜਾਂਦਾ। ਉਸ ਦੀਆਂ ਜਾਦੂਈ ਟੋਪੀਆਂ ਵਾਲਾ ਅੰਕਲ ਟੁਰ ਗਿਆ ਸੀ। ਦੀਪਕ ਦੇ ਚੁਟਕਲਿਆਂ ਦਾ ਉਹ ਸੁਦਾਈ ਸੀ। ਇੰਗਲੈਂਡ ਤੋਂ ਚੱਲਣ ਤੋਂ ਪਹਿਲਾਂ ਉਸ ਦੀ ਚਿੱਠੀ ਆਉਂਦੀ, "ਦੀਪਕ ਨੂੰ ਕਹਿਣਾ ਮੇਰੇ ਲਈ ਨਵੇਂ ਚੁਟਕਲੇ ਤਿਆਰ ਰਖੇ। ਮੈਨੂੰ ਉਸ ਦਾ ਲਖਨਵੀ ਅੰਦਾਜ਼ ਬੜਾ ਪਸੰਦ ਹੈ।"

ਇਸ ਵਾਰ ਇੰਗਲੈਂਡ ਪਰਤ ਕੇ ਉਸ ਦੀ ਚਿੱਠੀ ਆਈ ਸੀ...

'ਜਲਾਵਤਨ ਪੰਜਾਬ' ਦਾ ਖਰੜਾ ਤੁਸੀਂ ਡਾ. ਅਗਨੀਹੋਤਰੀ ਹੁਰਾਂ ਨੂੰ ਪੁੱਜਦਾ ਕਰ ਦਿੱਤਾ ਹੋਵੇਗਾ। ਇਸ ਬਾਰੇ ਵਰਿਆਮ ਸੰਧੂ ਹੁਰਾਂ ਦਾ ਹੁੰਗਾਰਾ ਵੀ ਹਾਂ–ਪੱਖੀ ਸੀ। ਕ੍ਰਿਪਾ ਕਰਕੇ ਡਾ. ਅਗਨੀਹੋਤਰੀ ਹੁਰਾਂ ਕੋਲੋਂ ਇਸ ਕਿਤਾਬ ਨੂੰ ਛਾਪਣ ਬਾਰੇ ਟਾਇਮ–ਟੇਬਲ ਲੈਣ ਦੀ ਖੇਚਲ ਕਰੋ। 'ਜ਼ਫਰਨਾਮਾ' ਪੰਜਾਬੀ ਯੂਨੀਵਰਸਿਟੀ ਨੇ ਛਾਪ ਦਿੱਤਾ ਹੈ। ਕਾਪੀ ਨਾ ਮਿਲੀ ਹੋਵੇ ਤਾਂ ਜੋਸਣ ਬਰੱਦਰਜ਼ ਨਾਲ ਸੰਪਰਕ ਕਰ ਲੈਣਾ।

"ਦੀਪਕ ਦੀ ਪੜ੍ਹਾਈ ਠੀਕ ਚੱਲ ਰਹੀ ਹੋਵੇਗੀ। ਇਸ ਵਾਰ ਮੈਂ ਉਹਦੇ ਲਈ ਕਿਸੇ ਨਵੀਂ ਜਾਦੂ–ਵਸਤੂ ਦੀ ਭਾਲ ਵਿੱਚ ਹਾਂ। ਉਹਨੂੰ ਕਹਿਣਾ ਇਸ ਬਾਰੇ ਮੇਰੀ ਸਫ਼ਲਤਾ ਲਈ ਪ੍ਰਾਰਥਨਾ ਕਰੇ।"

ਮੈਂ ਮੁਸੀਬਤ ਦਾ ਮਾਰਿਆ ੧੯੯੮ ਵਿੱਚ ਪਹਿਲੀ ਵਾਰ ਇੰਗਲੈਂਡ ਗਿਆ ਸਾਂ। ਇਸ ਫੇਰੀ ਦੌਰਾਨ ਨਵੰਬਰ, ੧੯੯੮ ਵਿੱਚ ਹੀ ਮੇਰੀ ਨੂਰ ਸਾਹਿਬ ਨਾਲ ਮੁਲਾਕਾਤ ਹੋਈ ਸੀ। ਨਵੰਬਰ ਦੇ ਇੱਕ ਐਤਵਾਰ ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰ.ਬ੍ਰ) ਦੇ ਇੱਕ ਸਮਾਗਮ ਵਿੱਚ ਉਨ੍ਹਾਂ ਨੇ ਮੈਨਰ ਪਾਰਕ ਦੀ ਲਾਇਬ੍ਰੇਰੀ ਵਿੱਚ ਆਪਣੀ ਨਜ਼ਮ 'ਪਿੰਗਲੇ' ਪੜ੍ਹੀ। ਨਜ਼ਮ ਸੁਣ ਕੇ ਮੈਂ ਸਟੇਜ 'ਤੇ ਜਾ ਚੜ੍ਹਿਆ ਤੇ ਪਤਾ ਨਹੀਂ ਕੀ ਕੁਝ ਬੋਲ ਗਿਆ। ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ਸੀ ਕਿ ਕਵਿਤਾ ਕਿਵੇਂ ਆਦਮੀ ਨੂੰ ਹਲੂਣ ਕੇ ਰੱਖ ਦਿੰਦੀ ਹੈ। ਇਸ ਮਗਰੋਂ ਸਾਡਾ ਆਪਸੀ ਸੰਪਰਕ ਬਣ ਗਿਆ। ਨੂਰ ਸਾਹਿਬ ਆਪਣੇ ਕੰਮ 'ਤੇ ਜਾਣ ਤੋਂ ਪਹਿਲਾਂ ਕਦੇ ਸਾਨੂੰ ਬਾਰੋ ਦੀਆਂ ਲਾਇਬ੍ਰੇਰੀਆਂ ਵਿੱਚ ਛੱਡ ਜਾਂਦੇ ਕਦੇ ਬੱਚਿਆਂ ਦੇ ਸਕੂਲ ਵਿੱਚ ਤੇ ਕਦੇ ਉਨ੍ਹਾਂ ਸਭਾਵਾਂ ਵਿੱਚ ਜਿਥੇ ਏਸ਼ੀਅਨ ਭਾਸ਼ਾਵਾਂ ਦੇ ਪਾਠ–ਕ੍ਰਮ ਵਿਚਾਰੇ ਜਾਣੇ ਸਨ। ਉਨ੍ਹਾਂ ਦਾ ਮੇਰੀ ਜ਼ਿੰਦਗੀ ਵਿੱਚ ਅਛੋਪਲੇ ਹੀ ਚਲੇ ਆਉਣਾ ਮੇਰੀ ਖ਼ੁਸ਼–ਨਸੀਬੀ ਸੀ। ਜਦੋਂ ਮੈਂ ਵਾਪਸ ਭਾਰਤ ਪਰਤਿਆ ਤਾਂ ਮੇਰਾ ਦਿਲ ਟਹਿਕਿਆ ਹੋਇਆ ਸੀ। ਮੇਰੇ ਸਨੇਹੀ ਮੈਨੂੰ ਪੁੱਛਦੇ, 'ਤੇਰੀ ਇੰਗਲੈਂਡ ਦੀ ਪ੍ਰਾਪਤੀ ਕੀ ਹੈ?' ਤੇ ਮੇਰੇ ਮੂੰਹੋਂ ਆਪ–ਮੁਹਾਰੇ. ਨਿਕਲ ਜਾਂਦਾ—ਨਿਰਸੰਦੇਹ 'ਨਿਰੰਜਨ ਨੂਰ।'

੬ ਜਨਵਰੀ, ੧੯੩੩ ਨੂੰ ਚੱਕ ਨੰਬਰ ੧੪੫/੯ ਪਾਕਿਸਤਾਨ ਵਿੱਚ ਜੰਮੇ ਨਿਰੰਜਨ ਨੂਰ ਭਾਰਤ–ਪਾਕਿ ਵੰਡ ਸਮੇਂ ਸ਼ਾਲਾਪੁਰ ਬੇਟ (ਸੁਲਤਾਨਪੁਰ ਲੋਧੀ) ਆ ਵੱਸੇ। ੧੯੬੫ ਵਿੱਚ ਇੰਗਲੈਂਡ ਜਾਣ ਤੋਂ ਪਹਿਲਾਂ ਉਨ੍ਹਾਂ ਨੇ ੧੨ ਸਾਲ ਅਧਿਆਪਨ ਦਾ ਕੰਮ ਕੀਤਾ। ਇਸ ਸਮੇਂ ਦੌਰਾਨ ਵੀ ਉਹ ਕਵਿਤਾ ਦੇ ਸੁਲਤਾਨ ਸਨ। ਉਨ੍ਹਾਂ ਦੀ ਕਵਿ–ਪੁਸਤਕ 'ਮੁਕਤੀ' ਇਸ ਕਾਲ ਦੀ ਰਚਨਾ ਹੈ, ਜਿਸ ਦੀ ਪੁਸਤਕ–ਪੜਚੋਲ ਕਰਦਿਆਂ ਪ੍ਰੋ. ਬ੍ਰਹਮ ਜਗਦੀਸ਼ ਸਿੰਘ ਲਿਖਦਾ ਹੈ, 'ਉਨ੍ਹਾਂ ਦਿਨਾਂ ਵਿੱਚ ਦੋ ਕਵੀ, ਕਵੀ ਦਰਬਾਰਾਂ ਦੀ ਜ਼ੀਨਤ ਹੋਇਆ ਕਰਦੇ ਸਨ–ਸਵਰਗੀ ਸ਼ਿਵ ਕੁਮਾਰ ਬਟਾਲਵੀ ਅਤੇ ਨਿਰੰਜਨ ਸਿੰਘ ਨਾਕਿਸ (ਨੂਰ ਸਾਹਿਬ ਦਾ ਉਸ ਵੇਲੇ ਦਾ ਤਖ਼ੱਲਸ)। ਦੋਹਾਂ ਕਵੀਆਂ ਦਾ ਅਨੁਭਵ–ਖੇਤਰ, ਸ਼ਿਲਪ ਵਿਧੀਆਂ ਅਤੇ ਕਾਵਿ–ਪੇਸ਼ਕਾਰੀਆਂ ਇੱਕ ਦੂਜੇ ਤੋਂ ਬਿਲਕੁਲ ਵੱਖ ਹੋਣ ਦੇ ਬਾਵਜੂਦ ਸਰੋਤੇ ਇਨ੍ਹਾਂ ਦੋਹਾਂ ਨੂੰ ਇਕੋ ਜਿਤਨਾ ਮਾਨ–ਸਨਮਾਨ ਪ੍ਰਦਾਨ ਕਰਿਆ ਕਰਦੇ ਸਨ। ਮੈਂ ਇਨ੍ਹਾਂ ਦੋਹਾਂ ਕਵੀਆਂ ਨੂੰ ੧੯੬੦–੬੧ ਵਿੱਚ ਮੁਕਤਸਰ–ਮਾਘੀ ਦੇ ਮੇਲੇ 'ਤੇ ਕਰਵਾਏ ਗਏ ਇੱਕ ਕਵੀ ਦਰਬਾਰ ਵਿੱਚ ਪਹਿਲੀ ਵਾਰ ਸੁਣਿਆ ਸੀ। ਮੰਚ–ਸੰਚਾਲਨ ਪੰਜਾਬੀ ਦੇ ਪ੍ਰਸਿੱਧ ਚਿੰਤਕ ਡਾ. ਜੀਤ ਸਿੰਘ ਸੀਤਲ ਕਰ ਰਹੇ ਸਨ। ਭਾਵੇਂ ਦੋਵੇਂ ਕਵੀ ਦਰਬਾਰ 'ਤੇ ਛਾਏ ਰਹੇ, ਪ੍ਰੰਤੂ ਨਿਰੰਜਨ ਸਿੰਘ ਨੂਰ ਦੀਆਂ ਰੁਬਾਈਆਂ ਵਿਚਲੀ ਅਨੁਭਵ ਦੀ ਤਾਜ਼ਗੀ ਅਤੇ ਸ਼ਿੱਦਤ ਨੇ ਸ਼ਿਵ ਕੁਮਾਰ ਬਟਾਲਵੀ ਦੀ ਸਰੋਦੀ ਹੂਕ ਨੂੰ ਵੀ ਮੱਧਮ ਪਾ ਦਿੱਤਾ ਸੀ। ਨੂਰ ਆਪਣੀਆਂ ਰੁਬਾਈਆਂ ਸੁਣਾ ਰਿਹਾ ਸੀ ਅਤੇ ਸਰੋਤੇ ਉਸ ਤੋਂ 'ਹੋਰ–ਹੋਰ' ਦੀ ਮੰਗ ਕਰ ਰਹੇ ਸਨ। ਇਨ੍ਹਾਂ ਰੁਬਾਈਆਂ ਵਿੱਚ ਅਨੁਭਵ ਦੀ ਤਾਜ਼ਗੀ ਅਤੇ ਸ਼ਿੱਦਤ ਦੇ ਨਾਲ–ਨਾਲ ਲੋਕ–ਸੱਚ ਦੀ ਪੇਸ਼ਕਾਰੀ ਵੀ ਬੜੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਹੋਈ ਸੀ।'

ਨੂਰ ਸਾਹਿਬ ਨੇ ਐੱਮ.ਏ. (ਇਤਿਹਾਸ), ਐੱਮ.ਐੱਸ.ਸੀ. (ਐਥਿਕਸ ਐਂਡ ਰੇਸ ਰਿਲੇਸ਼ਨਜ਼) ਅਤੇ ਡਿਪਲੋਮਾ ਇਨ ਐਜੂਕੇਸ਼ਨ ਵਰਗੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਹੋਈਆਂ ਸਨ। ਵਿਦੇਸ਼ ਵਿੱਚ ਉਨ੍ਹਾਂ ਮਜ਼ਦੂਰੀ, ਡਾਕੀਏ, ਅਧਿਆਪਕ, ਰੇਸ ਇਕੁਐਲਟੀ ਐਡਵਾਈਜ਼ਰ ਵਰਗੀਆਂ ਨੌਕਰੀਆਂ ਕੀਤੀਆਂ। ੧੯੭੭ ਵਿੱਚ ਉਹ ਏਸ਼ੀਅਨ ਕਾਂਟੀਨਿਊਇੰਗ ਐਜੂਕੇਸ਼ਨ ਡਵੀਜ਼ਨ (ਏ.ਸੀ.ਸੀ.), ਕਮਿਊਨਿਟੀ ਐਜੂਕੇਸ਼ਨ ਅਤੇ ਐਫਰੋ–ਕੈਰਿਬੀਅਨ ਕਾਂਟੀਨਿਊਇੰਗ ਐਜੂਕੇਸ਼ਨ ਡਵੀਜ਼ਨ ਦੇ ਡਾਇਰੈਕਟਰ ਵਜੋਂ ਸੇਵਾ ਮੁਕਤ ਹੋਏ। ਉੱਥੇ



Sri Satguru Jagjit Singh Ji eLibrary NamdhariElibrary@gmail.com

ਉਹ ਹੁਣ ਤੱਕ ਵੀ ਸਲਾਹਕਾਰ ਵਜੋਂ ਕੰਮ ਕਰ ਰਹੇ ਸਨ। ਉਨ੍ਹਾਂ ਦੀਆਂ ਪ੍ਰਾਪਤੀਆਂ ਮੀਲ ਪੱਥਰ ਵਾਂਗ ਹਨ। ਇੰਗਲੈਂਡ ਵਿੱਚ ਬੀ.ਏ. ਅਤੇ ਐਮ.ਏ. ਪੱਧਰ ਦੀਆਂ ਪੰਜਾਬੀ ਦੀਆਂ ਕਲਾਸਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਹਿਯੋਗ ਨਾਲ ਸ਼ੁਰੂ ਕਰਨੀਆਂ ਉਨ੍ਹਾਂ ਦਾ ਵੱਡਾ ਉੱਦਮ ਸੀ। ਪੰਜਾਬੀ ਵਿੱਚ ਉਨ੍ਹਾਂ ਨੇਂ ਕਾਵਿ ਪੁਸਤਕਾਂ ਅਤੇ ਅੰਗਰੇਜ਼ੀ ਵਿੱਚ ਚਾਰ ਪੁਸਤਕਾਂ ਤੋਂ ਇਲਾਵਾ ਬਹੁਤ ਸਾਰੇ ਖੋਜ ਪੱਤਰ ਵੀ ਲਿਖੇ। ਉਨ੍ਹਾਂ ਦੀ ਵਾਰਤਕ ਵਿੱਚ ਨਿਬੰਧਾਂ ਦੀ ਪੁਸਤਕ 'ਜਲਾਵਤਨ ਪੰਜਾਬ' ਦਾ ਖਰੜਾ ਛਪਣ ਲਈ ਤਿਆਰ ਪਿਆ ਹੈ (ਜਿਸ ਦਾ ਜ਼ਿਕਰ ਮੈਨੂੰ ਲਿਖੇ ਪੱਤਰ ਵਿੱਚ ਵੀ ਹੈ) ਪਰ ਉਹ ਇਸ ਦੀ ਗੰਢ ਨੂੰ ਵਿੱਚੇ ਛੱਡ ਕੇ ਤੁਰ ਗਏ।

ਉਨ੍ਹਾਂ ਦੁਆਰਾ ਲੜਿਆ ਸਕੂਲੀ ਬੱਚੇ ਦਾ ਪਗੜੀ ਕੇਸ ਇਤਿਹਾਸਕ ਘਟਨਾ ਵਾਂਗ ਲੋਕ ਦਿਲਾਂ 'ਤੇ ਉਕਰਿਆ ਹੈ। ਉਨ੍ਹਾਂ ਦੀ ਬਤੌਰ ਜਨਰਲ ਸਕੱਤਰ, ਪ੍ਰਗਤੀਸ਼ੀਲ ਲਿਖਾਰੀ ਸਭਾ (ਗ੍ਰ-ਬ੍ਰ) ਦੇਣ ਭੁਲਾਇਆਂ ਨਹੀਂ ਭੁਲ ਸਕਦੀ। ਆਲ ਇੰਡੀਆ ਲਿਟਰੇਰੀ ਕੌਂਸਲ ਵੱਲੋਂ ਉੱਤਮ ਕਵੀ ਸਨਮਾਨ, ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤਾ ਉੱਤਮ ਕਵੀ ਸਨਮਾਨ, ਏਸ਼ੀਆਈ ਲੇਖਕ ਸਭਾ ਡੈਨਮਾਰਕ ਵੱਲੋਂ ਦਿੱਤਾ ਬੁਲ੍ਹੇ ਸ਼ਾਹ ਸਨਮਾਨ, ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤਾ ਉੱਤਮ ਕਵੀ (ਬਦੇਸ਼ੀ) ਸਨਮਾਨ, ਕੇਂਦਰੀ ਪੰਜਾਬੀ ਲੇਖਕ ਸਭਾ ਜਲੰਧਰ ਵੱਲੋਂ ਦਿੱਤਾ ਸੋਹਨ ਸਿੰਘ ਜੋਸ਼ ਸਨਮਾਨ ਉਨ੍ਹਾਂ ਦੇ ਮੁੱਖ ਮਾਣ-ਸਨਮਾਨ ਹਨ।



ਉਹ ਵਧੀਆ ਇਨਸਾਨ ਸੀ। ਉਸ ਨੂੰ ਅਹਿਸਾਸ ਸੀ :-

ਫਰਿਸ਼ਤੇ ਸੇ ਬਿਹਤਰ ਹੈ ਇਨਸਾਨ ਬਣਨਾ।
ਮਗਰ ਇਸ ਮੇਂ ਲਗਤੀ ਹੈ ਮਿਹਨਤ ਜ਼ਿਆਦਾ।

ਉਦਾਰਚਿਤ, ਗਹਿਰ-ਗੰਭੀਰ, ਡੂੰਘਾ ਅਨੁਭਵ, ਵਿਸ਼ਾਲ ਤਜਰਬਾ, ਮੌਲਿਕ ਦ੍ਰਿਸ਼ਟੀਕੋਣ ਅਤੇ ਨਿਵੇਕਲਾ ਅੰਦਾਜ਼ ਇਸ ਸਭ ਦਾ ਜੋੜ ਸੀ-ਨਿਰੰਜਨ ਨੂਰ। ਉਹ ਨਿਰੰਜਨ ਵੀ ਸੀ ਤੇ ਨੂਰ ਵੀ। ਉਸ ਨੇ ਸਥਾਪਤੀ ਦੇ ਖਿਲਾਫ਼ ਸੰਘਰਸ਼ ਕੀਤਾ। ਉਹ ਐਸਾ ਸੰਸਾਰ ਸਿਰਜਣਾ ਚਾਹੁੰਦਾ ਸੀ ਜੋ ਜੀਣ ਜੋਗ ਹੋਵੇ। ਉਹ ਜੀਵਨ ਦੇ ਕੋਹਜ਼ ਅਤੇ ਕੁਹੱਤਣ ਨੂੰ ਧੋਂਦਾ-ਸਵਾਰਦਾ ਤੇ ਇਸ ਵਿੱਚ ਮਿਠਾਸ ਭਰਨ ਦਾ ਹੀਲਾ ਕਰਦਾ ਰਿਹਾ-ਸੰਸਾਰਕ ਪੀੜਾ ਦੇ ਅਹਿਸਾਸ ਨੂੰ ਜਗਾਉਂਦਾ ਰਿਹਾ।

ਮੈਂ ਤਾਂ ਜ਼ੁਲਮ ਦੀ ਕਬਰ 'ਤੇ ਨੱਚਦੀ-ਨੱਚਦੀ ਮਰ ਜਾਣਾ।
ਦਿਲ ਦੀ ਅੱਗ 'ਚ ਇਨਕਲਾਬ ਦਾ ਰਾਹ ਰੋਸ਼ਨ ਕਰ ਜਾਣਾ।

ਉਸ ਨੇ ਜੀਵਨ ਵਿੱਚ ਆਈ ਹਰ ਵੰਗਾਰ ਨੂੰ ਕਬੂਲਿਆ, ਲਲਕਾਰਿਆ, ਇੱਕ ਟੱਕ ਹੋ ਕੇ ਸਮੱਸਿਆ ਨਾਲ ਜੂਝਿਆ। ਇਹੀ ਉਸ ਦਾ ਧਰਮ ਸੀ-ਇਹੋ ਕਰਮ :-

'ਨੂਰ ਦਾ ਧਰਮ ਮੱਸਿਆ ਨੂੰ ਲਲਕਾਰਨਾ,
ਨੂਰ ਦਾ ਦੇਸ਼ ਕਿਹੜੀ ਦਿਸ਼ਾ ਵਿੱਚ ਨਹੀਂ?
ਜੇ ਮੈਂ ਪੱਛਮ 'ਚ ਨਾ ਤੜਫਦਾ ਜੂਝਦਾ,
ਘੋਰ ਇਲਜ਼ਾਮ ਸੀ ਮੇਰੇ ਪਰਵਾਸ 'ਤੇ।'

ਉਹ ਕਰਮ ਯੋਗੀ ਸੀ, ਕਰਮ ਨਿਸ਼ਠ, ਗਿਆਨ ਨਿਸ਼ਠ, ਸੱਤ ਨਿਸ਼ਠ ਵਿਅਕਤੀ। ਉਸ ਵਿੱਚ ਆਤਮ-ਵਿਸ਼ਵਾਸ ਸੀ, ਉਤਸ਼ਾਹ ਸੀ, ਹਿੰਮਤ ਸੀ ਇਸੇ ਲਈ ਉਸ ਨੂੰ ਚਲਦੇ ਰਹਿਣ ਵਿੱਚ ਮਜ਼ਾ ਆਉਂਦਾ ਸੀ :-

'ਅਜੀਬ ਸ਼ਖ਼ਸ਼ ਹੈ, ਮੰਜ਼ਿਲ ਪੇ ਭੀ ਨਹੀਂ ਰੁਕਤਾ,
ਸਫ਼ਰ ਤਮਾਮ ਹੂਆ, ਫਿਰ ਭੀ ਵੋਹ ਸਫ਼ਰ ਮੇਂ ਹੈ।'

ਨੂਰ ਨੇ ਕਦੇ ਘੱਟ ਹੀ ਕਿਸੇ ਨੂੰ ਖੇਚਲ ਦਿੱਤੀ ਸੀ, ਇਥੋਂ ਤੱਕ ਕਿ ਮਰਨ ਵੇਲੇ ਡਾਕਟਰ ਜਾਂ ਘਰਦਿਆਂ ਨੂੰ ਵੀ ਨਹੀਂ-ਬਸ ਚੁੱਪ-ਚਾਪ ਤੁਰ ਗਿਆ। ਉਹ ਇੱਕ ਦਰਿਆ ਸੀ ਜੋ ਬਾਹਰੋਂ ਸ਼ਾਂਤ ਪਰ ਉਸ ਦੇ ਅੰਦਰ ਘੋਰੂ ਮੱਚਿਆ ਰਹਿੰਦਾ ਸੀ। ਇਹ ਸੂਰਜ ਉਸ ਦੇ ਅੰਦਰ ਮਘਦਾ ਰਹਿੰਦਾ ਸੀ—ਇਕ ਸੂਰਜ ਉਸ ਦੇ ਬਾਹਰ ਚਮਕ ਰਿਹਾ ਸੀ ਤੇ ਉਹ ਨੂਰੋ-ਨੂਰ ਸੀ।

ਨੂਰ ਇਸ ਵਾਰ ਜਦ ਭਾਰਤ ਆਇਆ ਤਾਂ ਉਸ ਦੇ ਅੰਦਰ ਇੱਕ ਖ਼ਾਸ ਤਰ੍ਹਾਂ ਦੀ ਕਾਹਲ ਸੀ। ਇੱਕ ਕਾਵਿ-ਸੰਗ੍ਰਹਿ 'ਮੋਮਬੱਤੀਆਂ ਤੂਫਾਨ ਵਿੱਚ' ਉਹ ਇੰਗਲੈਂਡ ਤੋਂ ਤਿਆਰ ਕਰਕੇ ਲਿਆਇਆ ਸੀ। ਇਕ ਪੁਸਤਕ 'The Best Friday' ('ਦੀ ਬੈਸਟ ਫਰਾਈਡੇ) ਇਕਦਮ ਇੱਥੇ ਤਿਆਰ ਕਰਵਾਈ। 'ਜ਼ਫ਼ਰਨਾਮਾ' ਪੰਜਾਬੀ ਅੰਗਰੇਜ਼ੀ ਅਨੁਵਾਦ ਤਿਆਰ ਹੋਇਆ। ਬਸ ਇੱਕ ਪੁਸਤਕ 'ਜਲਾਵਤਨ ਪੰਜਾਬ' ਅਧੂਰੀ ਛੱਡ ਕੇ ਇੰਗਲੈਂਡ ਪਰਤ ਗਿਆ। ਉਹ ਸਭ ਕੁਝ ਜਲਦੀ-ਜਲਦੀ ਸਮੇਟ ਰਿਹਾ ਸੀ। ਉਸ ਨੂੰ ਸ਼ਾਇਦ ਆਪਣੇ ਥੋੜ੍ਹ ਸਮੇਂ ਦਾ ਅਹਿਸਾਸ ਸੀ।

ਪੰਜਾਬੀ ਜਗਤ ਡਾ. ਕਰਨੈਲ ਸਿੰਘ ਥਿੰਦ ਦਾ ਰਿਣੀ ਰਹੇਗਾ ਕਿ ਉਨ੍ਹਾਂ ਨੇ ਨਿਰੰਜਨ ਨੂਰ ਦਾ ਅਭਿਨੰਦਨ ਗ੍ਰੰਥ 'ਨੂਰ ਦਾ ਵਣਜਾਰਾ' ਬੜੇ ਠੀਕ ਸਮੇਂ 'ਤੇ ਤਿਆਰ ਕਰਵਾ ਦਿੱਤਾ ਸੀ। ਉਨ੍ਹਾਂ ਦਾ ਬਕਾਇਆ ਕੰਮ ਪੰਜਾਬੀ ਜਗਤ ਦੀ ਜ਼ੁੰਮੇਵਾਰੀ ਹੈ।

'ਕਵਿਤਾ ਤੁਰਦੀ ਹੈ ਜ਼ਿੰਦਗੀ ਵਾਂਗ ਕਹਿੰਦਾ-ਕਹਿੰਦਾ ਨੂਰ ਵੀ ਤੁਰ ਗਿਆ। ਪਰ ਉਸ ਦੇ ਤੁਰ ਜਾਣ ਦਾ ਵਿਸ਼ਵਾਸ ਜਿਹਾ ਨਹੀਂ ਹੁੰਦਾ। ਮੇਰੇ ਚੁਫੇਰੇ ਰੈਕ ਵਿੱਚ ਪਈਆਂ ਨੂਰ ਦੀਆਂ ਪੁਸਤਕਾਂ, ਪੱਤਰ ਤੇ ਤਸਵੀਰਾਂ ਵਿਚੋਂ ਮੈਨੂੰ ਲੱਗਦਾ ਹੁਣੇ ਕੋਈ ਉਠ ਕੇ ਆਖੇਗਾ, ਜਨਾਬ ਡੀ.ਬੀ.ਏ. ਸਾਹਿਬ/ਕਾਸ਼ ਇਹ ਸੰਭਵ ਹੁੰਦਾ।

ਮੈਨੂੰ ਆਪਣੀ ਨਜ਼ਮ ਦੇ ਗਿਆ ਸੀ ਤੇ ਇੱਕ ਆਦੇਸ਼ ਵੀ ਕਿ ਦੀਵਾ ਬਾਲ ਕੇ ਰੱਖੀਂ—

ਤੇ ਮੈਂ ਦੀਵਾ ਬਾਲ ਕੇ ਪਛਤਾ ਰਿਹਾ ਹਾਂ ਕਿ ਦੀਵਾ ਤਾਂ ਟੁਰ ਜਾਣ ਦੀ ਨਿਸ਼ਾਨੀ ਤੇ ਪਰਤ ਆਉਣ ਦਾ ਝਾਂਸਾ ਹੈ।



Sri Satguru Jagjit Singh Ji eLibrary NamdhariElibrary@gmail.com

# ਜਾਣੇ ਅਣਜਾਣੇ ਸਫ਼ਰ

## ਤਿਆਰੀ ਅਤੇ ਜਹਾਜ਼ ਦੀ ਸਵਾਰੀ

(ਕਿਸ਼ਤ ੪)

—ਸੁਪਨਦੀਪ ਸੰਧੂ

ਜਦੋਂ ਇੰਗਲੈਂਡ ਰਹਿੰਦੇ ਮੇਰੇ ਮਾਮਾ ਜੀ ਦੇ ਪੁੱਤਰ ਜਸਪਾਲ ਨੂੰ ਮੇਰਾ ਵੀਜ਼ਾ ਲੱਗ ਜਾਣ ਦਾ ਪਤਾ ਚੱਲਿਆ, ਉਹ ਬਹੁਤ ਖ਼ੁਸ਼ ਹੋਇਆ।

"ਅਸੀਂ ਸੁਪਨ ਦੀ ਟਿਕਟ ਭੇਜ ਦਿੰਦੇ ਹਾਂ।"

ਜਸਪਾਲ ਦੇ ਜੁਆਬ ਵਿੱਚ ਡੈਡੀ ਨੇ ਕਿਹਾ, "ਟਿਕਟ ਤਾਂ ਇਸ ਦੀ ਅਸੀਂ ਆਪ ਹੀ ਖਰੀਦਾਂਗੇ। ਉਂਝ ਸ਼ਾਬਾਸ਼ ਤੁਹਾਡੇ ਜਿਹੜੇ ਇੰਨੀ ਰੁਝੇਵੇਂ ਭਰੀ ਜ਼ਿੰਦਗੀ ਵਿੱਚ ਸੁਪਨ ਨੂੰ ਆਪਣੇ ਕੋਲ ਕੁਝ ਦਿਨ ਰੱਖਣ ਲਈ ਖ਼ੁਸ਼ੀ-ਖ਼ੁਸ਼ੀ ਬੁਲਾ ਰਹੇ ਹੋ।"

"ਲਓ ਇਹ ਕਿਹੜੀ ਗੱਲ ਹੈ। ਸੁਪਨ ਸਾਡਾ ਛੋਟਾ ਵੀਰ ਹੈ। ਬੱਸ ਹੁਣ ਇਹਨੂੰ ਛੇਤੀ ਤੋਂ ਛੇਤੀ ਸਾਡੇ ਕੋਲ ਭੇਜ ਦਿਓ।"

ਅਗਲੇ ਇਕ ਦੋ ਦਿਨਾਂ ਵਿੱਚ ਮੈਂ ਵੱਖ-ਵੱਖ ਏਅਰ ਲਾਈਨਜ਼ ਵਾਲਿਆਂ ਤੋਂ ਟਿਕਟਾਂ ਦੇ ਰੇਟ ਪਤਾ ਕੀਤੇ ਤੇ ਆਖਿਰ ਉਜ਼ਬੇਕਿਸਤਾਨ ਏਅਰਲਾਈਨਜ਼ ਦੀ ਟਿਕਟ ਖਰੀਦ ਲਈ।

੨੩ ਅਗਸਤ ਐਤਵਾਰ ਵਾਲੇ ਦਿਨ ੧੧.੪੦ ਉੱਤੇ ਮੇਰੀ ਫਲਾਈਟ ਸੀ। ਅਸੀਂ ੨੨ ਤਰੀਕ ਸ਼ਾਮ ਨੂੰ ਟਰੇਨ ਉੱਤੇ ਦਿੱਲੀ ਜਾਣ ਦੀ ਯੋਜਨਾ ਬਣਾਈ। ਮੇਰੇ ਮੰਮੀ ਨੇ ਬੜੇ ਪਿਆਰ ਨਾਲ ਮੇਰੇ ਲਈ ਤੇ ਇੰਗਲੈਂਡ ਰਹਿੰਦੇ ਰਿਸ਼ਤੇਦਾਰਾਂ ਲਈ ਕੱਪੜੇ ਵਗ਼ੈਰਾ ਲਿਆਂਦੇ ਤੇ ਹਰ ਚੀਜ਼ ਥਾਂ ਸਿਰ ਟਿਕਾ ਕੇ ਮੇਰਾ ਸੂਟਕੇਸ ਤਿਆਰ ਕੀਤਾ। ਇਕ ਡਾਇਰੀ ਸੂਟਕੇਸ ਦੀ ਜੇਬ ਵਿੱਚ ਟਿਕਾ ਕੇ ਮੰਮੀ ਨੇ ਮੈਨੂੰ ਗਲ ਨਾਲ ਲਾਇਆ ਤੇ ਮੇਰਾ ਮੱਥਾ ਚੁੰਮ ਕੇ ਆਖਿਆ, "ਮੇਰਾ ਪੁੱਤ ਇਸ ਡਾਇਰੀ ਉੱਤੇ ਨਾਲ ਦੀ ਨਾਲ ਨੋਟਿਸ ਲੈਂਦੇ ਜਾਣਾ ਤਾਂ ਕਿ ਜਦੋਂ ਤੂੰ ਵਾਪਸ ਆਵੇਂ ਤਾਂ ਆਪਣੇ ਡੈਡੀ ਤੋਂ ਵੀ ਵਧੀਆ ਸਫ਼ਰਨਾਮਾ ਲਿਖ ਕੇ ਵਿਖਾਵੇਂ।"

ਸ਼ਾਮ ਨੂੰ ਮੇਰੇ ਸਾਰੇ ਦੋਸਤ ਮੇਰੇ ਘਰ ਇਕੱਠੇ ਹੋਣਾ ਸ਼ੁਰੂ ਹੋ ਗਏ। ਮੇਰੇ ਡੈਡੀ ਦੇ ਕੁਝ ਦੋਸਤ ਵੀ, ਮੈਨੂੰ ਵਿਦਾ ਕਰਨ ਲਈ ਆਏ। ਉਨ੍ਹਾਂ ਵਿਚੋਂ ਗੁਰਮੀਤ ਸਿੰਘ, ਹਰਮੀਤ ਸਿੰਘ ਤੇ ਬਲਬੀਰ ਸਿੰਘ ਬਾਸੀ ਤਿੰਨੇ ਡੈਡੀ ਨੂੰ ਆਪਣੀ ਗੱਡੀ ਵਿੱਚ ਬਿਠਾ ਕੇ ਤੇ ਮੇਰਾ ਸਾਮਾਨ ਲੱਦ ਕੇ ਸਟੇਸ਼ਨ ਨੂੰ ਤੁਰੇ ਤਾਂ ਮੈਂ ਵੀ ਆਪਣੇ ਦੋਸਤਾਂ ਦੀ ਢਾਣੀ ਦੇ ਸਾਥ ਵਿੱਚ ਰਵਾਨਾ ਹੋਣ ਲੱਗਾ। ਜਦੋਂ ਘਰਦਿਆਂ ਨੂੰ ਮਿਲ ਕੇ ਮੈਂ ਤੁਰਿਆ ਤਾਂ ਦੋ ਕਦਮ ਚੱਲ ਕੇ ਮੈਂ ਪਿਛਾਂ ਭੌਂਅ ਕੇ ਵੇਖਿਆ, ਮੰਮੀ ਦਰਵਾਜ਼ੇ ਦੇ ਇੱਕ ਪਾਸੇ ਹੋ ਕੇ ਆਪਣੇ ਅੱਥਰੂ ਪੂੰਝ ਰਹੀ ਸੀ। ਮੈਂ ਪਿੱਛੇ ਮੁੜਿਆ ਤੇ ਮੰਮੀ ਨੂੰ ਗਲ ਨਾਲ ਲਾ ਕੇ ਆਖਿਆ, "ਮੈਂ ਕਿਹੜਾ ਪੱਕਾ ਜਾ ਰਿਹਾ ਹਾਂ। ਛੇਤੀ ਹੀ ਆ ਜਾਣਾ ਹੈ।" ਏਨਾ ਹੌਸਲਾ ਦੇ ਕੇ ਮੈਂ ਸਕੂਟਰਾਂ ਤੇ ਮੋਟਰ ਸਾਈਕਲਾਂ ਦੀ ਲਾਮਡੋਰੀ ਸਮੇਤ ਆਪਣੇ ਦੋਸਤਾਂ ਨਾਲ ਪਲੇਟਫਾਰਮ 'ਤੇ ਪਹੁੰਚ ਗਿਆ।

ਨੌਂ ਵਜੇ ਆਉਣ ਵਾਲੀ ਟਾਟਾ-ਮੋਗੀ ਲੇਟ ਸੀ। ਡੈਡੀ ਮੇਰੇ ਨਾਲ ਦਿੱਲੀ ਜਾ ਰਹੇ ਸਨ। ਗੱਡੀ ਲੇਟ ਹੋਣ ਕਾਰਨ ਡੈਡੀ ਨੇ ਆਪਣੇ ਦੋਸਤਾਂ ਨੂੰ ਤਾਂ ਵਾਪਸ ਭੇਜ ਦਿੱਤਾ ਪਰ ਮੇਰੇ ਇਹ ਅੱਠ ਦੱਸ ਦੋਸਤ ਅਜੇ ਵੀ ਮੇਰੇ ਦੁਆਲੇ ਝੁਰਮਟ ਪਾਈ ਗੱਪਾਂ ਮਾਰਨ ਵਿੱਚ ਮਗਨ ਸਨ। ਮੈਂ ਵੀ ਆਪਣੇ ਦੋਸਤਾਂ ਵਿੱਚ ਰੁਝਿਆ ਹੋਇਆ ਸਾਂ ਪਰ ਡੈਡੀ ਇਕੱਲੇ ਇੱਕ ਪਾਸੇ ਖੜੋਤੇ ਹੋਏ ਮੇਰੇ ਮਾਹੌਲ ਨੂੰ ਵੇਖ ਜਾਂਚ ਰਹੇ ਸਨ। ਗੱਡੀ ਦੋ-ਢਾਈ ਘੰਟੇ ਲੇਟ ਹੋ ਗਈ। ਇਸ ਲਈ ਮੈਂ ਵੀ ਆਪਣੇ ਦੋਸਤਾਂ ਨੂੰ ਰਾਤ ਜ਼ਿਆਦਾ ਹੋ ਜਾਣ ਕਰਕੇ ਘਰੋਂ-ਘਰੀਂ ਜਾਣ ਲਈ ਆਖ ਦਿੱਤਾ। ਪਰ ਮੇਰੇ ਦੋ ਦੋਸਤ ਲੱਕੀ ਅਤੇ ਰਮਣੀਕ ਗੱਡੀ ਆਉਣ ਤੱਕ ਮੇਰੇ ਕੋਲ ਹੀ ਰੁਕਣਾ ਚਾਹੁੰਦੇ ਸਨ। ਜਦੋਂ ਦੇਰ ਰਾਤ ਤੱਕ ਰਮਣੀਕ ਘਰ ਨਾ ਪੁੱਜਾ ਤਾਂ ਫ਼ਿਕਰਮੰਦ ਹੋਏ ਉਸ ਦੇ ਡੈਡੀ ਉਸਨੂੰ ਲੱਭਦੇ ਸਾਡੇ ਤੱਕ ਪਹੁੰਚੇ।

ਉਹ ਘਰ ਦੱਸ ਵਜੇ ਵਾਪਸ ਪਰਤਣ ਲਈ ਕਹਿ ਕੇ ਆਇਆ ਸੀ। ਪਰ ਹੁਣ ਤਾਂ ਬਾਰਾਂ ਵੱਜ ਚੁੱਕੇ ਸਨ। ਮੈਂ ਅਤੇ ਡੈਡੀ ਨੇ ਉਸ ਨੂੰ ਬਦੋਬਦੀ ਉਸ ਦੇ ਡੈਡੀ ਨਾਲ ਵਾਪਸ ਤੋਰ ਦਿੱਤਾ। ਕੁਝ ਮਿੰਟਾਂ ਬਾਅਦ ਹੀ ਟਰੇਨ ਆ ਗਈ। ਮੈਂ ਅਜੇ ਡੱਬਾ ਲੱਭਦਾ ਹੀ ਪਿਆ ਸਾਂ ਕਿ ਰਮਣੀਕ ਪਤਾ ਨਹੀਂ ਕਿਧਰੋਂ ਪੌੜੀਆਂ ਉੱਤਰ ਕੇ ਭੱਜਾ ਤੇ ਮੇਰੇ ਤੇ ਲੱਕੀ ਨਾਲ ਰਲ ਕੇ ਸਾਮਾਨ ਅੰਦਰ ਰਖਵਾਉਣ ਲੱਗਾ। ਗੱਡੀ ਤੁਰੀ ਤੇ ਮੈਂ ਲੱਕੀ ਤੇ ਰਮਣੀਕ ਨੂੰ ਅਲਵਿਦਾ ਕਹਿ ਕੇ ਆਪਣੀ ਸੀਟ 'ਤੇ ਆ ਬੈਠਾ। ਮੇਰੇ ਕੋਲ ਡੈਡੀ ਨਾਲ ਸਾਂਝੀ ਕਰਨ ਵਾਸਤੇ ਕੋਈ ਗੱਲਬਾਤ ਨਹੀਂ ਸੀ। ਮੇਰੇ ਮਨ ਵਿੱਚ ਤਾਂ ਹੁਣੇ ਤੁਰ ਗਏ ਦੋਸਤਾਂ ਦੀ ਯਾਦ ਸੀ ਜਾਂ ਅਗਲੇ ਦਿਨ ਜਹਾਜ਼ 'ਤੇ ਚੜ੍ਹਨ ਦਾ ਚਾਅ। ਮੈਂ ਡੈਡੀ ਨੂੰ ਹੇਠਲੇ ਸਲੀਪਰ 'ਤੇ ਅਰਾਮ ਕਰਨ ਲਈ ਆਖ ਕੇ ਆਪਣੇ ਲਈ ਰਿਜ਼ਰਵ ਉਪਰਲੇ ਸਲੀਪਰ 'ਤੇ ਸੌਂ ਗਿਆ।

ਗੱਡੀ ਸਵੇਰੇ ਸੱਤ ਵਜੇ ਦਿੱਲੀ ਰੇਲਵੇ ਸਟੇਸ਼ਨ 'ਤੇ ਪਹੁੰਚੀ। ਦਿੱਤੇ ਹੋਏ ਸਮੇਂ ਮੁਤਾਬਿਕ ੧੧.੪੦ 'ਤੇ ਜਹਾਜ਼ ਉੱਡਣਾ ਸੀ ਤੇ ਤਿੰਨ ਘੰਟੇ ਪਹਿਲਾਂ ਮੁੱਢਲੀ ਕਾਰਵਾਈ ਲਈ ਸਾਡਾ ਏਅਰਪੋਰਟ 'ਤੇ ਪਹੁੰਚਣਾ ਜ਼ਰੂਰੀ ਸੀ। ਇਸ ਲਈ ਅਸੀਂ ਗੱਡੀ ਵਿੱਚ ਹੀ ਮੂੰਹ ਹੱਥ ਧੋਤਾ। ਮੈਂ ਕੱਪੜੇ ਬਦਲੇ ਤੇ ਤਿਆਰ ਹੋ ਗਿਆ।

ਟੈਕਸੀ ਪਕੜ ਕੇ ਅਸੀਂ ਅੰਤਰਰਾਸ਼ਟਰੀ ਇੰਦਰਾ ਗਾਂਧੀ ਹਵਾਈ ਅੱਡੇ 'ਤੇ ਪਹੁੰਚ ਗਏ। ਉਥੇ ਪਹੁੰਚਦਿਆਂ ਸਾਢੇ ਅੱਠ ਵੱਜਣ ਹੀ ਵਾਲੇ ਸਨ। ਲੋਕ ਟਰਾਲੀਆਂ 'ਤੇ ਆਪਣਾ ਸਾਮਾਨ ਲੱਦੀ ਅੰਦਰ ਦਾਖਿਲ ਹੋ ਰਹੇ ਸਨ। ਮੈਂ ਵੀ ਆਪਣਾ ਸਾਮਾਨ ਟਰਾਲੀ ਵਿੱਚ ਲੱਦਿਆ। ਸਾਡੇ ਲਾਗੇ ਹੀ ਇੱਕ ਮੇਰਾ ਹਮ-ਉਮਰ ਲੜਕਾ ਖੜੋਤਾ ਸੀ ਜਿਸ ਦੇ ਕੰਨਾਂ ਵਿੱਚ ਮੁੰਦਰਾਂ ਤੇ ਗਲ ਵਿੱਚ ਸੋਨੇ ਦੀ ਵੱਡੀ ਗਾਨੀ ਸੀ। ਉਸ ਦੇ ਮਾਂ-ਬਾਪ ਉਸਨੂੰ ਚੜ੍ਹਾਉਣ ਆਏ ਹੋਏ ਸਨ। ਇਹ ਪਤਾ ਲੱਗਣ 'ਤੇ ਕਿ ਉਹ ਮੁੰਡਾ ਇੰਗਲੈਂਡ ਜਾ ਰਿਹਾ ਹੈ। ਡੈਡੀ ਨੇ ਉਸ ਨਾਲ ਮੇਰੀ ਜਾਣ ਪਹਿਚਾਣ ਕਰਾਈ ਤੇ ਦੱਸਿਆ ਕਿ ਇਹ ਵੀ



Sri Satguru Jagjit Singh Ji eLibrary NamdhariElibrary@gmail.com

ਇੰਗਲੈਂਡ ਜਾ ਰਿਹਾ ਹੈ। ਉਹ ਮੁੰਡਾ ਪਹਿਲਾਂ ਵੀ ਇੰਗਲੈਂਡ ਜਾ ਚੁੱਕਾ ਸੀ ਤੇ ਹੁਣ ਇੰਗਲੈਂਡ ਮੈਰਿਜ ਬੇਸ 'ਤੇ ਪੱਕਾ ਰਹਿਣ ਜਾ ਰਿਹਾ ਹੈ। ਡੈਡੀ ਦੇ ਮਨ ਵਿੱਚ ਸੀ ਕਿ ਚਲੋ ਇਸ ਨੂੰ ਇਸਦਾ ਆਸਰਾ ਹੋ ਜਾਵੇਗਾ। ਅੰਦਰ ਜਾਣ ਦਾ ਟਾਈਮ ਹੋ ਚੁੱਕਾ ਸੀ। ਡੈਡੀ ਨੇ ਮੈਨੂੰ ਅੰਦਰ ਦੀ ਕਾਰਵਾਈ ਦੀ ਸਾਰੀ ਤਰਤੀਬ ਸਮਝਾਈ ਅਤੇ ਨਾਲ ਹੀ ਉਨ੍ਹਾਂ ਨੇ ਫ਼ਿਕਰ ਜ਼ਾਹਿਰ ਕੀਤਾ:-

"ਸੁਪਨ ਤੈਨੂੰ ਇਮੀਗਰੇਸ਼ਨ ਵਾਲੇ ਤੰਗ ਨਾ ਕਰਨ। ਆਪਾਂ ਲੇਟ ਹੋ ਗਏ, ਨਹੀਂ ਤਾਂ ਆਪਾਂ ਸੁਦੇਸ਼ ਨੂੰ ਮਿਲ ਲੈਣਾ ਸੀ।" ਸੁਦੇਸ਼ ਦਿੱਲੀ ਪੁਲਿਸ ਵਿੱਚ ਅਸਿਸਟੈਂਟ ਪੁਲਿਸ ਕਮਿਸ਼ਨਰ ਸੀ ਤੇ ਘਰੇਲੂ ਉਡਾਨਾਂ ਵਾਲੇ ਹਵਾਈ ਅੱਡੇ 'ਤੇ ਉਸ ਦੀ ਡਿਊਟੀ ਸੀ। ਉਹ ਮੇਰੇ ਅੰਕਲ ਪਹਿਲਵਾਨ ਕਰਤਾਰ ਸਿੰਘ ਦਾ ਪਹਿਲਵਾਨ ਦੋਸਤ ਸੀ ਤੇ ਮੇਰੇ ਡੈਡੀ ਦਾ ਵੀ ਜਾਣੂ ਸੀ। ਅੰਕਲ ਕਰਤਾਰ ਸਿੰਘ ਤੋਂ ਵੱਡੇ ਅੰਕਲ ਗੁਰਚਰਨ ਸਿੰਘ ਨੇ ਕੱਲ ਫੋਨ ਉੱਤੇ ਸੁਦੇਸ਼ ਨਾਲ ਸਾਡੇ ਆਉਣ ਬਾਰੇ ਗੱਲ ਵੀ ਕਰ ਲਈ ਸੀ। ਉਸ ਨੇ ਅੱਗੇ ਕਿਹਾ ਸੀ ਕਿ ਅਸੀਂ ਉਸਨੂੰ ਉਸਦੀ ਡਿਊਟੀ 'ਤੇ ਜਾ ਕੇ ਮਿਲ ਲਈਏ। ਉਹ ਆਪ ਜਾਵੇ ਜਾਂ ਕੋਈ ਬੰਦਾ ਭੇਜੇ, ਸਾਨੂੰ ਕੋਈ ਅੜਚਣ ਨਹੀਂ ਆਉਣ ਲੱਗੀ। ਪਰ ਗੱਡੀ ਲੇਟ ਹੋਣ ਕਰਕੇ ਸਾਨੂੰ ਉਸ ਨੂੰ ਮਿਲਣ ਦਾ ਸਮਾਂ ਹੀ ਨਹੀਂ ਸੀ ਬਚ ਸਕਿਆ। ਮੈਂ ਡੈਡੀ ਦੇ ਫ਼ਿਕਰਮੰਦ ਚਿਹਰੇ ਵੱਲ ਵੇਖ ਕੇ ਆਖਿਆ, "ਡੈਡੀ ਤੁਸੀਂ ਫ਼ਿਕਰ ਨਾ ਕਰੋ, ਇਨ੍ਹਾਂ ਨੂੰ ਮੈਂ ਏਥੇ ਇੱਕ ਪੈਸਾ ਨਹੀਂ ਦੇਣ ਲੱਗਾ।"

ਮੇਰਾ ਸਵੈਭਰੋਸਾ ਵੇਖ ਕੇ ਡੈਡੀ ਮੁਸਕਰਾਏ ਤੇ ਮੈਨੂੰ ਗਲ ਨਾਲ ਲਾ ਕੇ ਲਾਈਨ ਵਿੱਚ ਅੱਗੇ ਤੁਰਨ ਲਈ ਕਿਹਾ। ਪਾਸਪੋਰਟ ਅਤੇ ਟਿਕਟ ਮੇਰੇ ਹੱਥ ਵਿੱਚ ਸੀ। ਦਰਵਾਜ਼ੇ ਉੱਤੇ ਖੜੋਤੇ ਕਰਮਚਾਰੀ ਨੂੰ ਹੋਰਨਾਂ ਵਾਂਗੂੰ ਮੈਂ ਵੀ ਪਾਸਪੋਰਟ ਤੇ ਟਿਕਟ ਵਿਖਾਈ ਤੇ ਏਅਰਪੋਰਟ ਦੇ ਅੰਦਰ ਦਾਖਿਲ ਹੋ ਗਿਆ।

ਅੰਦਰ ਵੜਦਿਆਂ ਮੈਂ ਏਅਰਪੋਰਟ ਦੇ ਵਿਸ਼ਾਲ ਹਾਲ ਵੱਲ ਝਾਤੀ ਮਾਰਦਿਆਂ ਨਾਲ ਦੇ ਮੁੰਡੇ ਨੂੰ ਉਸ ਦਾ ਨਾਂ ਪੁੱਛਿਆ। ਉਸ ਨੇ ਆਪਣਾ ਨਾਂ 'ਧੀਰਾ' ਦੱਸਿਆ ਤੇ ਇਹ ਵੀ ਦੱਸਿਆ ਕਿ ਉਹ ਜਲੰਧਰ ਦੇ ਲਾਗੇ ਕਿਸੇ ਪਿੰਡ ਦਾ ਰਹਿਣ ਵਾਲਾ ਹੈ। ਧੀਰਾ ਪੰਜਤਾਲੀ ਕੁ ਸਾਲ ਦੀ ਔਰਤ ਕੋਲ ਜਾ ਕੇ ਖੜੋ ਗਿਆ। ਆਂਟੀ ਤੇ ਉਸਦਾ ਤੇਰਾਂ-ਚੌਦਾਂ ਸਾਲ ਦਾ ਲੜਕਾ ਇੰਗਲੈਂਡ ਵਿੱਚ ਪੱਕੇ ਤੌਰ 'ਤੇ ਰਹਿੰਦੇ ਸਨ। ਆਂਟੀ ਥੋੜ੍ਹੀ ਦੇਰ ਪਹਿਲਾਂ ਹੀ ਏਅਰਪੋਰਟ ਦੇ ਬਾਹਰ ਉਸ ਨੂੰ ਮਿਲੀ ਸੀ। ਉਹ ਮੁਸਕਰਾ ਕੇ ਧੀਰੇ ਨੂੰ ਕਹਿਣ ਲੱਗੀ, "ਫ਼ਿਕਰ ਨਾ ਕਰਨਾ, ਜੇ ਕੋਈ ਮੁਸ਼ਕਿਲ ਹੋਏ ਤਾਂ ਮੈਂ ਤੁਹਾਡੇ ਨਾਲ ਹਾਂ।" ਮੈਂ ਉਨ੍ਹਾਂ ਨੂੰ ਉੱਥੇ ਛੱਡ ਕੇ ਇਕੱਲਾ ਹੀ ਆਪਣੇ ਸਾਮਾਨ ਦਾ ਵੇਟ ਕਰਵਾਉਣਾ ਤੁਰ ਪਿਆ। ਉਂਝ ਵੀ ਮੈਂ ਭੀੜ ਨਾਲੋਂ ਇਕੱਲਾ ਰਹਿਣਾ ਪਸੰਦ ਕਰਦਾ ਹਾਂ।

ਬੋਰਡਿੰਗ ਪਾਸ ਲੈ ਕੇ ਜਦੋਂ ਮੈਂ ਵਿਹਲਾ ਹੋਇਆ ਤਾਂ ਮੈਂ ਸ਼ੀਸ਼ਿਆਂ ਵਿਚੋਂ ਬਾਹਰ ਖੜ੍ਹੇ ਲੋਕਾਂ ਵੱਲ ਨਜ਼ਰ ਮਾਰੀ। ਡੈਡੀ ਨੂੰ ਮੈਂ ਜਿੱਥੇ ਖੜੋਤਾ ਛੱਡ ਕੇ ਆਇਆ ਸਾਂ, ਉਹ ਅਜੇ ਵੀ ਉਥੇ ਖੜੋਤੇ ਹੋਏ ਸੀ। ਮੈਨੂੰ ਉਨ੍ਹਾਂ 'ਤੇ ਇੱਕ ਪਲ ਖਿਝ ਵੀ ਆਈ ਕਿ ਉਹ ਭਲਾ ਉਥੇ ਡੇਢ ਘੰਟੇ ਤੋਂ ਖੜੋਤੇ ਕੀ ਕਰ ਰਹੇ ਹਨ। ਨਾ ਉਹ ਅੰਦਰ ਆ ਸਕਦੇ ਸਨ ਤੇ ਨਾ ਹੀ ਬਾਹਰ ਜਾਣਾ ਸੀ। ਇਸ ਲਈ ਉਨ੍ਹਾਂ ਨੂੰ ਹੁਣ ਤੱਕ ਵਾਪਸ ਚਲੇ ਜਾਣਾ ਚਾਹੀਦਾ ਸੀ। ਪਰ ਫੇਰ ਮੈਨੂੰ ਉਨ੍ਹਾਂ ਦੀ ਆਪਣੇ ਪ੍ਰਤੀ ਫ਼ਿਕਰਮੰਦੀ ਵੇਖ ਕੇ ਪਿਆਰ ਵੀ ਆਇਆ। ਮੈਂ ਦਰਵਾਜ਼ੇ ਦੇ ਸਾਹਮਣੇ ਜਾ ਕੇ ਉਨ੍ਹਾਂ ਵੱਲ ਹਰੀ ਝੰਡੀ ਦੇ ਅੰਦਾਜ਼ ਵਿੱਚ ਹੱਥ ਹਿਲਾਇਆ ਅਤੇ ਉਨ੍ਹਾਂ ਨੂੰ ਜਾਣ ਦਾ ਇਸ਼ਾਰਾ ਕੀਤਾ। ਉਹ ਵੀ ਮੇਰੇ ਵੱਲ ਵੇਖ ਕੇ ਮੁਸਕਰਾਏ ਤੇ ਅਲਵਿਦਾਈ ਹੱਥ ਹਿਲਾਇਆ। ਹੁਣ ਮੈਂ ਇਮੀਗਰੇਸ਼ਨ ਦੀ ਲਾਈਨ ਵਿੱਚ ਲੱਗ ਗਿਆ। ਇਹ ਮੇਰੇ ਫਾਈਨਲ ਇਮਤਿਹਾਨ ਦੀ ਘੜੀ ਸੀ। ਸੁਣਿਆ ਹੋਇਆ ਸੀ ਕਿ ਇਮੀਗਰੇਸ਼ਨ ਵਾਲੇ ਨੌਜਵਾਨ ਅਤੇ ਅਣਵਿਆਹੇ ਮੁੰਡਿਆਂ ਨੂੰ ਜ਼ਿਆਦਾ ਊਟ-ਪਟਾਂਗ ਸਵਾਲ ਪੁੱਛ ਕੇ ਤੰਗ ਕਰਦੇ ਹਨ ਤੇ ਉਨ੍ਹਾਂ ਕੋਲੋਂ ਪੈਸੇ ਵੀ ਝਾੜ ਲੈਂਦੇ ਹਨ।

ਇਕ ਬਜ਼ੁਰਗ ਵਿਅਕਤੀ ਨੂੰ ਇਮੀਗਰੇਸ਼ਨ ਅਫ਼ਸਰ ਇਹ ਕਹਿ ਰਿਹਾ ਸੀ ਕਿ ਪਾਸਪੋਰਟ ਉੱਤੇ ਲੱਗੀ ਫੋਟੋ ਤਾਂ ਉਸ ਦੀ ਹੈ ਹੀ ਨਹੀਂ। ਉਹ ਬਜ਼ੁਰਗ ਪ੍ਰੇਸ਼ਾਨ ਅਤੇ ਦੁਖੀ ਹੋਇਆ ਹੈਰਾਨੀ ਵਿੱਚ ਕਹਿ ਰਿਹਾ ਸੀ ਕਿ ਉਸ ਦੀ ਆਪਣੀ ਕਿਸੇ ਫੋਟੋ ਹੋਰ ਵਿਅਕਤੀ ਦੀ ਕਿਵੇਂ ਹੋ ਸਕਦੀ ਹੈ। ਫਿਰ ਉਨ੍ਹਾਂ ਵਿਚੋਂ ਇੱਕ ਜਣਾ ਉਸ ਬਜ਼ੁਰਗ ਨੂੰ ਪਾਸੇ ਲੈ ਗਿਆ। ਉਸ ਤੋਂ ਪਿਛੇ ਇੰਗਲੈਂਡ ਰਹਿੰਦੀ ਆਂਟੀ ਤੇ ਉਸ ਦਾ ਪੁੱਤਰ ਸਨ। ਉਹ ਛੇਤੀ ਵਿਹਲੇ ਹੋ ਗਏ। ਹੁਣ ਧੀਰੇ ਦੀ ਵਾਰੀ ਸੀ। ਧੀਰੇ ਨੂੰ ਵੀ ਉਸ ਨੇ ਪੁੱਠੇ-ਸਿੱਧੇ ਸੁਆਲ ਕਰਨੇ ਸ਼ੁਰੂ ਕਰ ਦਿੱਤੇ। ਧੀਰੇ ਦੇ ਮਾਂ ਪਿਓ ਨੇ ਬਾਹਰ ਖੜ੍ਹਿਆਂ ਮੇਰੇ ਸਾਹਮਣੇ ਹੀ ਉਸ ਨੂੰ ਆਖਿਆ ਸੀ, "ਜੇ ਤੰਗ ਕਰਨਗੇ ਤਾਂ ਹਜ਼ਾਰ ਦੋ ਹਜ਼ਾਰ ਮੱਥੇ ਮਾਰੀਂ।"

ਧੀਰੇ ਨੇ ਉਹ ਫਾਰਮੂਲਾ ਵਰਤਦਿਆਂ ਅਧਿਕਾਰੀ ਨੂੰ ਇਸ਼ਾਰਾ ਕੀਤਾ ਤਾਂ ਉਸ ਨੇ ਧੀਰੇ ਨੂੰ ਕਿਹਾ, "ਦੋ ਹਜ਼ਾਰ ਰੁਪਏ ਹੌਲੀ ਜਿਹੀ ਮੈਨੂੰ ਫੜਾ ਦੇ।" ਛੇਤੀ ਹੀ ਸੌਦਾ ਇੱਕ ਹਜ਼ਾਰ 'ਤੇ ਮੁੱਕ ਗਿਆ। ਮੈਂ ਦੂਰੋਂ ਇਹ ਸਭ ਕੁਝ ਦੇਖ ਰਿਹਾ ਸਾਂ।

ਹੁਣ ਮੇਰੀ ਵਾਰੀ ਸੀ।

ਮੈਂ ਧੜਕਦੇ ਦਿਲ ਨਾਲ ਅੱਗੇ ਹੋਇਆ। ਉਸ ਨੇ ਮੇਰਾ ਪਾਸਪੋਰਟ ਵੇਖ ਕੇ ਮੈਨੂੰ ਪੁੱਛਿਆ, "ਤੂੰ ਕੀ ਕੰਮ ਕਰਦਾ ਹੈਂ?"

ਮੈਂ ਥੋੜ੍ਹਾ ਜਿਹਾ ਸੋਚ ਕੇ ਜੁਆਬ ਦਿੱਤਾ, "ਮੈਂ ਅਖ਼ਬਾਰ ਵਿੱਚ ਲਿਖਦਾ ਹਾਂ।"

"ਤੂੰ ਰਿਪੋਰਟਰ ਹੈਂ?"

ਉਸ ਨੇ ਆਪ ਹੀ ਜਿਵੇਂ ਮੈਨੂੰ ਜੁਆਬ ਸੁਝਾ ਦਿੱਤਾ ਸੀ, ਮੈਂ 'ਹਾਂ' ਵਿੱਚ ਮੁਸਕਰਾ ਕੇ ਜੁਆਬ ਦਿੱਤਾ।

ਉਹ ਪੁੱਛਣ ਲੱਗਾ, "ਕਿਸ ਨਾਮ ਪੇ ਲਿਖਤੇ ਹੋ ਆਪ?"

ਮੈਂ ਦੱਸਿਆ "ਸੁਪਨਦੀਪ ਸੰਧੂ" ਉਹ ਕਹਿਣ ਲੱਗਾ, "ਆਗੇ ਸੇ ਮੈਂ ਭੀ ਆਪ ਕੇ ਆਰਟੀਕਲ ਪੜ੍ਹੂੰਗਾ।"

ਮੈਂ ਮਨ ਹੀ ਮਨ ਵਿੱਚ ਹੱਸਿਆ ਕਿ ਉਹ ਮੈਨੂੰ ਕਿੱਡਾ ਵੱਡਾ ਪੱਤਰਕਾਰ ਸਮਝੀ ਬੈਠਾ ਹੈ। ਪਰ ਪੱਤਰਕਾਰ ਹੋਣ ਦਾ ਮੇਰਾ ਇਹ ਤੀਰ ਚੱਲ ਗਿਆ ਸੀ ਤੇ ਮੈਂ ਹੱਸ ਕੇ ਸਾਹਮਣੇ ਖੜੋਤੇ ਧੀਰੇ ਨੂੰ ਜਾ ਮਿਲਿਆ ਜੋ ਆਂਟੀ ਸਮੇਤ ਮੈਨੂੰ ਉਡੀਕ ਰਿਹਾ ਸੀ। ਹੁਣ ਅਸੀਂ ਅੱਧੇ ਘੰਟੇ ਲਈ ਵਿਹਲੇ ਸਾਂ। ਮੈਂ ਮੁਨਾਸਿਬ ਮੌਕਾ ਸਮਝ ਕੇ ਏਅਰਪੋਰਟ ਵਿਚਲੀ ਐਸ.ਟੀ.ਡੀ. ਤੋਂ ਘਰ ਫੋਨ ਮਿਲਾਇਆ ਤੇ ਮੰਮੀ ਨੂੰ ਦੱਸਿਆ ਕਿ ਮੈਂ ਕਲੀਅਰ ਹੋ ਕੇ ਜਹਾਜ਼ ਚੜ੍ਹਨ ਦੀ ਤਿਆਰੀ ਵਿੱਚ ਹਾਂ।

ਹੱਥਲੇ ਸਾਮਾਨ ਦੀ ਚੈਕਿੰਗ ਕਰਵਾਉਣ ਤੋਂ ਬਾਅਦ ਅਸੀਂ ਅੰਦਰ ਜਾ ਕੇ ਕੁਰਸੀਆਂ 'ਤੇ ਬੈਠੇ ਆਪਸ ਵਿੱਚ ਗੱਲਾਂ-ਬਾਤਾਂ ਕਰਨ ਲੱਗੇ। ਮੇਰਾ ਧੀਰੇ ਅਤੇ ਆਂਟੀ ਦਾ ਨਿੱਕਾ ਜਿਹਾ ਗਰੁੱਪ ਬਣ ਗਿਆ



Sri Satguru Jagjit Singh Ji eLibrary NamdhariElibrary@gmail.com

ਸੀ। ਕੁਝ ਚਿਰ ਪਿਛੋਂ ਜਹਾਜ਼ ਵਿੱਚ ਸਵਾਰ ਹੋਣ ਲਈ ਆਵਾਜ਼ ਪਈ। ਮੇਰੀ ਜ਼ਿੰਦਗੀ ਦਾ ਇੱਕ ਬਹੁਤ ਵੱਡਾ ਸੁਪਨਾ ਪੂਰਾ ਹੋਣ ਜਾ ਰਿਹਾ ਸੀ। ਮੈਂ ਹੁਣ ਤੱਕ ਉਡਦੇ ਜਹਾਜ਼ ਵੇਖੇ ਸਨ, ਪਰ ਅੱਜ ਜਹਾਜ਼ ਵਿੱਚ ਬੈਠ ਕੇ ਮੈਂ ਉਡਣਾ ਸੀ। ਜਹਾਜ਼ ਅੰਦਰ ਦਾਖਿਲ ਹੁੰਦਿਆਂ ਹੀ ਸਾਹਮਣੇ ਖੜ੍ਹੀ ਉਜ਼ਬੇਕ ਏਅਰਲਾਈਨਜ਼ ਦੀ ਹਰੇ ਰੰਗ ਦੇ ਕੱਪੜਿਆਂ ਵਿੱਚ ਫੱਬਦੀ ਗੋਰੇ ਰੰਗ ਦੀ ਸਿਹਤਮੰਦ ਹੋਸਟੈੱਸ ਨੇ ਜੀ ਆਇਆਂ ਦੇ ਅੰਦਾਜ਼ ਵਿੱਚ ਮੁਸਕਰਾ ਕੇ ਸਾਡਾ ਸਵਾਗਤ ਕੀਤਾ ਤੇ ਫਿਰ ਜਹਾਜ਼ ਵਿੱਚ ਬੈਠਣ ਲਈ ਇਸ਼ਾਰਾ ਕੀਤਾ। ਮੇਰੀ ਸੀਟ ਖਿੜਕੀ ਨਾਲ ਸੀ ਤੇ ਧੀਰੇ ਦੀ ਮੇਰੇ ਸੱਜੇ ਹੱਥ ਸੀ। ਜਹਾਜ਼ ਲੱਗਭੱਗ ਅੱਧਾ ਖਾਲੀ ਸੀ। ਹੁਣ ਮੈਂ ਜਹਾਜ਼ ਉੱਡਣ ਦੀ ਇੰਤਜ਼ਾਰ ਕਰ ਰਿਹਾ ਸਾਂ। ਲਗਭਗ ਬਾਰਾਂ ਵਜੇ ਸਾਡਾ ਜਹਾਜ਼ ਹੌਲੀ ਜਿਹੀ ਹਿਲਿਆ। ਮੇਰੇ ਦਿਲ ਨੂੰ ਵੀ ਖ਼ੁਸ਼ੀ ਦਾ ਝਟਕਾ ਜਿਹਾ ਲੱਗਾ। ਜਹਾਜ਼ ਹੌਲੀ-ਹੌਲੀ ਬੱਸ ਵਾਂਗ ਪੱਟੜੀ ਉੱਤੇ ਚੜ੍ਹਨ ਲੱਗਾ। ਮੇਰੇ ਸਾਹਮਣੇ ਪੱਟੜੀ 'ਤੇ ਬ੍ਰਿਟਿਸ਼ ਏਅਰਵੇਜ਼ ਦਾ ਇੱਕ ਜਹਾਜ਼ ਤੇਜ਼ੀ ਨਾਲ ਪੱਟੜੀ 'ਤੇ ਦੌੜਨ ਲੱਗਾ ਤੇ ਫਿਰ ਇਕਦਮ ਧਰਤੀ ਤੇ ਅਸਮਾਨ ਵੱਲ ਟੇਢਾ ਕੋਣ ਬਣਾਉਂਦਾ ਹੋਇਆ ਬੱਦਲਾਂ ਵਿੱਚ ਜਾ ਕੇ ਛੁਪ ਗਿਆ।

ਫਿਰ ਸਾਡਾ ਜਹਾਜ਼ ਵੀ ਹੌਲੀ-ਹੌਲੀ ਰਨਵੇਅ 'ਤੇ ਆਇਆ ਤੇ ਇਕਦਮ ਸੌ ਮੀਟਰ ਦੇ ਦੌੜਾਕ ਵਾਂਗ ਪੂਰੀ ਤੇਜ਼ ਗਤੀ ਵਿੱਚ ਦੌੜਿਆ ਤੇ ਫਿਰ ਹੌਲੀ ਜਿਹੀ ਝਟਕਾ ਮਾਰ ਕੇ ਜ਼ਮੀਨ ਤੋਂ ਉੱਪਰ ਉੱਠ ਪਿਆ। ਜਹਾਜ਼ ਦੇ ਨਾਲ ਮੇਰਾ ਵੀ ਦਿਲ ਉਤਸ਼ਾਹ ਵਿੱਚ ਉਤਾਂਹ-ਉਤਾਂਹ ਚੜ੍ਹਦਾ ਜਾ ਰਿਹਾ ਸੀ। ਮੈਂ ਜਹਾਜ਼ ਤੋਂ ਖਿੜਕੀ ਰਾਹੀਂ ਹੇਠਾਂ ਨਜ਼ਰ ਮਾਰੀ। ਹੇਠਾਂ ਦਿੱਲੀ ਦੇ ਛੋਟੇ-ਛੋਟੇ ਡੱਬੀਆਂ ਵਰਗੇ ਘਰ ਨਜ਼ਰ ਆ ਰਹੇ ਸਨ। ਮੈਨੂੰ ਯਾਦ ਆਇਆ ਪਿਛਲੀ ਦਿਨੀਂ ਡੈਡੀ ਆਖ ਰਹੇ ਸਨ, "ਤੇਰੀ ਉਮਰ ਤੱਕ ਮੈਂ ਅਜੇ ਦਿੱਲੀ ਨਹੀਂ ਸੀ ਵੇਖੀ।"

ਮੈਂ ਮਨ ਹੀ ਮਨ ਉਨ੍ਹਾਂ ਨੂੰ ਦਿੱਤੇ ਜੁਆਬ ਨੂੰ ਸੋਚ ਕੇ ਮੁਸਕਰਾਇਆ, "ਤੁਹਾਡੇ ਵੇਲੇ ਹੋਰ ਸਨ ਤੇ ਸਾਡੇ ਹੋਰ।"

ਇੰਨੇ ਚਿਰ ਨੂੰ ਏਅਰਹੋਸਟੈੱਸ ਸਾਡੇ ਲਈ ਜੂਸ ਲੈ ਕੇ ਪਹੁੰਚ ਗਈ। ਜੂਸ ਪੀਂਦਾ ਮੈਂ ਖਿੜਕੀ ਵਿਚੋਂ ਹੇਠਾਂ ਵੇਖ ਰਿਹਾ ਸਾਂ। ਤਸਵੀਰਾਂ ਵਿੱਚ ਚਿਤਰੇ ਖੇਤਾਂ ਵਾਂਗ ਥੱਲੇ ਹਰਿਆਲੇ ਖੇਤ ਦਿਸ ਰਹੇ ਸਨ।

ਫਿਰ ਸਾਡਾ ਜਹਾਜ਼ ਬੱਦਲਾਂ ਉੱਤੋਂ ਦੀ ਉੱਡਣ ਲੱਗਾ। ਥੱਲੇ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਮੈਂ ਅੱਖਾਂ ਬੰਦ ਕਰਕੇ ਕਦੀ ਕਲਪਨਾ ਵਿੱਚ ਵਸਿਆ ਹੋਇਆ ਲੰਡਨ ਵੇਖ ਰਿਹਾ ਸਾਂ ਤੇ ਕਦੀ ਬਚਪਨ ਵਿੱਚ ਆਪਣੇ ਪਿੰਡ ਸੁਰ ਸਿੰਘ ਵਾਲੇ ਘਰ ਵਿੱਚ ਖਿਡੌਣਾ ਜਹਾਜ਼ ਨੂੰ ਚਾਬੀ ਦੇ ਕੇ ਫਰਸ਼ ਉੱਤੇ ਰੇੜ੍ਹ ਰਿਹਾਂ ਸਾਂ। ਅੱਖਾਂ ਖੋਲ੍ਹੀਆਂ ਤਾਂ ਜਹਾਜ਼ ਪਹਾੜਾਂ ਉੱਤੋਂ ਉੱਡਦਾ ਜਾ ਰਿਹਾ ਸੀ। ਏਅਰ ਹੋਸਟੈੱਸਾਂ ਖਾਣ ਪੀਣ ਦਾ ਸਾਮਾਨ ਵਰਤਾ ਰਹੀਆਂ ਸਨ। ਸੁਪਨਿਆਂ ਵਿੱਚ ਗਵਾਚੇ ਨੂੰ ਉਦੋਂ ਹੀ ਪਤਾ ਲੱਗਾ ਜਦੋਂ ਜਹਾਜ਼ ਵਿਚੋਂ ਸੂਚਨਾ ਦਿੱਤੀ ਗਈ ਕਿ ਅਸੀਂ ਤਾਸ਼ਕੰਦ ਉਤਰ ਰਹੇ ਹਾਂ। ਸਾਡਾ ਜਹਾਜ਼ ਚਮਕਦੀ ਧੁੱਪ ਵਿੱਚ ਲਿਸ਼ਕ ਰਹੇ ਖ਼ੂਬਸੂਰਤ ਸ਼ਹਿਰ ਤਾਸ਼ਕੰਦ ਉੱਤੇ ਉੱਡ ਰਿਹਾ ਸੀ।

ਤਾਸ਼ਕੰਦ ਤੋਂ ਅਸੀਂ ਨਵੇਂ ਜਹਾਜ਼ ਵਿੱਚ ਬੈਠਣਾ ਸੀ। ਲਗਭਗ ਇੱਕ ਘੰਟੇ ਬਾਅਦ ਸਾਡਾ ਜਹਾਜ਼ ਤਾਸ਼ਕੰਦ ਤੋਂ ਉਡਿਆ। ਇਹ ਜਹਾਜ਼ ਪਹਿਲੇ ਜਹਾਜ਼ ਨਾਲੋਂ ਵੱਡਾ ਅਤੇ ਸੋਹਣਾ ਸੀ। ਇਸ ਵਿੱਚ ਹੋਰ ਵੀ ਨਵੇਂ ਮੁਸਾਫਿਰ ਤਾਸ਼ਕੰਦ ਤੋਂ ਸਵਾਰ ਹੋਏ।

ਆਂਟੀ ਦਿਲਚਸਪ ਅਤੇ ਮੇਹਰਬਾਨ ਔਰਤ ਸੀ। ਉਹ ਸਫ਼ਰ ਵਿੱਚ ਸਾਡਾ ਖਿਆਲ ਰੱਖਦੀ ਆਈ ਸੀ ਤੇ ਲੋੜ ਪੈਣ 'ਤੇ ਸਾਡੀ ਅਗਵਾਈ ਵੀ ਕਰਦੀ ਰਹੀ। ਹੁਣ ਮੈਂ ਆਂਟੀ ਕੋਲ ਬੈਠ ਕੇ ਉਸ ਨਾਲ ਗੱਪਾਂ ਮਾਰਨ ਲੱਗਾ। ਆਂਟੀ ਦਾ ਲੜਕਾ ਅਤੇ ਧੀਰਾ ਟੀ.ਵੀ. 'ਤੇ ਲੱਗੀ ਫ਼ਿਲਮ ਵੇਖ ਰਹੇ ਸਨ। ਆਂਟੀ ਨੇ ਦੱਸਿਆ ਕਿ ਉਹ ਵੀ ਸਾਊਥਹਾਲ ਹੀ ਰਹਿੰਦੀ ਹੈ ਤੇ ਮੈਂ ਕਿਸੇ ਦਿਨ ਫੋਨ ਕਰਕੇ ਉਸਨੂੰ ਮਿਲਣ ਜ਼ਰੂਰ ਆਵਾਂ। ਉਸਨੇ ਮੈਨੂੰ ਲੰਡਨ ਸ਼ਹਿਰ, ਉਥੇ ਵਸਦੇ ਆਪਣੇ ਲੋਕਾਂ ਤੇ ਉਨ੍ਹਾਂ ਦੇ ਕੰਮਾਂ ਕਾਰਾਂ ਤੇ ਜੀਵਨ ਢੰਗਾਂ ਬਾਰੇ ਦੱਸਿਆ। ਪਹਿਲਾਂ-ਪਹਿਲਾਂ ਓਪਰੀ ਲੱਗਦੀ ਆਂਟੀ ਹੁਣ ਮੈਨੂੰ ਆਪਣੀ-ਆਪਣੀ ਲੱਗਣ ਲੱਗੀ। ਮੈਂ ਉਹਦੀਆਂ ਗੱਲਾਂ ਦੇ ਨਾਲ-ਨਾਲ ਹੀ ਲੰਡਨ ਵਿੱਚ ਫਿਰਦਾ ਮਹਿਸੂਸ ਕਰ ਰਿਹਾ ਸਾਂ ਤੇ ਮੇਰਾ ਮਨ ਕਈ ਤਰ੍ਹਾਂ ਦੇ ਚਾਵਾਂ ਨਾਲ ਭਰਿਆ ਹੋਇਆ ਸੀ।

ਟੈਲੀਵੀਜ਼ਨ ਦੀ ਸਕਰੀਨ ਦੱਸ ਰਹੀ ਸੀ ਕਿ ਅਸੀਂ ਸਮੁੰਦਰ ਉੱਤੋਂ ਦੀ ਲੰਘ ਰਹੇ ਹਾਂ। ਲੰਡਨ ਹੁਣ ਬਹੁਤੀ ਦੂਰ ਨਹੀਂ ਸੀ ਰਹਿ ਗਿਆ। ਬਾਹਰ ਬੱਦਲ ਹੀ ਬੱਦਲ ਸਨ ਤੇ ਸ਼ਾਮ ਦਾ ਘੁਸਮੁਸਾ ਚਾਰੇ ਪਾਸੇ ਫੈਲ ਰਿਹਾ ਸੀ ਤੇ ਹੇਠਾਂ ਕੁਝ ਨਜ਼ਰ ਨਹੀਂ ਸੀ ਆ ਰਿਹਾ। ਕੁਝ ਸਮੇਂ ਬਾਅਦ ਸੂਚਨਾ ਦਿੱਤੀ ਗਈ ਕਿ ਹੁਣ ਅਸੀਂ ਲੰਡਨ ਪਹੁੰਚ ਗਏ ਸਾਂ। ਮੈਂ ਉਤਸੁਕਤਾ ਨਾਲ ਥੱਲੇ ਵੇਖਿਆ ਪਰ ਬੱਦਲਾਂ ਤੋਂ ਸਿਵਾਏ ਕੁਝ ਵੀ ਨਾ ਦਿਸਿਆ। ਫਿਰ ਜਹਾਜ਼ ਹੌਲੀ-ਹੌਲੀ ਥੱਲੇ ਆਉਣ ਲੱਗਾ। ਇਕਦਮ ਹੇਠੋਂ ਲੰਡਨ ਜਗਮਗਾ ਉਠਿਆ। ਜਹਾਜ਼ ਹੋਰ ਹੇਠਾਂ ਹੋਇਆ ਤਾਂ ਆਂਟੀ ਦਾ ਲੜਕਾ ਉਤਸ਼ਾਹ ਵਿੱਚ ਬੋਲਿਆ, "ਮੰਮੀ ਥੇਮਜ਼ ਰਿਵਰ। ਮੰਮੀ ਥੇਮਜ਼ ਰਿਵਰ।" ਮੈਂ ਵੀ ਉਤਸੁਕਤਾ ਨਾਲ ਹੇਠਾਂ ਵੇਖਿਆ ਥੋੜ੍ਹੀ ਦੇਰ ਬਾਅਦ ਜਹਾਜ਼ ਜਗਮਗਾਉਂਦੀਆਂ ਰੌਸ਼ਨੀਆਂ ਵਿੱਚ ਲੰਡਨ ਦੇ ਹੀਥਰੋ ਏਅਰਪੋਰਟ 'ਤੇ ਉਤਰਿਆ ਤੇ ਹੌਲੀ-ਹੌਲੀ ਰੁਕ ਗਿਆ। ਮੈਂ ਆਪਣਾ ਹੈਂਡ ਬੈਗ ਲੈ ਕੇ ਆਪਣੇ ਸਾਥੀਆਂ ਨਾਲ ਬਾਹਰ ਆਇਆ।

ਜਦੋਂ ਮੈਂ ਇਮੀਗਰੇਸ਼ਨ ਵਾਲੇ ਗੋਰੇ ਨੂੰ ਆਪਣੀ ਵਾਰੀ ਆਉਣ 'ਤੇ ਪਾਸਪੋਰਟ ਦਿੱਤਾ ਤਾਂ ਉਸ ਨੇ ਮੈਨੂੰ ਸਿਰਫ਼ ਇੰਨਾ ਹੀ ਪੁੱਛਿਆ, "ਤੁਸੀਂ ਇਥੇ ਕਿੰਨੀ ਦੇਰ ਰੁਕੋਗੇ ਅਤੇ ਕਿਸ ਦੇ ਕੋਲ ਰੁਕੋਗੇ।"

ਮੈਂ ਮਿਥਿਆ ਹੋਇਆ ਜੁਆਬ ਦਿੱਤਾ, "ਮੈਂ ਦੋ ਹਫ਼ਤੇ ਆਪਣੇ ਕਜ਼ਨ ਕੋਲ ਰੁਕਾਂਗਾ।" ਇੰਨੀ ਸੁਣਦਿਆਂ ਹੀ ਉਸ ਨੇ ਛੇ ਮਹੀਨੇ ਰਹਿਣ ਦੀ ਇਜਾਜ਼ਤ ਦੇ ਕੇ ਪਾਸਪੋਰਟ ਮੇਰੇ ਹੱਥ ਫੜਾਇਆ। ਪਾਸਪੋਰਟ ਲੈ ਕੇ ਖ਼ੁਸ਼ੀ-ਖ਼ੁਸ਼ੀ ਅੱਗੇ ਤੁਰਿਆ ਤੇ ਬੈਲਟ 'ਤੇ ਜਾ ਕੇ ਆਪਣਾ ਸੂਟਕੇਸ ਚੁਕਿਆ। ਆਂਟੀ ਤੇ ਉਸ ਦਾ ਲੜਕਾ ਇੱਥੇ ਵੀ ਆਪਣਾ ਸਾਮਾਨ ਉਤਾਰ ਕੇ ਸਾਨੂੰ ਉਡੀਕ ਰਹੇ ਸਨ। ਧੀਰਾ ਅਜੇ ਤੱਕ ਨਹੀਂ ਸੀ ਆਇਆ। ਆਂਟੀ ਮੈਨੂੰ ਵੇਖ ਕੇ ਮੁਸਕਰਾਈ ਤੇ ਕਹਿਣ ਲੱਗੀ, "ਤੂੰ ਚੱਲ ਤੈਨੂੰ ਬਾਹਰ ਲੈਣ ਆਏ ਉਡੀਕਦੇ ਹੋਣਗੇ। ਮੈਨੂੰ ਫੋਨ ਕਰਨਾ ਤੇ ਮੇਰੇ ਘਰ ਆਉਣਾ ਭੁਲਣਾ ਨਹੀਂ। ਮੈਂ ਧੀਰੇ ਨੂੰ ਉਡੀਕ ਲਵਾਂ।"

ਮੈਂ ਅਜਿਹੀ ਚੰਗੀ ਤੇ ਜ਼ਿੰਮੇਵਾਰ ਆਂਟੀ ਦੇ ਵਿਹਾਰ ਤੋਂ ਡਾਢਾ ਖ਼ੁਸ਼ ਹੋਇਆ ਤੇ ਆਪਣੀ ਟਰਾਲੀ ਰੇੜ੍ਹਦਾ ਹੋਇਆ ਉਤਸ਼ਾਹ ਵਿੱਚ ਬਾਹਰ ਨੂੰ ਤੁਰਿਆ। ਮੈਂ ਇੱਕ ਨਵੀਂ ਧਰਤੀ 'ਤੇ ਕਦਮ ਰੱਖਦਾ ਅੱਗੇ ਵੱਧ ਰਿਹਾ ਸਾਂ।

(ਚਲਦਾ)



Sri Satguru Jagjit Singh Ji eLibrary NamdhariElibrary@gmail.com

## ਡਾ. ਪੁਆਰ ਦੇ ਸਵਾਗਤ ਲਈ ਜਲੰਧਰ 'ਚ ਸਮਾਗਮ ਆਯੋਜਿਤ



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਦੇ ਅਹੁਦੇ ਤੋਂ ਹਾਲ ਹੀ ਵਿਚ ਰਿਟਾਇਰ ਹੋਏ ਡਾ. ਜੋਗਿੰਦਰ ਸਿੰਘ ਪੁਆਰ ਦਾ ਉਨ੍ਹਾਂ ਦੀ ਘਰ ਵਾਪਸੀ 'ਤੇ ਸਥਾਨਕ ਦੇਸ਼ ਭਗਤ ਯਾਦਗਰ ਹਾਲ ਵਿਖੇ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਅਤੇ ਪੰਜਾਬੀ ਲੇਖਕ ਸਭਾ ਜਲੰਧਰ ਵਲੋਂ ਹਾਰਦਿਕ ਸਵਾਗਤ ਕਰਨ ਲਈ ਇਕ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ 'ਤੇ ਬੋਲਦਿਆਂ ਪ੍ਰਸਿੱਧ ਸੁਤੰਤਰਤਾ ਸੈਨਾਨੀ ਬਾਬਾ ਭਗਤ ਸਿੰਘ ਬਿਲਗਾ ਨੇ ਡਾਕਟਰ ਪੁਆਰ ਵਲੋਂ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮੇਂ ਦੀ ਮੁਖ ਲੋੜ ਹੈ ਕਿ ਭ੍ਰਿਸ਼ਟਾਚਾਰ ਅਤੇ ਮਤਲਬਪ੍ਰਸਤੀ ਦੀ ਰਸਾਲਤ ਵਲ ਧਸਦੀ ਜਾਂਦੀ ਨਵੀਂ ਪੀੜ੍ਹੀ ਵਿਚ ਦੇਸ਼ ਭਗਤੀ ਦਾ ਜਜ਼ਬਾ ਸੁਰਜੀਤ ਕੀਤਾ ਜਾਵੇ। ਉਨ੍ਹਾਂ ਇਸ ਕਾਰਜ ਵਿਚ ਡਾਕਟਰ ਪੁਆਰ ਵਲੋਂ ਵਿਸ਼ੇਸ਼ ਯੋਗਦਾਨ ਪਾਏ ਜਾਣ ਦੀ ਉਮੀਦ ਜ਼ਾਹਰ ਕੀਤੀ।

ਕਾਮਰੇਡ ਹਰਦਿਆਲ ਚੱਠਾ ਨੇ ਸ੍ਰੀ ਪੁਆਰ ਦੀ ਜ਼ਿੰਦਗੀ ਨੂੰ ਘੋਲਾਂ ਭਰਪੂਰ ਜ਼ਿੰਦਗੀ ਦਸਦਿਆਂ ਕਿਹਾ ਕਿ ਡਾ. ਪੁਆਰ ਨੇ ਪ੍ਰੋ. ਵਾਈਸ ਚਾਂਸਲਰ ਦਾ ਅਹੁਦਾ ਸੰਭਾਲਦੇ ਹੀ ਅੱਤਵਾਦੀ ਸਰਗਰਮੀਆਂ ਦਾ ਡਟ ਕੇ ਟਾਕਰਾ ਕਰਦਿਆਂ ਪੰਜਾਬੀ ਯੂਨੀਵਰਸਿਟੀ ਨੂੰ ਤਰੱਕੀ ਦੇ ਰਾਹਾਂ ਉਤੇ ਪਾਇਆ। ਉਨ੍ਹਾਂ ਯੂਨੀਵਰਸਿਟੀਆਂ ਵਿਚ ਬਿਨਾਂ ਕਿਸੇ ਜੋੜ-ਤੋੜ ਜਾਂ ਕਿਸੇ ਸਮਝੌਤੇ ਦੇ ਵਧੀਆ ਮਾਹੌਲ ਪੈਦਾ ਕੀਤਾ। ਪ੍ਰਸਿੱਧ ਕਵੀ ਹਰਭਜਨ ਹਲਵਾਰਵੀ ਸੰਪਾਦਕ ਅੱਜ ਦੀ ਆਵਾਜ਼ ਨੇ ਡਾ. ਪੁਆਰ ਨੂੰ ਜੀ ਆਇਆ ਕਹਿੰਦਿਆਂ ਉਮੀਦ ਜ਼ਾਹਰ ਕੀਤੀ ਕਿ ਸਿਹਤ ਅਤੇ ਦਿਮਾਗ ਪੱਖੋਂ ਚੰਗੇ ਹੋਣ ਕਾਰਨ ਉਨ੍ਹਾਂ ਤੋਂ ਮੁਲਕ ਦੀ ਬਿਹਤਰੀ ਲਈ ਵਧੇਰੇ ਯੋਗਦਾਨ ਪਾਉਣ ਦੀ ਆਸ ਕੀਤੀ ਜਾ ਜਾ ਸਕਦੀ ਹੈ।

ਸ੍ਰੀ ਹਲਵਾਰਵੀ ਨੇ ਅਫ਼ਸਰਸ਼ਾਹੀ ਰਵੱਈਏ ਤੋਂ ਮੁਕਤ ਰਹਿਣ ਦੀ ਵੀ ਸ਼ਲਾਘਾ ਕਰਦਿਆਂ ਛੋਟੀਆਂ-ਛੋਟੀਆਂ ਗੱਲਾਂ ਤੋਂ ਉਪਰ ਉਠ ਕੇ ਪੰਜਾਬੀ ਸਾਹਿਤਕਾਰਾਂ ਨੂੰ ਸਨਮਾਨ ਦੇਣਾ ਡਾ. ਪੁਆਰ ਦੀ ਵਿਸ਼ੇਸ਼ ਪ੍ਰਾਪਤੀ ਕਰਾਰ ਦਿੱਤਾ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਐਸ. ਪੀ. ਸਿੰਘ ਗੁਰੂ ਨਾਨਕ ਯੂਨੀਵਰਸਿਟੀ ਦੇ ਕਾਮਰੇਡ ਗੰਧਰਵ ਸੇਨ ਜਨ. ਸਕੱਤਰ ਦੇਸ਼ ਭਗਤ ਯਾਦਗਾਰ ਹਾਲ ਕਮੇਟੀ, ਡਾ. ਗੁਰਕ੍ਰਿਪਾਲ ਸੇਖੋਂ, ਡਾ. ਨਰਿੰਦਰ ਸਿੰਘ ਕਪੂਰ ਮੁਖੀ ਜਰਨਲਿਸਟ ਵਿਭਾਗ ਪੰਜਾਬੀ ਯੂਨੀਵਰਸਿਟੀ, ਪ੍ਰੋ. ਨਿਰੰਜਨ ਸਿੰਘ ਢੇਸੀ, ਪ੍ਰਿੰਸੀਪਲ ਆਰ. ਐਸ. ਕੁਮਾਰ, ਡਾ. ਐੱਚ. ਐੱਸ ਦਿਓਲ, ਪ੍ਰੋ. ਗੁਜਰਾਨੀ ਪਟਿਆਲਾ, ਪ੍ਰੋ. ਖਹਿਰਾ, ਪ੍ਰੋ. ਬੱਲ, ਪ੍ਰੋ. ਮਾਨ, ਪ੍ਰਿੰਸੀਪਲ ਸਵਰਨ ਸਿੰਘ ਆਦਿ ਬੁੱਧੀਜੀਵੀਆਂ ਨੇ ਆਪਣੇ ਆਕੀਦੇ 'ਤੇ ਕਾਇਮ ਰਹਿਣ, ਦੂਰਦਰਸ਼ੀ ਸੋਚ ਵਾਲੇ ਹੋਣ ਅਤੇ ਭਾਸ਼ਾ ਦੇ ਖੇਤਰ ਵਿਚ ਉਨ੍ਹਾਂ ਵਲੋਂ ਪਾਏ ਯੋਗਦਾਨ ਦੇ ਨਾਲ ਨਾਲ ਬਤੌਰ ਇਕ ਵਧੀਆ ਇਨਸਾਨ ਉਨਾਂ ਦੇ ਗੁਣਾਂ ਦਾ ਜ਼ਿਕਰ ਕਰਦਿਆਂ ਭਵਿੱਖ ਵਿਚ ਵੀ ਉਨ੍ਹਾਂ ਵਲੋਂ ਅਕਾਦਮਿਕ ਖੇਤਰਾਂ ਵਿਚ ਯੋਗਦਾਨ ਮਿਲਦਾ ਰਹਿਣ ਦੀ ਆਸ ਪ੍ਰਗਟਾਈ।

ਆਪਣਾ ਤਜਰਬਾ ਹਾਜ਼ਰੀਨ ਨਾਲ ਸਾਂਝਾ ਕਰਦਿਆਂ ਡਾਕਟਰ ਜੋਗਿੰਦਰ ਸਿੰਘ ਪੁਆਰ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਕੋਈ ਵੀ ਫਰਜ਼ ਨਿਭਾਉਂਦਿਆਂ ਕਿਸੇ ਦੀ ਵੀ ਖੁਸ਼ੀ ਅਤੇ ਕਿਸੇ ਦੀ ਵੀ ਨਰਾਜ਼ਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਸਾਨੂੰ ਕਿਸੇ ਵੀ ਤਰ੍ਹਾਂ ਦੀ ਗਲਤ ਭਾਵਨਾ ਤੋਂ ਨਿਰਲੇਪ ਰਹਿੰਦਿਆਂ ਨਿਰੰਤਰ ਪੂਰੀ ਤਨਦੇਹੀ ਨਾਲ ਆਪਣਾ ਫਰਜ਼ ਨਿਭਾਉਂਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਇਕੱਲਾ ਵਿਅਕਤੀ ਮਹਾਨ ਨਹੀਂ ਹੁੰਦਾ ਜਦੋਂ ਤਕ ਉਸ ਨੂੰ ਕੁਦਰਤ ਵਲੋਂ ਜਾਂ ਕੁਝ ਉਸ ਦੀਆਂ ਆਪਣੀਆਂ ਕੋਸ਼ਿਸ਼ਾਂ ਦੀ ਬਦੌਲਤ ਪਰਿਵਾਰ ਅਤੇ ਦੋਸਤਾਂ ਮਿਤਰਾਂ ਦਾ ਪੂਰਾ ਸਹਿਯੋਗ ਨਹੀਂ ਮਿਲਦਾ।

ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸ. ਜਗਦੀਸ਼ ਸਿੰਘ ਵਰਿਆਮ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਉਘੇ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਬਾ-ਖੂਬੀ ਨਿਭਾਈ। ਹਾਜ਼ਰ ਸ਼ਖਸੀਅਤਾਂ ਵਿਚੋਂ ਹੋਰਨਾਂ ਤੋਂ ਇਲਾਵਾ ਕਾਮਰੇਡ ਗੁਰਮੀਤ ਸਿੰਘ, ਡੀ. ਬੀ. ਰਾਏ, ਬਾਬਾ ਬੰਨੋਆਣਾ, ਡਾ. ਬਲਦੇਵ ਚੀਮਾ ਸੁਰਿੰਦਰ ਭੈਣ ਜੀ,ਆਦਿ ਦੇ ਨਾਂ ਵੀ ਜ਼ਿਕਰਯੋਗ ਹਨ।


### ਕੰਨਿਆਂ ਦੀ ਲੋੜ

Wanted Immigrant Girl Settled in U.S.A., Canada, U.K., Thailand. For. Gursikh-Engineer-Computer Graduate. Age-30½ Yrs. 5'-7"= Teetotaller-Pureveg. Address - Jathedar. Dr.- Harbhajan Singh Bhogal. 9-337 - Mohalla Shakti Nagar.
Behind Satya Home. Rly Road Banga City.
Distt. Nawan Shahar. E. Punjab India-144505
Tel-Call Baljit Singh Bhogal
0172-221691-10 A.M. to 1-30 P.M.4 Pm to 7 Pm Or "—261237-10 Am to 7 Pm
Sunday Close.





Sri Satguru Jagjit Singh Ji eLibrary NamdhariElibrary@gmail.com

# ਨੂਰ ਸ਼ਰਧਾਂਜਲੀ ਸਮਾਗਮ

ਕੌਮਾਂਤਰੀ ਪ੍ਰਸਿੱਧੀ ਰੱਖਣ ਵਾਲੇ ਪ੍ਰਗਤੀਵਾਦੀ ਅਤੇ ਪ੍ਰਵਾਸੀ ਸ਼ਾਇਰ ਸ੍ਰੀ ਨਿਰੰਜਣ ਸਿੰਘ ਨੂਰ ਨੂੰ ਸ਼ਰਧਾਂਜਲੀ ਦੇਣ ਹਿਤ ਉਨ੍ਹਾਂ ਦੇ ਜੱਦੀ ਪਿੰਡ ਸ਼ਾਲਾਪੁਰ ਬੇਟ ਵਿਖੇ ਇਕ ਸ਼ਰਧਾਂਜਲੀ ਸਮਾਗਮ ਦਾ ਆਯੋਜਿਨ ਕੀਤਾ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਭਾਈ ਜਰਨੈਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਇਸ ਸਮੇਂ ਡਾ. ਉਪਿੰਦਰਜੀਤ ਕੌਰ ਤਕਨੀਕੀ ਸਿਖਿਆ ਮੰਤਰੀ ਪੰਜਾਬ ਨੇ ਨੂਰ ਦੀ ਸ਼ਖਸੀਅਤ ਨੂੰ ਲਾਸਾਨੀ ਆਖਦਿਆਂ ਸ਼ਰਧਾਂਜਲੀ ਭੇਟ ਕੀਤੀ । ਉਪਰੰਤ ਸ. ਜਗਦੀਸ਼ ਸਿੰਘ ਸੰਪਾਦਕ ਵਰਿਆਮ ਅਤੇ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ ਜਲੰਧਰ ਨੇ ਸ੍ਰੀ ਨੂਰ ਦੀ ਸ਼ਖਸੀਅਤ ਦੇ ਕਈ ਪੱਖਾਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਨੂੰ ਮਾਨਵੀ ਹਿੱਤਾਂ ਲਈ ਜੂਝਦੇ ਪੀੜਤ ਮਾਨਵ ਦਾ ਸ਼ਾਇਰ ਆਖਿਆ। ਸ. ਹਰਭਜਨ ਸਿੰਘ ਹੁੰਦਲ, ਸ੍ਰੀ ਸੁਰਿੰਦਰ ਗਿੱਲ, ਕੰਵਰ ਇਮਤਿਆਜ਼, ਡਾ. ਬਲਜੀਤ ਕੌਰ, ਕੈਪਟਨ ਜੈਪਾਲ ਸਿੰਘ ਐਸ. ਡੀ. ਐਮ., ਪ੍ਰੋ. ਹਰਜਿੰਦਰ ਸਿੰਘ ਅਟਵਾਲ, ਸ. ਸਾਧੂ ਸਿੰਘ ਬਾਜਵਾ ਵਿਧਾਇਕ, ਸ. ਨਿਰੰਜਣ ਸਿੰਘ, ਡਾ. ਡੀ. ਪੀ. ਰਾਏ ਮੁਖੀ ਪੰਜਾਬੀ ਵਿਭਾਗ ਦੋਆਬਾ ਕਾਲਜ ਜਲੰਧਰ, ਮਹਾਂਵੀਰ ਸਿੰਘ ਦਰਦੀ, ਅਨੂਪ ਸਿੰਘ ਨੂਰੀ, ਸ੍ਰੀ ਧਰਮਵੀਰ ਸਿੰਘ ਫ਼ਤਿਆਬਾਦ, ਪੱਤਰਕਾਰ ਨਰਿੰਦਰ ਸੋਨੀਆਂ, ਨਾਸਿਰ ਕਰਤਾਰਪੁਰੀ ਸੰਪਾਦਕ ਅਚੰਭਾ, ਡਾ. ਆਸਾ ਸਿੰਘ ਆਦਿ ਪ੍ਰਮੁਖ ਵਿਅਕਤੀਆਂ ਨੇ ਸ਼ਰਧਾਂਜਲੀ ਭੇਟ ਕੀਤੀਆਂ ਅਤੇ ਨੂਰ ਦੀ ਸਖਸ਼ੀਅਤ ਨੂੰ ਆਪੋ ਆਪਣੇ ਦ੍ਰਿਸ਼ਟੀਕੋਣ ਅਨੁਸਾਰ ਉਭਾਰਿਆ।

ਪ੍ਰੋ. ਚਰਨ ਸਿੰਘ ਪ੍ਰਧਾਨ ਕਾਂਗਰਸ ਕਮੇਟੀ ਜ਼ਿਲ੍ਹਾ ਕਪੂਰਥਲਾ ਨੇ ਇਸ ਸਮੇਂ ਇਹ ਯਕੀਨ ਦੁਆਇਆ ਕਿ ਉਹ ਸ੍ਰੀ ਨਿਰੰਜਨ ਸਿੰਘ ਨੂਰ ਦੀ ਅਣਛਪੀ ਪੁਸਤਕ 'ਜਲਵਤਨ ਪੰਜਾਬ' ਸ਼ਹੀਦ ਊਧਮ ਸਿੰਘ ਟਰਸਟ ਵਲੋਂ ਛਾਪਣ ਦਾ ਪੂਰਾ ਖਰਚ ਦੇਣਗੇ ਅਤੇ ਇਸ ਪੁਸਤਕ ਦੀਆਂ ਪੰਜ ਹਜ਼ਾਰ ਕਾਪੀਆਂ ਵੀ ਆਪਣੇ ਅਦਾਰੇ ਲਈ ਖਰੀਦਣਗੇ। ਉਨ੍ਹਾਂ ਆਖਿਆ ਕਿ ਸ੍ਰੀ ਨਿਰੰਜਣ ਸਿੰਘ ਨੂਰ ਦੀ ਲੇਖਣੀ ਉਪਰ ਪੀ. ਐਚ. ਡੀ. ਕਰਨ ਵਾਲੇ ਖੋਜੀ ਨੂੰ 5100/- ਰੁਪਏ ਪ੍ਰਦਾਨ ਕੀਤੇ ਜਾਇਆ ਕਰਨਗੇ। ਬਾਬਾ ਦਰਬਾਰਾ ਸਿੰਘ ਕਾਲਜ ਵਿਚ ਬਣ ਰਹੀ ਲਾਇਬ੍ਰੇਰੀ ਦਾ ਨਾਂ ਸ੍. ਨਿਰੰਜਣ ਸਿੰਘ ਨੂਰ ਦੀ ਯਾਦ ਨਾਲ ਜੋੜਿਆ ਜਾਵੇਗਾ ਅਤੇ ਪੰਜਾਬੀ ਵਿਚ ਵਧੀਆ ਕੰਮ ਕਰਨ ਵਾਲੇ ਵਿਦਵਾਨ ਨੂੰ ਵੀ ਮਾਨ ਸਨਮਾਨ ਦਿੱਤਾ ਜਾਇਆ ਕਰੇਗਾ।

ਇਸ ਸਮੇਂ ਉਹਨਾਂ ਦੇ ਵੱਡੇ ਭਰਾ ਸ੍ਰੀ ਕਰਤਾਰ ਸਿੰਘ ਸਾਬਕਾ ਸਰਪੰਚ, ਪ੍ਰੀਤਮ ਸਿੰਘ, ਭਤੀਜਾ ਜਰਨੈਲ ਸਿੰਘ ਅਤੇ ਚੰਦੀ ਪਰਿਵਾਰ ਦੇ ਰਿਸ਼ਤੇਦਾਰਾਂ ਅਤੇ ਨੂਰ ਦੇ ਪ੍ਰੇਮੀਆਂ ਦਾ ਵੱਡਾ ਇਕੱਠ ਹਾਜ਼ਰ ਸੀ।

**ਕੰਵਰ ਇਮਤਿਆਜ਼**


GOLD MEDAL WINNER

**JAYSON®**

**ELECTRIC MOTORS**

FOR Agriculture, Domestic and Industrial Uses

(1982-1983)

EXHAUST FANS
9",12",15",18",24"
Our Range Includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi 501634





Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ : ੫੯੮੯੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

ਬਚਨ ਸਿੰਘ ਐਂਡ ਸਨਜ਼

ਨਿਊ ਟਿੰਬਰ ਮਾਰਕੀਟ.
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਬਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ, ਪੜਤਲ,
ਚੀਲ ਆਦਿ ਵੇਚਣ ਵਾਲੇ

ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੈਂਟਸ)

**DALIP SINGH PURAN SINGH SAGGU**

*(Timber Merchants)*

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Ph. : 58795, 59056
Mobile Ph.: 9814060489 Pager 96124089

JANTA
HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
● RUBBER MOULDING
● CONVEYOR & TRANSMISSION BELTING
● PLYWOOD HOT PRESSES
● DEEP DRAWING
● CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

ਹਰਭਜਨ ਵੁੱਡ ਵਰਕਸ

ਇਕਹਿਰੀ ਪੁਲੀ, ਜਲੰਧਰ-੧੪੪੦੦੪
ਫੋਨ- ੨੩੮੭੮੪

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੁਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਇਕਹਿਰੀ ਪੁਲੀ, ਜਲੰਧਰ ਸ਼ਹਿਰ

*ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ*



Sri Satguru Jagjit Singh Ji eLibrary NamdhariElibrary@gmail.com

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**NAMDHARI BROTHERS**

DALTON GANJ (BIHAR)

Prop.
*S. Ajit Singh Namdhari*

੧ਓ
ਸ੍ਰੀ ਸਤਿਗੁਰ ਰਾਮ ਸਿੰਘ ਜੀ ਸਹਾਇ

*Turn Turn- 220010*

Makah Singh Saggu

**TECHNO INDUSTRIES**

**ਟੈਕਨੋ ਇੰਡਸਟਰੀਜ਼**

Manufacturers, Fabricators & Exporters
Industrial Chain Sprockets & Sugar Mill

Spares All Types of Graded Casting &
Machinery parts

E.D. 311, Old Railway Road,
Jalandhar-144001

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ Office – 5411940, 5451969, 502061
Resi. – 5455011, 5440079

**NAMDHARI MARBLE CO.**

Supplier of:–

*Kota Stone, Red Agra, Mandana, Marble ,*
*Dhaulpur & Gwalior Buch*
*Prop. S. Daya Singh Bhui*

**WZ-2, MANSAROVER GARDEN, RING ROAD,**
**NEW DELHI-110015**





Sri Satguru Jagjit Singh Ji eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

# MODERN GUN WORKS

OPP. INDUSTRIAL ESTATE,
JAMMU CANTT.

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

# Namdhari Sales

10240/54, Library Road, Azad Market, Delhi-11006




Sri Satguru Jagjit Singh Ji eLibrary NamdhariElibrary@gmail.com

Registered No. PB/JL-253 MONTHLY WARIAM AUGUST 1999
Ladowali Road, Jalandhar-144 001.
Registered with the Registrar of News papers for India. RNI No. 26453/75

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ

# ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਂਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

Office : 2968411, 2961345 Resi : 6845441

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI-110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ [illegible] ਤੋਂ ਪ੍ਰਕਾਸ਼ਿਤ ਕੀਤਾ। ਫੋਨ: [illegible] 56289

Sri Satguru Jagjit Singh Ji eLibrary NamdhariElibrary@gmail.com